Watch
PUNJAB MAIL USA
TV Channel
On IP box, App, Website
For Advertisment
916-320-9444



A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA








Vol. 18, Issue- 801, 09 to 15 May, 2024, Ph: 916-320-9444, E-mail: punjabmailusa@yahoo.com, Web: punjabmailusa.com


## ਪੰਜਾਬ ਦੇ 13 ਲੋਕ ਸਭਾ ਹਲਕਿਆਂ 'ਚ ਕੁੱਲ 2.14 ਕਰੋੜ ਵੋਟਰ: ਸਿਬਿਨ ਸੀ



**ਲੋਕ ਸਭਾ ਚੋਣਾਂ-2024**

- ਸੂਬੇ 'ਚ ਕੁੱਲ 24,451 ਪੋਲਿੰਗ ਸਟੇਸ਼ਨ
- 5.28 ਲੱਖ ਵੋਟਰ ਪਹਿਲੀ ਵਾਰ ਪਾਉਣਗੇ ਵੋਟ
- 1.89 ਲੱਖ ਵੋਟਰਾਂ ਦੀ ਉਮਰ 85 ਸਾਲ ਤੋਂ ਵੱਧ
- 'ਇਸ ਵਾਰ 70 ਪਾਰ' ਦੇ ਟੀਚੇ ਦੀ ਪੂਰਤੀ ਲਈ ਵੋਟਰਾਂ ਨੂੰ ਵੱਧ-ਚੜ੍ਹ ਕੇ ਵੋਟਾਂ ਪਾਉਣ ਦੀ ਅਪੀਲ

**ਚੰਡੀਗੜ੍ਹ, (ਪੰਜਾਬ ਮੇਲ)-** ਲੋਕ ਸਭਾ ਚੋਣਾਂ 2024 ਲਈ ਪੰਜਾਬ ਵਿਚ ਨਾਮਜ਼ਦਗੀਆਂ ਭਰਨ ਦਾ ਸਿਲਸਿਲਾ ਸ਼ੁਰੂ ਹੋ ਚੁੱਕਾ ਹੈ ਅਤੇ 14 ਮਈ ਤੱਕ ਜਾਰੀ ਰਹੇਗਾ। 11 ਅਤੇ 12 ਮਈ ਨੂੰ ਛੁੱਟੀਆਂ ਹੋਣ ਕਰਕੇ ਕਾਗਜ਼ ਜਮ੍ਹਾਂ ਨਹੀਂ ਹੋਣਗੇ। 15 ਮਈ ਨੂੰ ਕਾਗਜ਼ਾਂ ਦੀ ਪੜਤਾਲ ਹੋਵੇਗੀ ਅਤੇ 17 ਮਈ ਉਮੀਦਵਾਰੀ ਵਾਪਸ ਲੈਣ ਦੀ ਅੰਤਿਮ ਤਾਰੀਖ ਹੈ। 1 ਜੂਨ ਨੂੰ ਪੰਜਾਬ ਦੀਆਂ ਸਾਰੀਆਂ 13 ਲੋਕ ਸਭਾ ਸੀਟਾਂ 'ਤੇ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਵੋਟਾਂ ਪੈਣਗੀਆਂ।

ਜ਼ਿਆਦਾ ਜਾਣਕਾਰੀ ਦਿੰਦਿਆਂ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ 4 ਮਈ ਪੰਜਾਬ ਵਿਚ ਨਵੀਆਂ ਵੋਟਾਂ ਬਣਾਉਣ ਦੀ ਅੰਤਿਮ ਤਾਰੀਖ ਸੀ ਅਤੇ 6 ਮਈ ਨੂੰ ਜਾਰੀ ਕੀਤੀ ਗਈ ਵੋਟਰ ਸੂਚੀ ਅਨੁਸਾਰ ਪੰਜਾਬ ਵਿਚ ਕੁੱਲ ਵੋਟਰਾਂ ਦੀ ਗਿਣਤੀ 2 ਕਰੋੜ 14 ਲੱਖ 21 ਹਜ਼ਾਰ 555 (2,14,21,555) ਹੈ। ਇਸ ਵਿਚ 1 ਕਰੋੜ 12 ਲੱਖ 67 ਹਜ਼ਾਰ 19 (1,12,67,019) ਮਰਦ ਵੋਟਰ, 1 ਕਰੋੜ 1 ਲੱਖ 53 ਹਜ਼ਾਰ 767 (1,01,53,803) ਮਹਿਲਾ ਵੋਟਰ ਅਤੇ 769 ਹੋਰ ਵੋਟਰ ਹਨ। 4 ਮਈ ਤੱਕ ਨਵੀਆਂ ਵੋਟਾਂ ਬਣਨ ਲਈ ਜਮ੍ਹਾਂ ਕਰਵਾਏ ਗਏ ਫਾਰਮਾਂ ਦਾ

■ ਬਾਕੀ ਖਬਰ ਸਫਾ 19 'ਤੇ

## ਟਰੰਪ ਜਿੱਤਣ ਤੋਂ ਬਾਅਦ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਕੱਢਣਗੇ

**■ ਮੁੜ ਸੱਤਾ 'ਚ ਆਉਣ 'ਤੇ 'ਲਗਭਗ 20 ਮਿਲੀਅਨ' ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਕੱਢਣ ਦੀ ਖਾਧੀ ਸਹੁੰ**



**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)-** ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੇਸ਼ ਭਰ ਵਿਚ ਲੱਖਾਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਅਗਲੇ ਸਾਲ ਮੁੜ ਸੱਤਾ ਵਿਚ ਵਾਪਸ ਆਉਣ 'ਤੇ ਅਮਰੀਕੀ ਇਤਿਹਾਸ ਵਿਚ "ਸਭ ਤੋਂ ਵੱਡੇ ਸਮੂਹਿਕ ਦੇਸ਼ ਨਿਕਾਲੇ ਦੀ ਕੋਸ਼ਿਸ਼" ਪ੍ਰਦਾਨ ਕਰਨ ਦੀ ਸਹੁੰ ਖਾਧੀ ਹੈ। 45ਵੇਂ ਰਾਸ਼ਟਰਪਤੀ ਨੇ ਆਪਣੇ ਦੇਸ਼ ਨਿਕਾਲੇ ਦੇ ਏਜੰਡੇ ਬਾਰੇ ਅਕਸਰ ਗੱਲ ਕੀਤੀ ਹੈ ਅਤੇ ਹਾਲ ਹੀ ਵਿਚ ਇੱਕ ਟਾਈਮ ਮੈਗਜ਼ੀਨ ਦੀ ਇੰਟਰਵਿਊ ਵਿਚ ਸੰਕੇਤ ਦਿੱਤਾ ਹੈ ਕਿ ਉਹ ਆਪਣੀ ਯੋਜਨਾ ਨੂੰ ਪੂਰਾ ਕਰਨ ਲਈ ਸਥਾਨਕ ਕਾਨੂੰਨ ਲਾਗੂ ਕਰਨ ਵਾਲੇ, ਨੈਸ਼ਨਲ ਗਾਰਡ ਅਤੇ ਫੌਜ ਦੀ ਮਦਦ ਅਤੇ ਲਾਭ ਉਠਾਉਣਗੇ। ਸਾਬਕਾ ਰਾਸ਼ਟਰਪਤੀ ਡਵਾਈਟ ਆਈਜ਼ਨਹਾਵਰ ਦੇ ਅਧੀਨ ਜਿਸ ਨੇ 1954 ਵਿਚ 1 ਮਿਲੀਅਨ ਤੋਂ ਵੱਧ ਪ੍ਰਵਾਸੀਆਂ ਨੂੰ ਬਾਹਰ ਕੱਢਿਆ ਸੀ।

ਟਰੰਪ 2024 ਦੀ ਮੁਹਿੰਮ ਨੇ ਇਸ ਵੇਰਵਿਆਂ ਵਿਚ ਸ਼ਾਮਲ ਨਹੀਂ ਕੀਤਾ ਹੈ ਕਿ "ਲਗਭਗ 20 ਮਿਲੀਅਨ" ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਕੱਢਣ ਅਤੇ ਹਿਰਾਸਤ ਵਿਚ ਲੈਣ ਅਤੇ ਦੇਸ਼ ਨਿਕਾਲਾ ਦੇਣ ਲਈ ਕਿਹੜੇ ਸਰੋਤਾਂ ਦੀ ਜ਼ਰੂਰਤ ਹੋਏਗੀ, ਜੋ ਉਹ ਕਹਿੰਦੇ ਹਨ ਕਿ ਵਰਤਮਾਨ ਵਿਚ ਅਮਰੀਕਾ ਵਿਚ ਹਨ। ਆਈ.ਸੀ.ਈ. ਦੇ ਸਾਬਕਾ ਅਧਿਕਾਰੀਆਂ ਨੇ ਦੱਸਿਆ ਇਹ ਇੱਕ ਵੱਡੇ ਆਪ੍ਰੇਸ਼ਨ ਨੂੰ ਪੂਰਾ ਕਰਨ ਲਈ ਇਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ ਦੇ ਵੱਡੇ ਵਿਸਥਾਰ, ਸਟੇਟ ਡਿਪਾਰਟਮੈਂਟ ਦੇ ਨਾਲ ਸਹਿਯੋਗ ਅਤੇ ਕਾਂਗਰਸ ਤੋਂ ਫੰਡਿੰਗ ਵਿਚ ਵਾਧਾ ਦੀ ਲੋੜ ਹੋਵੇਗੀ। ਬਾਇਡਨ ਪ੍ਰਸ਼ਾਸਨ ਦੇ ਅਧੀਨ ਅਮਰੀਕਾ ਵਿਚ ਦਾਖਲ

■ ਬਾਕੀ ਖਬਰ ਸਫਾ 19 'ਤੇ

## ਕੈਨੇਡਾ 'ਚ ਪ੍ਰਵਾਸੀ ਭਾਰਤੀਆਂ ਨੂੰ ਲੁੱਟਣ ਵਾਲੀ ਔਰਤ ਸਲਾਖਾਂ ਪਿੱਛੇ

**■ ਡੇਢ ਸਾਲ ਦੀ ਸ਼ਰਤੀਆ ਸਜ਼ਾ ਦੇ ਨਾਲ ਛੇ ਮਹੀਨੇ ਦੀ ਨਜ਼ਰਬੰਦੀ; 1.48 ਲੱਖ ਡਾਲਰ ਹੋਇਆ ਜ਼ੁਰਮਾਨਾ**



**ਓਨਟਾਰੀਓ, (ਪੰਜਾਬ ਮੇਲ)-** ਭਾਰਤੀ ਅਕਸਰ ਪੜ੍ਹਾਈ ਜਾਂ ਕੰਮ ਕਰਨ ਲਈ ਕੈਨੇਡਾ ਜਾਂਦੇ ਸਮੇਂ ਧੋਖਾਧੜੀ ਦਾ ਸ਼ਿਕਾਰ ਹੋ ਜਾਂਦੇ ਹਨ। ਕੈਨੇਡਾ ਵਿਚ ਬਹੁਤ ਸਾਰੇ ਤੱਤ ਸਰਗਰਮ ਹਨ, ਜੋ ਭਾਰਤੀਆਂ ਨੂੰ ਨੌਕਰੀਆਂ ਤੋਂ ਲੈ ਕੇ ਰਿਹਾਇਸ਼ ਤੱਕ ਹਰ ਚੀਜ਼ ਦੀ ਪੇਸ਼ਕਸ਼ ਕਰਕੇ ਠੱਗਦੇ ਹਨ, ਕਈ ਵਾਰ ਪੀੜਤਾਂ ਨੂੰ ਹਜ਼ਾਰਾਂ ਡਾਲਰਾਂ ਦਾ ਖਰਚਾ ਚੁਕਾਉਣਾ ਪੈਂਦਾ ਹੈ। ਅਜਿਹੇ ਹੀ ਇੱਕ ਮਾਮਲੇ ਵਿਚ ਕੈਨੇਡਾ ਵਿਚ ਨਵੇਂ ਆਉਣ ਵਾਲਿਆਂ ਨਾਲ ਧੋਖਾਧੜੀ ਕਰਨ ਵਾਲੀ ਮਨੀਤ ਮਲਹੋਤਰਾ ਨਾਂ ਦੀ ਔਰਤ ਨੂੰ ਡੇਢ ਸਾਲ ਦੀ ਸ਼ਰਤੀਆ ਸਜ਼ਾ ਦੇ ਨਾਲ ਛੇ ਮਹੀਨੇ ਦੀ ਨਜ਼ਰਬੰਦੀ ਅਤੇ 1.48 ਲੱਖ ਡਾਲਰ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ।

ਕੈਨੇਡੀਅਨ ਮੀਡੀਆ ਦੀਆਂ ਰਿਪੋਰਟਾਂ ਮੁਤਾਬਕ ਮਨੀਤ ਮਲਹੋਤਰਾ ਨਾਂ ਦੀ ਔਰਤ ਓਨਟਾਰੀਓ ਦੀ ਰਹਿਣ ਵਾਲੀ ਹੈ, ਜਿੱਥੇ ਭਾਰਤੀਆਂ ਦੀ ਸਭ ਤੋਂ ਵੱਧ ਆਬਾਦੀ ਹੈ। ਕੈਨੇਡੀਅਨ ਬਾਰਡਰ ਸਰਵਿਸਿਜ਼ ਏਜੰਸੀ ਨੇ ਅਲਬਰਟਾ ਦੇ ਅਸਥਾਈ ਵਿਦੇਸ਼ੀ ਕਰਮਚਾਰੀ ਸਲਾਹਕਾਰ ਦਫਤਰ ਤੋਂ ਸ਼ਿਕਾਇਤ ਮਿਲਣ ਤੋਂ ਬਾਅਦ 2019 ਵਿਚ

■ ਬਾਕੀ ਖਬਰ ਸਫਾ 19 'ਤੇ

## ਯੂ.ਐੱਸ. ਸੈਨੇਟਰ ਕੋਰੀ ਬੁੱਕਰ, ਜਸਪ੍ਰੀਤ ਸਿੰਘ ਅਟਾਰਨੀ ਦੇ ਦਫਤਰ ਪਹੁੰਚੇ

**■ ਅਮਰੀਕਾ ਦੀ ਇਮੀਗ੍ਰੇਸ਼ਨ ਅਤੇ ਸਿੱਖ ਮਸਲਿਆਂ ਬਾਰੇ ਹੋਏ ਵਿਚਾਰ**






ਯੂ.ਐੱਸ. ਸੈਨੇਟਰ ਕੋਰੀ ਬੁੱਕਰ ਨਾਲ ਗੱਲਬਾਤ ਕਰਦੇ ਹੋਏ ਜਸਪ੍ਰੀਤ ਸਿੰਘ ਅਟਾਰਨੀ।



ਜਸਪ੍ਰੀਤ ਸਿੰਘ ਅਟਾਰਨੀ ਦੇ ਦਫਤਰ ਵਿਖੇ ਯੂ.ਐੱਸ. ਸੈਨੇਟਰ ਕੋਰੀ ਬੁੱਕਰ, ਐਲਕ ਗਰੋਵ ਦੀ ਮੇਅਰ ਬੌਬੀ ਸਿੰਘ ਐਲਨ, ਵਾਈਸ ਮੇਅਰ ਰਾਡ ਬਰਿਊਅਰ ਅਤੇ ਹੋਰ ਪਤਵੰਤੇ ਸੱਜਣ।

**ਸੈਕਰਾਮੈਂਟੋ, (ਪੰਜਾਬ ਮੇਲ)-** ਯੂ.ਐੱਸ. ਸੈਨੇਟਰ ਕੋਰੀ ਬੁੱਕਰ ਉੱਘੇ ਵਕੀਲ ਜਸਪ੍ਰੀਤ ਸਿੰਘ ਅਟਾਰਨੀ ਦੇ ਦਫਤਰ ਪਹੁੰਚੇ, ਜਿੱਥੇ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐਲਕ ਗਰੋਵ ਦੀ ਮੇਅਰ ਬੌਬੀ ਸਿੰਘ ਐਲਨ, ਵਾਈਸ ਮੇਅਰ ਰਾਡ ਬਰਿਊਅਰ, ਗੁਰਜਤਿੰਦਰ ਸਿੰਘ ਰੰਧਾਵਾ, ਗੁਲਿੰਦਰ ਗਿੱਲ, ਗੁਰਚਰਨ ਸਿੰਘ ਬਸਰਾ, ਮਕਸੂਦ ਅਲੀ ਅਤੇ ਆਸਿਫ ਮਹਿਮੂਦ ਹਾਜ਼ਰ ਸਨ। ਇਸ ਦੌਰਾਨ ਜਸਪ੍ਰੀਤ ਸਿੰਘ ਅਟਾਰਨੀ ਨੇ ਅਮਰੀਕਾ ਵਿਚ ਇਮੀਗ੍ਰੇਸ਼ਨ ਸੰਬੰਧੀ ਬਹੁਤ ਸਾਰੇ ਮਸਲੇ ਸੈਨੇਟਰ ਕੋਰੀ ਬੁੱਕਰ ਦੇ ਸਨਮੁੱਖ ਰੱਖੇ, ਜਿਨ੍ਹਾਂ ਵਿਚ ਇਮੀਗ੍ਰੇਸ਼ਨ 'ਚ ਪੈਦਾ ਹੋਏ ਬੈਕਲਾਗ ਨੂੰ ਤੇਜ਼ ਕਰਨਾ, ਕੋਵਿਡ ਅਤੇ ਹੋਰ ਕਾਰਨਾਂ ਕਰਕੇ ਪਿੱਛੇ ਪਏ ਕੇਸਾਂ ਨੂੰ ਜਲਦ ਨਿਪਟਾਉਣ ਦੀ ਅਪੀਲ ਕੀਤੀ ਗਈ। ਉਨ੍ਹਾਂ ਦੱਸਿਆ ਕਿ ਫੈਮਿਲੀ ਕੇਸ ਬਹੁਤ ਪਿੱਛੇ ਪੈ ਗਏ ਹਨ, ਜਿਸ ਕਰਕੇ ਪਰਿਵਾਰਾਂ ਨੂੰ ਬੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤੋਂ ਇਲਾਵਾ ਅਟਾਰਨੀ ਜਸਪ੍ਰੀਤ ਸਿੰਘ ਨੇ ਪਿਛਲੇ ਦਿਨਾਂ ਦੌਰਾਨ ਅਮਰੀਕਾ ਅਤੇ ਕੈਨੇਡਾ ਵਿਚ ਸਿੱਖਾਂ 'ਤੇ ਹੋ ਰਹੇ ਹਮਲਿਆਂ ਬਾਰੇ ਵੀ ਸੈਨੇਟਰ ਕੋਰੀ ਬੁੱਕਰ ਨੂੰ ਜਾਣਕਾਰੀ ਦਿੱਤੀ ਗਈ, ਜਿਸ ਨੂੰ ਉਨ੍ਹਾਂ ਨੇ ਬੜੇ ਧਿਆਨ ਨਾਲ ਸੁਣਿਆ। ਉਨ੍ਹਾਂ ਕਿਹਾ ਕਿ ਉਹ ਇਨ੍ਹਾਂ ਮਸਲਿਆਂ ਨੂੰ ਹੱਲ ਕਰਨ ਲਈ ਵਿਸ਼ੇਸ਼ ਕਦਮ ਚੁੱਕਣਗੇ।

ਜ਼ਿਕਰਯੋਗ ਹੈ ਕਿ ਸੈਨੇਟਰ ਕੋਰੀ ਬੁੱਕਰ ਨੇ ਹਮੇਸ਼ਾ ਹੀ ਵਿਦੇਸ਼ੀ ਮਾਮਲਿਆਂ ਬਾਰੇ ਅਤੇ ਸਥਾਨਕ ਸੁਰੱਖਿਆ ਬਾਰੇ ਮੁੱਦੇ ਉਠਾਏ ਹਨ।

## ਪਰਿਵਾਰ ਨੂੰ ਮਾਰਨ ਦੀ ਕੋਸ਼ਿਸ਼ ਹੇਠ ਜੇਲ੍ਹ 'ਚ ਬੰਦ ਭਾਰਤੀ ਵਿਅਕਤੀ ਦੀ ਪਤਨੀ ਨੇ ਬਦਲੇ ਬਿਆਨ!



**■ ਕਿਹਾ: ਮਾਨਸਿਕ ਰੋਗ ਨਾਲ ਪੀੜ੍ਹਤ ਹੋਣ ਕਰਕੇ ਵਾਪਰਿਆ ਹਾਦਸਾ**



**ਰੈਡਵੁੱਡ ਸਿਟੀ (ਕੈਲੀਫੋਰਨੀਆ), (ਪੰਜਾਬ ਮੇਲ)-** ਕੈਲੀਫੋਰਨੀਆ ਦੇ ਪੈਸਾਡੇਨਾ ਦੇ 42 ਸਾਲਾ ਡਾ. ਧਰਮੇਸ਼ ਪਟੇਲ ਨੇ ਪਿਛਲੇ ਸਾਲ 2 ਜਨਵਰੀ, 2023 ਨੂੰ ਆਪਣੇ ਸਮੇਤ, ਆਪਣੀ ਪਤਨੀ ਅਤੇ ਦੋ ਬੱਚਿਆਂ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਸੀ। ਇਹ ਪਰਿਵਾਰ ਉਸ ਵਕਤ ਟੈਸਲਾ ਗੱਡੀ ਵਿਚ ਕਿਤੇ ਜਾ ਰਿਹਾ ਸੀ ਕਿ ਡਾ. ਧਰਮੇਸ਼ ਪਟੇਲ ਨੇ ਅਚਾਨਕ ਰਸਤੇ ਵਿਚ ਆਈ ਇਕ ਚੱਟਾਨ ਤੋਂ ਆਪਣੀ ਗੱਡੀ 250 ਫੁੱਟ ਹੇਠਾਂ ਸੁੱਟ ਦਿੱਤੀ। ਪਰ ਉਸ ਵਕਤ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਬਾਅਦ ਵਿਚ ਸੁਰੱਖਿਆ ਦਸਤਿਆਂ ਨੇ ਪਰਿਵਾਰ ਨੂੰ ਬਾਹਰ ਕੱਢਿਆ ਅਤੇ ਡਾ. ਧਰਮੇਸ਼ ਪਟੇਲ ਨੂੰ ਇਰਾਦਾ ਕਤਲ ਦੇ ਕੇਸ 'ਚ ਹਿਰਾਸਤ 'ਚ ਲੈ ਲਿਆ, ਜੋ ਕਿ ਹਾਲੇ ਤੱਕ ਵੀ ਜੇਲ੍ਹ ਵਿਚ ਹੈ।

ਹੁਣ ਉਸ ਦੀ ਪਤਨੀ ਨੇਹਾ ਪਟੇਲ ਨੇ ਅਦਾਲਤ ਵਿਚ ਆਪਣੀ ਗਵਾਹੀ ਦੌਰਾਨ ਆਪਣੇ ਬਿਆਨ ਬਦਲਦਿਆਂ ਕਿਹਾ ਕਿ ਇਹ ਕੋਈ ਕਤਲ ਦੀ ਕੋਸ਼ਿਸ਼ ਨਹੀਂ ਸੀ। ਨੇਹਾ ਨੇ ਭਾਵੁਕ ਹੁੰਦਿਆਂ ਕਿਹਾ ਕਿ ਮੇਰਾ ਪਤੀ ਮਾਨਸਿਕ ਰੋਗ ਨਾਲ ਪੀੜਤ ਹੈ, ਜਿਸ ਕਰਕੇ ਇਹ ਘਟਨਾ ਘਟੀ। ਉਸ ਨੇ ਅਦਾਲਤ ਨੂੰ ਇਹ ਵੀ ਕਿਹਾ ਕਿ ਮੈਂ ਤੇ ਮੇਰੇ ਬੱਚੇ ਡਾ. ਧਰਮੇਸ਼ ਪਟੇਲ ਤੋਂ ਬਗੈਰ ਨਹੀਂ ਰਹਿ ਸਕਦੇ। ਉਸ ਨੇ ਕਿਹਾ ਕਿ ਮਾਨਸਿਕ ਰੋਗ ਦੇ ਇਲਾਜ ਤੋਂ ਬਾਅਦ ਉਹ ਨਾਰਮਲ ਹੋ ਜਾਵੇਗਾ ਅਤੇ ਹਾਲਾਤ ਬਦਲ ਜਾਣਗੇ। ਡਾ. ਧਰਮੇਸ਼ ਪਟੇਲ ਦੇ ਵਕੀਲਾਂ ਨੇ ਅਦਾਲਤ ਨੂੰ ਅਪੀਲ ਕੀਤੀ ਕਿ ਉਸ ਨੂੰ ਮਾਨਸਿਕ ਸਿਹਤ ਡਾਇਵਰਸ਼ਨ ਪ੍ਰੋਗਰਾਮ ਵਿਚ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਜਾਵੇ, ਜਿਸ ਵਿਚ ਦੋ ਸਾਲਾਂ ਦਾ ਇਲਾਜ ਸ਼ਾਮਲ ਹੈ, ਜੋਕਿ ਜੇਕਰ ਪੂਰਾ ਹੋ ਜਾਂਦਾ ਹੈ, ਅਤੇ ਉਸ ਦੇ ਦੋਸ਼ ਹਟਾ ਦਿੱਤੇ ਜਾਣ।

## ਮਸ਼ਹੂਰ ਬਿਊਟੀ ਕੁਈਨ ਦਾ ਗੋਲੀਆਂ ਮਾਰ ਕੇ ਕਤਲ

**■ ਕਾਤਲਾਂ ਨੂੰ ਇੰਸਟਾਗ੍ਰਾਮ ਪੋਸਟ 'ਚ ਲੋਕੇਸ਼ਨ ਦਾ ਲੱਗਿਆ ਪਤਾ**



**ਕੋਸਟਾ ਰਿਕਾ, (ਪੰਜਾਬ ਮੇਲ)-** ਸਾਬਕਾ ਮਿਸ ਇਕਵਾਡੋਰ ਪ੍ਰਤੀਯੋਗੀ ਲੈਂਡੀ ਪੈਰਾਗਾ ਗੋਇਬਰੋ ਦੀ ਦਿਨ ਦਿਹਾੜੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਲੈਂਡੀ ਦੀ ਇੱਕ ਸੀ.ਸੀ.ਟੀ.ਵੀ. ਫੁਟੇਜ ਸੋਸ਼ਲ ਮੀਡੀਆ 'ਤੇ ਸਾਹਮਣੇ ਆਈ ਹੈ, ਜਿਸ ਵਿਚ ਉਹ ਲਾਸ ਗੀਓਸ ਸੂਬੇ ਦੇ ਇੱਕ ਸ਼ਹਿਰ ਦੇ ਇੱਕ ਰੈਸਟੋਰੈਂਟ ਵਿਚ ਨਜ਼ਰ ਆ ਰਹੀ ਸੀ। ਉਦੋਂ ਅਚਾਨਕ ਕੁਝ ਹਥਿਆਰਬੰਦ ਵਿਅਕਤੀ ਆਏ ਅਤੇ ਲੈਂਡੀ ਨੂੰ ਸ਼ਰੇਆਮ ਗੋਲੀ ਮਾਰ ਦਿੱਤੀ। ਗੋਲੀ ਲੱਗਣ ਨਾਲ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਹ ਖਬਰ ਆਉਂਦੇ ਹੀ ਫੈਸ਼ਨ ਜਗਤ

■ ਬਾਕੀ ਖਬਰ ਸਫਾ 19 'ਤੇ



10 YEARS ANNIVERSARY
APCA
AMERICAN PETROLEUM AND CONVENIENCE STORE ASSOCIATION
10th Annual BUYER'S Trade Show In Fresno
on Wednesday, May 8th, 2024 From 12:30pm to 5:30pm
at Industrial Commerce Building, The Big Fresno Fair, Fresno, CA 93702
Live Performance
Asha Sharma
Satinder Satti
Wednesday, May 8th
From 6:30pm to 9:00pm
1121, S Chance Ave, Fresno, CA 93702
APCA members will receive FREE, TWO Concert tickets of $100 value each, per membership paid store. Members must attend the Trade Show at 1:30pm. Members may buy additional tickets at discounted price of $50 at ETIX.com or at Trade Show, on first come first serve basis. Fresno area Retailers visit SM Bros at 186 S West Ave, Fresno to become APCA member and get 2 Free Tickets.
Miss Pooja
VVIP & VIP TICKES CONTACT
JASBIR SARAI 209-675-0866
ANDY CHHIKARA 559-259-4006
BALWINDER SINGH 559-718-9339
Platinum Sponsor
Media Partners
SM brothers inc.
Dosanjh Family AUTO GROUP
DONAGHY SALES
jus TV
PTC PUNJABI
SPICE RADIO
Flamingo Catering & Banquet Hall
PCA
VALLEY WIDE BEVERAGE
IKP Indian Kebab Palace
Gill Insurance Agencies
PUNJAB MAIL USA TV Channel
MaxxPrinting
PB NEWS USA

# ਸੁਨੀਤਾ ਵਿਲੀਅਮਜ਼ ਤੀਜੀ ਵਾਰ ਪੁਲਾੜ 'ਚ ਨਹੀਂ ਜਾ ਸਕੀ

## ਟੇਕਆਫ ਤੋਂ ਪਹਿਲਾਂ ਪੁਲਾੜ ਯਾਨ 'ਚ ਆਈ ਤਕਨੀਕੀ ਖਰਾਬੀ




ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)- ਭਾਰਤੀ ਮੂਲ ਦੀ 58 ਸਾਲਾ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਤੀਜੀ ਵਾਰ ਪੁਲਾੜ ਵਿਚ ਜਾਣ ਲਈ ਤਿਆਰ ਸੀ ਪਰ ਬੋਇੰਗ ਸਟਾਰਲਾਈਨਰ ਪੁਲਾੜ ਯਾਨ ਵਿਚ ਤਕਨੀਕੀ ਖ਼ਰਾਬੀ ਕਾਰਨ ਉਸ ਉਡਾਣ ਨੂੰ ਕੁਝ ਸਮਾਂ ਪਹਿਲਾਂ ਮੁਲਤਵੀ ਕਰ ਦਿੱਤਾ ਗਿਆ। ਅਮਰੀਕਾ ਦੀ ਪੁਲਾੜ ਸੰਸਥਾ ਨੈਸ਼ਨਲ ਏਰੋਨਾਟਿਕਸ ਐਂਡ ਸਪੇਸ ਐਡਮਿਨਿਸਟ੍ਰੇਸ਼ਨ (ਨੈਸ਼ਨਲ ਏਰੋਨਾਟਿਕਸ ਐਂਡ ਸਪੇਸ ਐਡਮਿਨਿਸਟ੍ਰੇਸ਼ਨ -ਨਾਸਾ) ਨੇ ਕਿਹਾ ਕਿ ਰਾਕੇਟ ਦੇ ਵਾਲਵ 'ਚ ਖਰਾਬੀ ਕਾਰਨ ਇਸ ਲਾਂਚ ਨੂੰ ਰੋਕਣਾ ਪਿਆ। ਪੁਲਾੜ ਯਾਨ ਨੂੰ ਮੁੜ ਲਾਂਚ ਕਰਨ ਬਾਰੇ ਅਜੇ ਕੋਈ ਫੈਸਲਾ ਨਹੀਂ ਲਿਆ ਗਿਆ ਹੈ। ਸੁਨੀਤਾ ਵਿਲੀਅਮਜ਼ ਨੇ ਬੋਇੰਗ ਸਟਾਰਲਾਈਨਰ ਪੁਲਾੜ ਯਾਨ ਵਿਚ ਉਡਾਣ ਭਰਨੀ ਸੀ। ਇਸ ਮਿਸ਼ਨ 'ਤੇ ਉਨ੍ਹਾਂ ਦੇ ਨਾਲ ਬੈਰੀ ਯੂਜੀਨ ਬੁੱਚ ਵਿਲਮਰ ਨਾਂ ਦਾ ਇਕ ਹੋਰ ਪੁਲਾੜ ਯਾਤਰੀ ਨੇ ਵੀ ਜਾਣਾ ਸੀ। ਅਮਰੀਕੀ ਪੁਲਾੜ ਏਜੰਸੀ ਨਾਸਾ ਮੁਤਾਬਕ ਇਸ ਪੁਲਾੜ ਯਾਨ ਨੂੰ ਭਾਰਤੀ ਸਮੇਂ ਅਨੁਸਾਰ ਸਵੇਰੇ 8.04 ਵਜੇ ਕੈਨੇਡੀ ਸਪੇਸ ਸੈਂਟਰ ਤੋਂ ਲਾਂਚ ਕੀਤਾ ਜਾਣਾ ਸੀ। ਦੋ ਮੈਂਬਰੀ ਚਾਲਕ ਦਲ - ਨਾਸਾ ਦੇ ਪੁਲਾੜ ਯਾਤਰੀ ਬੁਚ ਵਿਲਮਰ ਅਤੇ ਸੁਨੀਤਾ ਵਿਲੀਅਮਜ਼ - ਲਾਂਚ ਗਤੀਵਿਧੀਆਂ ਨੂੰ ਮੁਅੱਤਲ ਕੀਤੇ ਜਾਣ ਤੋਂ ਲਗਭਗ ਇੱਕ ਘੰਟਾ ਪਹਿਲਾਂ ਪੁਲਾੜ ਯਾਨ ਵਿਚ ਆਪਣੀਆਂ ਸੀਟਾਂ 'ਤੇ ਬੰਨ੍ਹੇ ਹੋਏ ਸਨ। ਉਨ੍ਹਾਂ ਨੂੰ ਦੂਜੀ ਲਾਂਚ ਕੋਸ਼ਿਸ਼ ਦੀ ਉਡੀਕ ਕਰਨ ਲਈ ਟੈਕਨੀਸ਼ੀਅਨ ਦੁਆਰਾ ਕੈਪਸੂਲ ਤੋਂ ਬਾਹਰ ਕੱਢਣ ਵਿਚ ਮਦਦ ਕੀਤੀ ਜਾਵੇਗੀ। ਦੋਵਾਂ ਨੂੰ ਫਲੋਰੀਡਾ ਦੇ ਕੇਪ ਕੈਨਾਵੇਰਲ ਸਪੇਸ ਫੋਰਸ ਸਟੇਸ਼ਨ ਤੋਂ ਯੂਨਾਈਟਿਡ ਲਾਂਚ ਅਲਾਇੰਸ ਐਟਲਸ-ਵੀ ਰਾਕੇਟ ਦੀ ਵਰਤੋਂ ਕਰਦੇ ਹੋਏ ਲਾਂਚ ਕੀਤਾ ਜਾਣਾ ਸੀ, ਜਿਸਦੀ ਲਿਫਟਆਫ ਮੰਗਲਵਾਰ ਸਵੇਰੇ 8:04 ਵਜੇ ਨਿਰਧਾਰਤ ਕੀਤੀ ਗਈ ਸੀ। ਹਾਲਾਂਕਿ, ਲਿਫਟ ਆਫ ਤੋਂ ਸਿਰਫ 90 ਮਿੰਟ ਪਹਿਲਾਂ, ਐਟਲਸ ਵੀ ਰਾਕੇਟ ਦੀ ਲਾਂਚਿੰਗ ਨੂੰ ਰੋਕ ਦਿੱਤਾ ਗਿਆ ਸੀ। ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਘੋਸ਼ਣਾ ਕੀਤੀ ਹੈ ਕਿ ਆਕਸੀਜਨ ਰਾਹਤ ਵਾਲਵ 'ਤੇ ਗੈਰ-ਨਾਮ-ਮਾਤਰ ਸਥਿਤੀ ਸੀ, ਜਿਸ ਕਾਰਨ ਮਿਸ਼ਨ ਨੂੰ ਮੁਲਤਵੀ ਕਰ ਦਿੱਤਾ ਗਿਆ ਸੀ। ਸੁਨੀਤਾ ਵਿਲੀਅਮਜ਼ ਇਸ ਵਾਰ ਗਣੇਸ਼ ਦੀ ਮੂਰਤੀ ਨੂੰ ਪੁਲਾੜ ਵਿਚ ਲੈ ਕੇ ਜਾਵੇਗੀ। ਵਿਗਿਆਨੀਆਂ ਨੇ ਸੌਰ ਮੰਡਲ ਵਿਚ ਨੌਵੇਂ ਗ੍ਰਹਿ ਦੀ ਸੰਭਾਵਿਤ ਸਥਿਤੀ ਦੀ ਖੋਜ ਕੀਤੀ ਹੈ।

ਦੱਸਣਯੋਗ ਹੈ ਕਿ ਸੁਨੀਤਾ ਵਿਲੀਅਮਜ਼ ਦਾ ਜਨਮ ਯੂਕਲਿਡ, ਓਹਾਇਓ, ਅਮਰੀਕਾ ਵਿਚ ਭਾਰਤੀ ਮੂਲ ਦੇ ਨਿਊਰੋਏਨਾਟੋਮਿਸਟ ਦੇ ਦੀਪਕ ਪੰਡਯਾ ਅਤੇ ਬੋਨੀ ਪੰਡਯਾ ਦੇ ਘਰ ਹੋਇਆ ਸੀ। 1958 ਵਿਚ ਦੀਪਕ ਪੰਡਯਾ ਗੁਜਰਾਤ ਦੇ ਮਹਿਸਾਣਾ ਤੋਂ ਅਮਰੀਕਾ ਆ ਕੇ ਵਸ ਗਏ ਸਨ। ਸੁਨੀਤਾ ਦਾ ਜਨਮ ਸਾਲ 1965 ਵਿੱਚ ਹੋਇਆ ਸੀ। ਸੁਨੀਤਾ ਵਿਲੀਅਮਜ਼ 1987 ਵਿਚ ਯੂ.ਐੱਸ. ਨੇਵਲ ਅਕੈਡਮੀ ਤੋਂ ਗ੍ਰੈਜੂਏਟ ਹੋਣ ਤੋਂ ਬਾਅਦ ਨਾਸਾ ਵਿਚ ਸ਼ਾਮਲ ਹੋਈ। ਸਾਲ 1998 ਵਿਚ, ਉਹ ਨਾਸਾ ਵਿਚ ਇੱਕ ਪੁਲਾੜ ਯਾਤਰੀ ਵਜੋਂ ਚੁਣਿਆ ਗਿਆ ਸੀ। ਯੂ.ਐੱਸ. ਨੇਵਲ ਅਕੈਡਮੀ ਦੀ ਗ੍ਰੈਜੂਏਟ ਸੁਨੀਤਾ ਵਿਲੀਅਮਜ਼ ਨੇ ਵੀ ਲੜਾਕੂ ਜਹਾਜ਼ ਉਡਾਏ ਹਨ। ਉਸ ਕੋਲ 30 ਤਰ੍ਹਾਂ ਦੇ ਲੜਾਕੂ ਜਹਾਜ਼ਾਂ 'ਤੇ ਤਿੰਨ ਹਜ਼ਾਰ ਘੰਟੇ ਤੋਂ ਵੱਧ ਉਡਾਣ ਦਾ ਤਜ਼ਰਬਾ ਹੈ।

# ਵਿਆਹ ਦੀ 13ਵੀਂ ਵਰ੍ਹੇਗੰਢ 'ਤੇ ਔਰਤ ਨੇ ਕੀਤੀ ਖੁਦਕੁਸ਼ੀ!



ਡੇਰਾਬੱਸੀ, (ਪੰਜਾਬ ਮੇਲ)- 36 ਸਾਲਾ ਵਿਆਹੁਤਾ ਵੱਲੋਂ ਆਪਣੀ ਜੀਵਨ ਲੀਲਾ ਖ਼ਤਮ ਕਰਨ ਦੀ ਸੂਚਨਾ ਪ੍ਰਾਪਤ ਹੋਈ ਹੈ। ਜ਼ਿਕਰਯੋਗ ਹੈ ਕਿ ਮ੍ਰਿਤਕ ਔਰਤ ਗੀਤਾ ਦੇ ਵਿਆਹ ਦੀ 13ਵੀਂ ਵਰ੍ਹੇਗੰਢ ਸੀ। ਜਦੋਂ ਉਸ ਦੀ ਸਿਹਤ ਵਿਗੜਨ ਲੱਗੀ, ਤਾਂ ਉਸ ਦਾ ਪਤੀ ਖ਼ੁਦ ਉਸ ਨੂੰ ਇਕ ਨਿੱਜੀ ਹਸਪਤਾਲ ਲੈ ਗਿਆ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਡੇਰਾਬੱਸੀ ਪੁਲਿਸ ਨੇ ਸੀ.ਆਰ.ਪੀ.ਸੀ. 174 ਦੇ ਤਹਿਤ ਕਾਰਵਾਈ ਕੀਤੀ ਹੈ। ਪੁਲਿਸ ਨੇ ਲਾਸ਼ ਦਾ ਡੇਰਾਬੱਸੀ ਸਿਵਲ ਹਸਪਤਾਲ ਵਿਖੇ ਪੋਸਟਮਾਰਟਮ ਕਰਵਾਇਆ। ਜਾਣਕਾਰੀ ਅਨੁਸਾਰ ਗੀਤਾ ਵਾਸੀ ਕਰਨਾਲ ਦਾ ਵਿਆਹ 6 ਮਈ, 2011 ਨੂੰ ਯੋਗੇਸ਼ ਅੱਤਰੀ ਨਾਲ ਹੋਇਆ ਸੀ। ਪਰਿਵਾਰ 'ਚ ਉਸ ਦੇ ਦੋ ਬੱਚਿਆਂ ਵਿਚ ਇਕ 10 ਸਾਲ ਦਾ ਪੁੱਤਰ ਅਤੇ 8 ਸਾਲ ਦੀ ਧੀ ਹੈ।

ਯੋਗੇਸ਼ ਪੇਸ਼ੇ ਤੋਂ ਐਂਬੂਲੈਂਸ ਡਰਾਈਵਰ ਹੈ। ਯੋਗੇਸ਼ ਉਰਫ਼ ਮੋਨੂੰ ਵਿਆਹ ਦੀ ਵਰ੍ਹੇਗੰਢ ਵਾਲੇ ਦਿਨ ਦੁਪਹਿਰ ਵੇਲੇ ਮੋਹਾਲੀ ਗਿਆ ਸੀ। ਰਾਤ ਕਰੀਬ 8 ਵਜੇ ਘਰ ਵਾਪਸ ਆਉਂਦੇ ਸਮੇਂ ਯੋਗੇਸ਼ ਨੇ ਆਪਣੀ ਪਤਨੀ ਨੂੰ ਫੋਨ ਕਰਕੇ ਰਾਤ ਦਾ ਖਾਣਾ ਬਣਾਉਣ ਤੋਂ ਮਨਾ ਕਰ ਦਿੱਤਾ ਅਤੇ ਕਿਹਾ ਕਿ ਉਹ ਪੀਜ਼ਾ ਅਤੇ ਕੇਕ ਲੈ ਕੇ ਆ ਰਿਹਾ ਹੈ। ਇਸ 'ਤੇ ਉਸ ਦੀ ਪਤਨੀ ਗੀਤਾ ਨੇ ਜਵਾਬ ਦਿੱਤਾ ਕਿ ਹੁਣ ਕੁੱਝ ਲਿਆਉਣ ਦੀ ਲੋੜ ਨਹੀਂ ਹੈ। ਉਸ ਨੇ ਜ਼ਹਿਰੀਲੀ ਦਵਾਈ ਪੀ ਲਈ ਹੈ। ਇਸ ਤੋਂ ਬਾਅਦ ਉਸ ਫੋਨ 'ਤੇ ਆਪਣੀ ਛੋਟੀ ਭੈਣ ਨੂੰ ਸਾਰੀ ਗੱਲ ਦੱਸੀ। ਇਸ ਦੌਰਾਨ ਅੱਧੇ ਘੰਟੇ 'ਚ ਹੀ ਮੋਨੂੰ ਘਰ ਪਹੁੰਚਿਆ ਅਤੇ ਆਪਣੀ ਪਤਨੀ ਨੂੰ ਲੈ ਕੇ ਹਸਪਤਾਲ ਪਹੁੰਚ ਗਿਆ, ਜਿੱਥੇ ਉਸ ਦੀ ਮੌਤ ਹੋ ਗਈ।

# ਐਲੋਨ ਮਸਕ ਦੀ ਕੰਪਨੀ ਟੇਸਲਾ ਯੂ.ਐੱਸ.ਏ. 'ਚ 16 ਹਜ਼ਾਰ ਦੇ ਕਰੀਬ ਲੋਕਾਂ ਦੀ ਛਾਂਟੀ; ਭਾਰਤੀ ਵੀ ਸ਼ਾਮਲ




ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)- ਐਲੋਨ ਮਸਕ ਦੀ ਕੰਪਨੀ ਟੇਸਲਾ ਨੇ ਆਪਣੇ ਕਾਰੋਬਾਰ 'ਚ ਝਟਕੇ ਤੋਂ ਬਾਅਦ ਆਪਣੇ 10 ਪ੍ਰਤੀਸ਼ਤ ਸਟਾਫ ਦੀ ਛਾਂਟੀ ਦਾ ਐਲਾਨ ਕੀਤਾ ਹੈ। ਕੰਪਨੀ 'ਚੋਂ ਹੁਣ 16,000 ਦੇ ਕਰੀਬ ਲੋਕਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ, ਜਿਨ੍ਹਾਂ 'ਚ ਕੁਝ ਭਾਰਤੀ ਵੀ ਸ਼ਾਮਲ ਹਨ। ਕੰਪਨੀ ਨੇ ਪਿਛਲੇ ਮਹੀਨੇ ਹੀ ਕੁਝ ਲੋਕਾਂ ਨੂੰ ਤਰੱਕੀਆਂ ਦਿੱਤੀਆਂ ਹਨ ਅਤੇ ਇਸ ਮਹੀਨੇ ਇਹ ਝਟਕਾ ਲੱਗਾ ਹੈ। ਟੇਸਲਾ ਦੀ ਵੱਡੀ ਛਾਂਟੀ ਦਾ ਇਹ ਸਿਲਸਿਲਾ ਜਾਰੀ ਹੈ। ਟੇਸਲਾ ਵਿਚ ਸੱਤ ਸਾਲਾਂ ਤੋਂ ਕੰਮ ਕਰਨ ਵਾਲੀ ਇੱਕ ਭਾਰਤੀ ਔਰਤ ਨੂੰ ਪਿਛਲੇ ਮਹੀਨੇ ਤਰੱਕੀ ਦਿੱਤੀ ਗਈ ਸੀ। ਤਰੱਕੀ ਮਿਲਣ ਤੋਂ ਬਾਅਦ ਉਹ ਬਹੁਤ ਖੁਸ਼ ਸੀ। ਪਰ ਹੁਣ ਕੰਪਨੀ ਨੇ ਉਸ ਨੂੰ ਇੱਕ ਈਮੇਲ ਭੇਜ ਕੇ ਕਿਹਾ ਹੈ ਕਿ ਸਾਨੂੰ ਤੁਹਾਡੀ ਲੋੜ ਨਹੀਂ ਹੈ। ਤੁਹਾਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ। ਜਤਿਨ ਸੈਣੀ ਨਾਮ ਦੇ ਇੱਕ ਭਾਰਤੀ ਨੇ ਸੋਸ਼ਲ ਮੀਡੀਆ 'ਤੇ ਆਪਣੀ ਭੈਣ ਬਾਰੇ ਗੱਲ ਕੀਤੀ ਹੈ, ਜੋ ਟੇਸਲਾ ਵਿਚ ਕੰਮ ਕਰਦੀ ਸੀ। ਉਸ ਨੇ ਲਿਖਿਆ ਕਿ ਮੇਰੀ ਭੈਣ ਟੇਸਲਾ ਵਿਚ ਸੱਤ ਸਾਲਾਂ ਤੋਂ ਰਹੀ ਸੀ ਅਤੇ ਪਿਛਲੇ ਮਹੀਨੇ ਹੀ ਪ੍ਰਮੋਟ ਹੋਈ ਸੀ। ਹੁਣ ਉਸ ਨੂੰ ਬਰਖਾਸਤ ਕਰ ਦਿੱਤਾ ਗਿਆ ਹੈ। ਅਮਰੀਕਾ ਵਿਚ ਇਸ ਸਮੇਂ ਟੈਕਨਾਲੋਜੀ ਸੈਕਟਰ ਵਿਚ ਵੱਡੇ ਪੱਧਰ 'ਤੇ ਛਾਂਟੀ ਹੋ ਰਹੀ ਹੈ ਅਤੇ ਲੋਕ ਸੋਸ਼ਲ ਮੀਡੀਆ 'ਤੇ ਆਪਣਾ ਗੁੱਸਾ ਕੱਢ ਰਹੇ ਹਨ। ਇਕੱਲੇ ਅਪ੍ਰੈਲ 2024 ਵਿਚ, ਅਮਰੀਕਾ ਵਿਚ ਟੈਕਨਾਲੋਜੀ ਖੇਤਰ ਦੀਆਂ ਲਗਭਗ 50 ਕੰਪਨੀਆਂ ਤੋਂ 21,500 ਲੋਕਾਂ ਨੂੰ ਨੌਕਰੀ ਤੋਂ ਕੱਢਿਆ ਗਿਆ ਹੈ। ਛਾਂਟੀ ਪਿਛਲੇ ਮਹੀਨੇ ਸ਼ੁਰੂ ਹੋਈ ਜਦੋਂ ਟੇਸਲਾ ਨੇ ਘੋਸ਼ਣਾ ਕੀਤੀ ਕਿ ਉਹ ਆਪਣੇ ਗਲੋਬਲ ਸਟਾਫ ਦੇ 10 ਪ੍ਰਤੀਸ਼ਤ ਨੂੰ ਛਾਂਟ ਦੇਵੇਗੀ। ਟੇਸਲਾ ਦਾ ਗਲੋਬਲ ਸਟਾਫ਼ ਲਗਭਗ 1.40 ਲੱਖ ਹੈ, ਜਿਸ ਵਿਚੋਂ 14,000 ਤੋਂ ਵੱਧ ਲੋਕ ਨੌਕਰੀ ਤੋਂ ਬਾਹਰ ਹੋ ਜਾਣਗੇ। ਇਸ ਵਿਚ ਭਾਰਤੀ ਕਰਮਚਾਰੀ ਵੀ ਸ਼ਾਮਲ ਹਨ, ਜਿਨ੍ਹਾਂ ਵਿਚੋਂ ਬਹੁਤਿਆਂ ਨੇ ਕਰੀਬ ਇੱਕ ਦਹਾਕੇ ਤੋਂ ਟੇਸਲਾ ਨਾਲ ਕੰਮ ਕੀਤਾ ਹੈ। ਕੰਪਨੀ ਨੇ ਕਿਹਾ ਕਿ ਹੁਣ ਪੁਨਰਗਠਨ ਚੱਲ ਰਿਹਾ ਹੈ ਅਤੇ ਤੁਹਾਡੇ ਅਹੁਦੇ ਦੀ ਕੋਈ ਲੋੜ ਨਹੀਂ ਹੈ। ਟੇਸਲਾ ਨੇ 15 ਅਪ੍ਰੈਲ ਨੂੰ 16,000 ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢ ਦਿੱਤਾ ਸੀ। ਇਸ ਤੋਂ ਬਾਅਦ 15 ਦਿਨਾਂ ਦੇ ਅੰਦਰ 500 ਲੋਕਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਐਲੋਨ ਮਸਕ ਦੀ ਟੇਸਲਾ ਕੰਪਨੀ ਇਲੈਕਟ੍ਰਿਕ ਵਾਹਨਾਂ ਦੇ ਉਤਪਾਦਨ ਵਿਚ ਇੱਕ ਵਿਸ਼ਵ ਲੀਡਰ ਹੈ। ਇਸ ਤੋਂ ਇਲਾਵਾ ਇਹ ਸੂਰਜੀ ਊਰਜਾ ਅਤੇ ਸੈਟੇਲਾਈਟ ਨਿਰਮਾਣ ਵਿਚ ਵੀ ਸ਼ਾਮਲ ਹੈ। ਹਾਲਾਂਕਿ, ਮੰਦੀ ਨੇ ਹੁਣ ਇਸ ਦੇ ਸਾਰੇ ਕਾਰੋਬਾਰਾਂ ਨੂੰ ਮਾਰਿਆ ਹੈ ਅਤੇ ਕੰਪਨੀ ਨੇ ਸਟਾਫ ਵਿਚ 10 ਪ੍ਰਤੀਸ਼ਤ ਦੀ ਕਟੌਤੀ ਦਾ ਐਲਾਨ ਕੀਤਾ ਹੈ। ਇਸ ਕਾਰਨ ਵੱਖ-ਵੱਖ ਵਿਭਾਗਾਂ ਦੇ ਹਜ਼ਾਰਾਂ ਲੋਕ ਘਰਾਂ ਵਿਚ ਹੀ ਰਹਿਣ ਲਈ ਮਜਬੂਰ ਹਨ।


ਸੱਦਾ ਪੱਤਰ

ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਰਜਿ.)

ਸੈਕਰਾਮੈਂਟੋ/ਯੂਬਾ ਸਿਟੀ

ਵੱਲੋਂ 20ਵੀਂ

ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ

ਮਈ 19, ਐਤਵਾਰ, 2024, ਸਵੇਰੇ 9 ਵਜੇ ਤੋਂ 6 ਵਜੇ ਤੱਕ

ਸਥਾਨ : Pooja Restaurant, 1223 Merkely Ave. West Sacramento, 95691

ਪ੍ਰੋਗਰਾਮ

- ਉਦਘਾਟਨ : 9.00 ਵਜੇ ਸਵੇਰੇ
- ਕਵੀ ਸੰਮੇਲਨ : 11.00 ਵਜੇ
- ਦੁਪਹਿਰ ਦਾ ਖਾਣਾ : 1.30 ਵਜੇ
- ਪੰਜਾਬੀ ਸਾਹਿਤ ਵਿਚਾਰ ਵਟਾਂਦਰਾ : 2.00 ਵਜੇ
- ਗੀਤ ਸੰਗੀਤ : 5.00 ਵਜੇ ਸ਼ਾਮ

ਆਪ ਜੀ ਨੂੰ ਬੇਨਤੀ ਹੈ ਕਿ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ 20ਵੀਂ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਮਿਤੀ 19 ਮਈ, 2024 ਨੂੰ ਹੋ ਰਹੀ ਹੈ। ਇਸ ਮੌਕੇ ਪੰਜਾਬੀ ਸਾਹਿਤ ਬਾਰੇ ਪਰਚੇ ਪੜ੍ਹੇ ਜਾਣਗੇ। ਕਵੀ ਸੰਮੇਲਨ ਹੋਵੇਗਾ। ਪੰਜਾਬੀ ਮਾਂ ਬੋਲੀ ਬਾਰੇ ਵਿਚਾਰ ਚਰਚਾ ਹੋਵੇਗੀ। ਇਸ ਤੋਂ ਇਲਾਵਾ ਗੀਤ-ਸੰਗੀਤ ਹੋਵੇਗਾ। ਆਪ ਜੀ ਨੂੰ ਬੇਨਤੀ ਹੈ ਕਿ ਆਪ ਇਸ ਮੌਕੇ ਪਹੁੰਚ ਕੇ ਕਾਨਫਰੰਸ ਦੀ ਰੌਣਕ ਨੂੰ ਵਧਾਉ।

ਦਲਵੀਰ 'ਦਿਲ' ਨਿੱਜਰ
ਪ੍ਰਧਾਨ
916-628-2210

ਉਡੀਕਵਾਨ :
ਸਮੁੱਚੀ ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ

ਗੁਰਜਤਿੰਦਰ ਸਿੰਘ ਰੰਧਾਵਾ
ਜਨਰਲ ਸਕੱਤਰ
916-320-9444

 ਪੰਜਾਬ ਮੇਲ USA

# ਸਿਆਟਲ ਦੇ ਪੰਜਾਬੀ ਭਾਈਚਾਰੇ ਵੱਲੋਂ ਬੱਚਿਆਂ ਦੇ ਖੇਡ ਕੈਂਪ ਦੇ ਸੰਚਾਲਕ ਗੁਰਚਰਨ ਸਿੰਘ ਢਿੱਲੋਂ ਸਨਮਾਨਿਤ














**ਬੱਚਿਆਂ ਦੇ ਖੇਡ ਕੈਂਪ ਦੇ ਸੰਚਾਲਕ ਗੁਰਚਰਨ ਸਿੰਘ ਢਿੱਲੋਂ ਤੇ ਉਨ੍ਹਾਂ ਦੀ ਪਤਨੀ ਇੰਦਰਜੀਤ ਕੌਰ ਢਿੱਲੋਂ ਕੌਰ ਸਮਾਗਮ ਦੌਰਾਨ।**

**ਸਿਆਟਲ, (ਪੰਜਾਬ ਮੇਲ)-** ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਪਿਛਲੇ 15 ਸਾਲ ਤੋਂ ਬੱਚਿਆਂ ਦਾ ਖੇਡ ਕੈਂਪ ਲਗਇਆ ਜਾ ਰਿਹਾ ਹੈ, ਜਿੱਥੇ 5 ਤੋਂ 20 ਸਾਲ ਤੱਕ 200 ਤੋਂ ਵੱਧ ਬੱਚੇ ਹਰੇਕ ਸ਼ਨਿੱਚਰਵਾਰ ਤੇ ਐਤਵਾਰ ਸ਼ਾਮ ਨੂੰ 5 ਤੋਂ 7 ਵਜੇ ਤੱਕ ਪਹੁੰਚਦੇ ਹਨ, ਜਿੱਥੇ ਬੱਚਿਆਂ ਨੂੰ ਸਰੀਰਕ ਫਿਟਨੈੱਸ ਟ੍ਰੇਨਿੰਗ ਤੇ ਵੱਖ-ਵੱਖ ਖੇਡਾਂ 'ਚ ਕੋਚਿੰਗ ਮੁਹੱਈਆ ਕੀਤੀ ਜਾਂਦੀ ਹੈ ਅਤੇ ਪੰਜਾਬੀ ਵਿਰਸੇ ਤੇ ਸੱਭਿਆਚਾਰ ਨਾਲ ਜੋੜਨ ਦਾ ਉਪਰਾਲਾ ਕੀਤਾ ਜਾਂਦਾ ਹੈ। ਇਸ ਕੈਂਪ ਦੇ ਮੁੱਖ ਪ੍ਰਬੰਧਕ ਗੁਰਚਰਨ ਸਿੰਘ ਢਿੱਲੋਂ ਨੂੰ ਪੰਜਾਬੀ ਭਾਈਚਾਰੇ ਵੱਲੋਂ ਸਨਮਾਨਿਤ ਕੀਤਾ ਗਿਆ ਹੈ। ਇਸ ਸਨਮਾਨ ਸਮਾਰੋਹ ਦਾ ਆਯੋਜਨ ਪਿੰਟੂ ਬਾਠ, ਸੇਮ ਵਿਰਕ, ਹਰਦੀਪ ਸਿੰਘ ਗਿੱਲ, ਉਨ੍ਹਾਂ ਦੇ ਵੱਡੇ ਭਰਾ ਦਲਜੀਤ ਸਿੰਘ ਗਿੱਲ, ਗੁਰਦੀਪ ਸਿੰਘ ਸਿੱਧੂ, ਮਨਮੋਹਣ ਸਿੰਘ ਧਾਲੀਵਾਲ ਤੇ ਗੁਰਿੰਦਰ ਸਿੰਘ ਗਰੇਵਾਲ, ਹਰਦੇਵ ਸਿੰਘ ਜੱਜ, ਮਨਜੀਤ ਸਿੰਘ (ਕੀ ਇੰਸ਼ੋਰੈਂਸ), ਜਗਦੇਵ ਸਿੰਘ ਸੰਧੂ ਅਤੇ ਬਲਜੀਤ ਸਿੰਘ ਸੋਹਲ (ਪ੍ਰਧਾਨ) ਦੀ ਅਗਵਾਈ 'ਚ ਪੰਜਾਬੀ ਭਾਈਚਾਰੇ ਦੇ ਖੇਡ ਪ੍ਰੇਮੀਆਂ ਵੱਲੋਂ ਕੀਤਾ ਗਿਆ। ਇਸ ਸਮੇਂ ਹਰਦੇਵ ਸਿੰਘ ਜੱਜ ਨੇ ਸਟੇਜ ਦੀ ਸੇਵਾ ਸੁਚੱਜੇ ਢੰਗ ਨਾਲ ਨਿਭਾਈ। ਇਸ ਸਮੇਂ ਬੈਲਗਹਿਮ ਤੋਂ ਸਤਪਾਲ ਸਿੰਘ ਸਿੱਧੂ ਵਟਕਾਮ ਕਾਊਂਟੀ ਐਗਜ਼ੈਕਟਿਵ, ਸ. ਹਰਸ਼ਿੰਦਰ ਸਿੰਘ ਸੰਧੂ ਗੁਰਦੁਆਰਾ ਸੱਚਾ ਮਾਰਗ ਦੇ ਸੰਚਾਲਕ, ਸੋਚ ਸਮਾਜਸੇਵੀ ਸੰਸਥਾ ਦੇ ਸੰਚਾਲਕ ਬੋਥਲ ਅਤੇ ਬਲਵੰਤ ਸਿੰਘ ਔਲਖ, ਸਰੀ ਬੀ.ਸੀ. ਤੋਂ ਅੰਤਰਰਾਸ਼ਟਰੀ ਫੋਟੋਗ੍ਰਾਫਰ ਤੇ ਜਰਨਲਿਸਟ ਸੰਤੋਖ ਸਿੰਘ ਮੰਡੇਰ ਅਤੇ ਗੁਰਦੀਪ ਸਿੰਘ ਸਿੱਧੂ ਨੇ ਸਨਮਾਨ ਸਮਾਰੋਹ ਆਯੋਜਿਤ ਕਰਨ ਤੇ ਖੇਡ ਕੈਂਪ ਲਾਉਣ ਦੀ ਸ਼ਲਾਘਾ ਕੀਤੀ।

ਇਸ ਸਮੇਂ ਇੰਡੀਆ ਆਈਡਲ ਟੀ.ਵੀ. ਸ਼ੋਅ ਦੇ ਜੇਤੂ ਰਹੇ ਖ਼ੁਦਾ ਬਖਸ਼, ਗਾਇਕ ਸ਼ਿੰਦਰਪਾਲ ਸਿੰਘ ਔਜਲਾ ਤੇ ਸਿਆਟਲ ਦਾ ਮਾਣ ਹਰਜੀਤ ਸਿੰਘ ਤੇਜੀ ਨੇ ਆਪਣੇ-ਆਪਣੇ ਮਕਬੂਲ ਗੀਤ ਸੁਣਾ ਕੇ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ। ਅਖੀਰ ਵਿਚ ਸੋਨੇ ਦੇ ਮੈਡਲ ਤੇ ਸਨਮਾਨ ਚਿੰਨ੍ਹ ਦੇ ਕੇ ਬੱਚਿਆਂ ਦੇ ਕੈਂਪ ਦੇ ਮੁਖੀ ਗੁਰਚਰਨ ਸਿੰਘ ਢਿੱਲੋਂ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿਚ 200 ਤੋਂ ਵੱਧ ਖੇਡ ਪ੍ਰੇਮੀਆਂ ਨੇ ਪਰਿਵਾਰਾਂ ਸਮੇਤ ਪਹੁੰਚ ਕੇ ਸਨਮਾਨ ਸਮਾਰੋਹ ਦੀ ਸ਼ੋਭਾ ਵਧਾਈ।

## ਚੈੱਕ ਗਣਰਾਜ ਵੱਲੋਂ ਪੰਨੂ ਕੇਸ ਦੇ ਦੋਸ਼ੀ ਨਿਖਿਲ ਗੁਪਤਾ ਦੀ ਹਵਾਲਗੀ ਰੋਕੀ

**ਪ੍ਰਾਗ, (ਪੰਜਾਬ ਮੇਲ)-** ਚੈੱਕ ਗਣਰਾਜ ਦੀ ਸੁਪਰੀਮ ਕੋਰਟ ਨੇ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜ਼ਿਸ਼ ਵਿਚ ਲੋੜੀਂਦੇ ਭਾਰਤੀ ਨਾਗਰਿਕ ਨਿਖਿਲ ਗੁਪਤਾ ਦੀ ਅਮਰੀਕਾ ਨੂੰ ਹਵਾਲਗੀ 'ਤੇ ਰੋਕ ਲਗਾ ਦਿੱਤੀ ਹੈ। ਇਸ ਤੋਂ ਪਹਿਲਾਂ ਚੈੱਕ ਗਣਰਾਜ ਦੀਆਂ ਹੇਠਲੀਆਂ ਅਦਾਲਤਾਂ ਨੇ ਨਿਖਿਲ ਗੁਪਤਾ ਦੀ ਹਵਾਲਗੀ ਨੂੰ ਮਨਜ਼ੂਰੀ ਦਿੱਤੀ ਸੀ। ਅਮਰੀਕੀ ਨਿਆਂ ਵਿਭਾਗ ਨੇ ਦੋਸ਼ ਲਾਇਆ ਹੈ ਕਿ ਨਿਖਿਲ ਗੁਪਤਾ ਨੇ ਪੰਨੂ ਦੀ ਹੱਤਿਆ ਲਈ ਇਕ ਕੰਟਰੈਕਟ ਕਿਲਰ ਨੂੰ ਪੈਸੇ ਦਿੱਤੇ ਸਨ। ਭਾਰਤ ਨੇ ਇਸ ਮਾਮਲੇ ਦੀ ਜਾਂਚ ਲਈ ਉੱਚ ਪੱਧਰੀ ਜਾਂਚ ਟੀਮ ਵੀ ਬਣਾਈ ਹੈ।



ਇੰਡੀਅਨ ਐਕਸਪ੍ਰੈੱਸ ਦੀ ਰਿਪੋਰਟ ਅਨੁਸਾਰ, 30 ਜਨਵਰੀ, 2024 ਦੇ ਆਪਣੇ ਅੰਤਰਿਮ ਫੈਸਲੇ ਵਿਚ, ਪ੍ਰਾਗ ਵਿਚ ਸੰਵਿਧਾਨਕ ਅਦਾਲਤ ਨੇ ਕਿਹਾ ਕਿ ਨਿਖਿਲ ਗੁਪਤਾ ਦੀ ਅਪਰਾਧਿਕ ਮੁਕੱਦਮੇ ਲਈ ਅਮਰੀਕਾ ਨੂੰ ਹਵਾਲਗੀ ਉਸ ਨੂੰ ਨੁਕਸਾਨ ਪਹੁੰਚਾਏਗੀ। ਇਸ ਤੋਂ ਇਲਾਵਾ, ਅਦਾਲਤ ਨੇ ਜ਼ੋਰ ਦਿੱਤਾ ਕਿ ਇਹ ਕਾਰਵਾਈ ਬਦਲੀ ਨਹੀਂ ਜਾ ਸਕਦੀ, ਭਾਵੇਂ ਇਹ ਗੁਪਤਾ ਦੀ ਚੁਣੌਤੀ ਨੂੰ ਕਾਇਮ ਰੱਖਦੀ ਹੈ। ਚੈੱਕ ਨਿਆਂ ਮੰਤਰਾਲੇ ਦੀ ਬੁਲਾਰਾ ਮਾਰਕੇਟਾ ਐਂਡਰੋਵਾ ਨੇ ਦੱਸਿਆ ਕਿ ਇਸ ਅੰਤਰਿਮ ਫੈਸਲੇ ਦਾ ਮਤਲਬ ਹੈ ਕਿ "ਜਦੋਂ ਤੱਕ ਸੰਵਿਧਾਨਕ ਅਦਾਲਤ ਨਿਖਿਲ ਗੁਪਤਾ ਦੁਆਰਾ ਦਾਇਰ ਸ਼ਿਕਾਇਤ ਦੀ ਯੋਗਤਾ 'ਤੇ ਫੈਸਲਾ ਨਹੀਂ ਲੈਂਦੀ, ਉਦੋਂ ਤੱਕ ਨਿਆਂ ਮੰਤਰੀ ਹਵਾਲਗੀ ਜਾਂ ਇਨਕਾਰ ਕਰਨ ਦਾ ਫੈਸਲਾ ਨਹੀਂ ਕਰ ਸਕਦਾ ਹੈ।"

19 ਜਨਵਰੀ, 2024 ਨੂੰ, ਨਿਖਿਲ ਗੁਪਤਾ ਨੇ ਪ੍ਰਾਗ ਵਿਚ ਮਿਉਂਸਪਲ ਕੋਰਟ ਦੇ 23 ਨਵੰਬਰ, 2023 ਦੇ ਫੈਸਲੇ ਅਤੇ ਪ੍ਰਾਗ ਵਿਚ ਹਾਈ ਕੋਰਟ ਦੇ 8 ਜਨਵਰੀ, 2024 ਦੇ ਫੈਸਲੇ ਨੂੰ ਚੁਣੌਤੀ ਦਿੱਤੀ ਸੀ, ਜਿਸ ਵਿਚ ਦੋਵਾਂ ਨੇ ਉਸ ਦੀ ਅਮਰੀਕਾ ਹਵਾਲਗੀ ਦੀ ਬੇਨਤੀ ਨੂੰ ਰੱਦ ਕਰਨ ਦੀ ਬੇਨਤੀ 'ਤੇ ਸਕਾਰਾਤਮਕ ਫੈਸਲਾ ਦਿੱਤਾ ਸੀ। ਸਮਝਿਆ ਜਾਂਦਾ ਹੈ ਕਿ ਸਰਕਾਰ ਦੀ ਕਥਿਤ ਸ਼ਮੂਲੀਅਤ ਵੱਲ ਇਸ਼ਾਰਾ ਕਰਦੇ ਹੋਏ ਗੁਪਤਾ ਦੇ ਵਕੀਲ ਨੇ ਇਹ ਦਲੀਲ ਦਿੱਤੀ ਕਿ ਮਿਉਂਸਪਲ ਕੋਰਟ ਅਤੇ ਹਾਈ ਕੋਰਟ ਨੇ ਐਕਟ ਦੇ ਸਿਆਸੀ ਸਰੂਪ ਦਾ ਸਹੀ ਮੁਲਾਂਕਣ ਨਹੀਂ ਕੀਤਾ।

## ਜੱਸੀ ਖੰਗੂੜਾ ਨੇ ਕਾਂਗਰਸ 'ਚ ਸ਼ਾਮਲ ਹੋ ਕੇ ਘਰ ਵਾਪਸੀ ਕੀਤੀ



**ਚੰਡੀਗੜ੍ਹ, (ਪੰਜਾਬ ਮੇਲ)-** ਕਾਂਗਰਸ ਤੋਂ ਵਿਧਾਇਕ ਰਹਿ ਚੁੱਕੇ ਜੱਸੀ ਖੰਗੂੜਾ ਨੇ 'ਆਪ' ਤੋਂ ਅਸਤੀਫ਼ਾ ਦੇ ਕੇ ਇਕ ਵਾਰ ਫਿਰ ਤੋਂ ਪੰਜਾਬ ਕਾਂਗਰਸ ਇੰਚਾਰਜ ਦੇਵੇਂਦਰ ਯਾਦਵ ਦੀ ਮੌਜੂਦਗੀ 'ਚ ਕਾਂਗਰਸ 'ਚ ਵਾਪਸੀ ਕੀਤੀ, ਜਿਸ 'ਚ ਯਾਦਵ ਨੇ ਕਿਹਾ ਕਿ ਜੱਸੀ ਖੰਗੂੜਾ ਪਹਿਲਾਂ ਵੀ ਵਿਧਾਇਕ ਸਨ। ਪਿਛਲੇ ਕੁੱਝ ਸਮੇਂ ਤੋਂ ਉਹ ਕੁੱਝ ਨਿੱਜੀ ਕਾਰਨਾਂ ਕਰਕੇ ਸਿਆਸਤ ਤੋਂ ਦੂਰ ਰਹੇ ਅਤੇ ਹੁਣ ਉਹ 'ਆਪ' ਨੂੰ ਅਲਵਿਦਾ ਕਹਿ ਕੇ ਵਾਪਸ ਕਾਂਗਰਸ 'ਚ ਸ਼ਾਮਲ ਹੋ ਗਏ ਹਨ। ਉਨ੍ਹਾਂ ਕਿਹਾ ਕਿ ਉਹ ਇਨ੍ਹਾਂ ਲੋਕ ਸਭਾ ਚੋਣਾਂ 'ਚ ਅਹਿਮ ਭੂਮਿਕਾ ਨਿਭਾਉਣਗੇ। ਕਾਂਗਰਸ 'ਚ ਵਾਪਸ ਆਉਣ 'ਤੇ ਖੰਗੂੜਾ ਨੇ ਕਿਹਾ ਕਿ ਮੈਨੂੰ ਟਿਕਟ ਦਾ ਲਾਲਚ ਨਹੀਂ ਹੈ, ਕਾਂਗਰਸ ਛੱਡਣਾ ਮੇਰੀ ਗਲਤੀ ਸੀ।

# ਚੰਡੀਗੜ੍ਹ ਤੋਂ ਅਕਾਲੀ ਦਲ ਦੇ ਉਮੀਦਵਾਰ ਨੇ ਲੋਕ ਸਭਾ ਚੋਣ ਲੜਨ ਤੋਂ ਕੀਤਾ ਇਨਕਾਰ; ਟਿਕਟ ਵੀ ਕੀਤੀ ਵਾਪਸ

ਚੰਡੀਗੜ੍ਹ, (ਪੰਜਾਬ ਮੇਲ)- ਲੋਕ ਸਭਾ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਵੱਡਾ ਝਟਕਾ ਲੱਗਾ ਹੈ, ਜਦੋਂ ਚੰਡੀਗੜ੍ਹ ਤੋਂ ਅਕਾਲੀ ਦਲ ਦੇ ਉਮੀਦਵਾਰ ਹਰਦੀਪ ਸਿੰਘ ਬੁਟੇਰਲਾ ਨੇ ਪੂਰੀ ਟੀਮ ਦੇ ਨਾਲ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ। ਉਨ੍ਹਾਂ ਨੇ ਚੋਣ ਲੜਨ ਤੋਂ ਵੀ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਉਹ ਪਾਰਟੀ ਦੀ ਟਿਕਟ ਵਾਪਸ ਕਰ ਰਹੇ ਹਨ।

ਇਸ ਦੇ ਨਾਲ ਹੀ ਉਨ੍ਹਾਂ ਦੀ ਪੂਰੀ ਟੀਮ ਨੇ ਅਕਾਲੀ ਦਲ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇਣ ਦਾ ਐਲਾਨ ਕੀਤਾ ਹੈ। ਹਰਦੀਪ ਸਿੰਘ ਬੁਟੇਰਲਾ ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਉਹ ਚੰਡੀਗੜ੍ਹ ਨਗਰ ਨਿਗਮ ਦੇ ਵਾਰਡ ਨੰ. 30 ਤੋਂ ਕੌਂਸਲਰ ਹਨ ਅਤੇ ਪਿਛਲੇ ਤਿੰਨ ਵਾਰ ਤੋਂ ਲਗਾਤਾਰ ਕੌਂਸਲਰ ਦੇ ਰੂਪ ਵਿਚ ਚੋਣ ਜਿੱਤ ਰਹੇ ਹਨ। ਉਨ੍ਹਾਂ ਦੀ ਮਿਹਨਤ, ਇਮਾਨਦਾਰੀ ਅਤੇ ਵਫਾਦਾਰੀ ਨੂੰ ਦੇਖਦੇ ਹੋਏ ਅਕਾਲੀ ਦਲ ਨੇ ਉਨ੍ਹਾਂ ਨੂੰ ਪਹਿਲਾਂ ਚੰਡੀਗੜ੍ਹ ਤੋਂ ਅਕਾਲੀ ਦਲ ਦਾ ਪ੍ਰਧਾਨ ਬਣਾਇਆ ਅਤੇ ਹੁਣ ਇਸ ਵਾਰ ਪਾਰਟੀ ਦੀ ਟਿਕਟ 'ਤੇ ਚੰਡੀਗੜ੍ਹ ਤੋਂ ਲੋਕ ਸਭਾ ਚੋਣ ਦੇ ਲਈ ਉਮੀਦਵਾਰ ਬਣਾਇਆ ਸੀ।

ਹਰਦੀਪ ਸਿੰਘ ਨੇ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਉਮੀਦਵਾਰ ਐਲਾਨ ਕਰਨ ਤੋਂ ਪਹਿਲਾ ਭਰੋਸਾ ਦਿੱਤਾ ਸੀ ਕਿ ਪਾਰਟੀ ਚੋਣ ਦਾ ਸਾਰਾ ਖਰਚ ਚੁੱਕੇਗੀ। ਜਦੋਂ ਹੁਣ ਉਹ ਚੋਣ ਪ੍ਰਚਾਰ ਵਿਚ ਚੰਗੀ ਤਰ੍ਹਾਂ ਨਾਲ ਜੁੱਟ ਗਏ ਹਨ, ਤਾਂ ਪਾਰਟੀ ਨੇ ਕੋਈ ਵੀ ਪੈਸਾ ਖਰਚ ਨਹੀਂ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਉਹ ਇਕ ਸਾਧਾਰਨ ਪਰਿਵਾਰ ਤੋਂ ਹਨ ਅਤੇ ਇੰਨਾ ਵੱਡਾ ਖਰਚ ਨਹੀਂ ਕਰ ਸਕਦੇ। ਨਾਲ ਹੀ ਉਹ ਕਿਸੇ ਵੀ ਰਾਜਨੀਤਿਕ ਸਾਜ਼ਿਸ਼ ਦੇ ਤਹਿਤ ਕਿਸੇ ਦੇ ਹੱਥਕੰਡੇ ਨਹੀਂ ਬਣ ਸਕਦੇ। ਉਨ੍ਹਾਂ ਨੇ ਐਲਾਨ ਕੀਤਾ ਕਿ ਉਹ ਉਹ ਆਪਣੀ ਪੂਰੀ ਟੀਮ ਦੇ ਨਾਲ ਸ਼੍ਰੋਮਣੀ ਅਕਾਲੀ ਦਲ ਛੱਡ ਰਹੇ ਹਨ ਅਤੇ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਰਹੇ ਹਨ ਅਤੇ ਸੰਸਦੀ ਚੋਣ ਨਹੀਂ ਲੜਨਗੇ।

# ਚੋਣ ਪ੍ਰਚਾਰ 'ਚੋਂ ਕੈਪਟਨ ਪੂਰੀ ਤਰ੍ਹਾਂ ਗਾਇਬ



ਲੁਧਿਆਣਾ (ਪੰਜਾਬ ਮੇਲ)- ਲੋਕ ਸਭਾ ਚੋਣਾਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਦੇ ਪੂਰੀ ਤਰ੍ਹਾਂ ਗਾਇਬ ਰਹਿਣ ਨੂੰ ਲੈ ਕੇ ਉੱਠ ਰਹੇ ਸਵਾਲਾਂ ਦੇ ਵਿਚਕਾਰ ਉਨ੍ਹਾਂ ਦੇ ਬੇਟੇ ਰਣਇੰਦਰ ਸਿੰਘ ਨੇ ਭਾਜਪਾ ਦੇ ਪ੍ਰਚਾਰ ਦੀ ਕਮਾਨ ਸੰਭਾਲ ਲਈ ਹੈ। ਜਾਣਕਾਰੀ ਮੁਤਾਬਕ ਭਾਜਪਾ ਦੇ ਉਮੀਦਵਾਰਾਂ ਵੱਲੋਂ ਕੈਪਟਨ ਨੂੰ ਉਨ੍ਹਾਂ ਦੇ ਹੱਕ 'ਚ ਪ੍ਰਚਾਰ ਲਈ ਭੇਜਣ ਦੀ ਮੰਗ ਕੀਤੀ ਜਾ ਰਹੀ ਹੈ ਪਰ ਕੈਪਟਨ ਹੁਣ ਤੱਕ ਪਟਿਆਲਾ ਤੋਂ ਚੋਣ ਲੜ ਰਹੀ ਆਪਣੀ ਪਤਨੀ ਪਰਨੀਤ ਕੌਰ ਦੇ ਪ੍ਰਚਾਰ ਲਈ ਵੀ ਨਹੀਂ ਪੁੱਜੇ ਹਨ।

ਭਾਵੇਂ ਕੈਪਟਨ ਨੂੰ ਲੈ ਕੇ ਇਹ ਕਿਹਾ ਜਾ ਰਿਹਾ ਹੈ ਕਿ ਇਕ-ਅੱਧਾ ਦਿਨ 'ਚ ਪਟਿਆਲਾ ਪੁੱਜ ਕੇ ਲੋਕ ਸਭਾ ਚੋਣ ਤੱਕ ਉਥੇ ਰਹਿਣਗੇ ਪਰ ਇਸ ਤੋਂ ਪਹਿਲਾਂ ਪੰਜਾਬ ਦੇ ਬਾਕੀ ਹਿੱਸਿਆਂ 'ਚ ਉਨ੍ਹਾਂ ਨਾਲ ਪਹਿਲਾਂ ਕਾਂਗਰਸ ਛੱਡਣ ਅਤੇ ਫਿਰ ਭਾਜਪਾ 'ਚ ਸ਼ਾਮਲ ਹੋਣ ਵਾਲੇ ਜ਼ਿਆਦਾਤਰ ਨੇਤਾਵਾਂ ਵੱਲੋਂ ਹੁਣ ਤੱਕ ਖੁੱਲ੍ਹ ਕੇ ਪਾਰਟੀ ਦੇ ਉਮੀਦਵਾਰਾਂ ਦਾ ਸਾਥ ਨਾ ਦੇਣ ਦੀ ਸ਼ਿਕਾਇਤ ਹਾਈਕਮਾਨ ਤੱਕ ਪੁੱਜ ਗਈ ਹੈ।

ਜਿਥੋਂ ਘੰਟੀ ਖੜਕਣ ਤੋਂ ਬਾਅਦ ਜਿਥੇ ਕੈਪਟਨ ਦੀ ਬੇਟੀ ਵਲੋਂ ਮਹਿਲਾ ਮੋਰਚਾ ਦੀ ਪ੍ਰਦੇਸ਼ ਪ੍ਰਧਾਨ ਦੇ ਰੂਪ 'ਚ ਸੂਬੇ ਦੇ ਕਈ ਹਿੱਸਿਆਂ 'ਚ ਭਾਜਪਾ ਵਰਕਰਾਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਉਥੇ ਮੰਗਲਵਾਰ ਨੂੰ ਰਣਇੰਦਰ ਵੀ ਫੀਲਡ 'ਚ ਦੇਖਣ ਨੂੰ ਮਿਲੇ, ਜਿਨ੍ਹਾਂ ਵਲੋਂ ਲੁਧਿਆਣਾ ਪੁੱਜ ਕੇ ਕੈਪਟਨ ਖੇਮੇ ਦੇ ਨੇਤਾਵਾਂ ਨਾਲ ਮੀਟਿੰਗ ਕੀਤੀ ਅਤੇ ਉਨ੍ਹਾਂ ਨੂੰ ਭਾਜਪਾ ਦੇ ਉਮੀਦਵਾਰਾਂ ਦੀ ਮਦਦ ਦਾ ਕਰਨ ਦਾ ਮੈਸੇਜ ਦਿੱਤਾ ਗਿਆ।

## ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨੇ ਬੀ.ਜੇ.ਪੀ. ਵੱਲੋਂ ਕੀਤੀ ਸ਼ਿਕਾਇਤ ਉਪਰੰਤ ਡੀ.ਜੀ.ਪੀ. ਤੋਂ ਰਿਪੋਰਟ ਮੰਗੀ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਭਾਜਪਾ ਦੇ ਵਫ਼ਦ ਵੱਲੋਂ ਸੂਬੇ ਵਿਚ ਪਾਰਟੀ ਦੇ ਉਮੀਦਵਾਰਾਂ ਨੂੰ ਪ੍ਰਚਾਰ ਕਰਨ ਤੋਂ ਰੋਕੇ ਜਾਣ ਅਤੇ ਅਮਨ-ਕਾਨੂੰਨ ਦੀ ਸਥਿਤੀ 'ਤੇ ਚਿੰਤਾ ਜ਼ਾਹਰ ਕੀਤੇ ਜਾਣ ਤੋਂ ਬਾਅਦ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਤੋਂ ਇਸ ਸਬੰਧੀ ਕਾਰਵਾਈ ਰਿਪੋਰਟ ਮੰਗੀ ਹੈ।

ਦੱਸਣਯੋਗ ਹੈ ਕਿ ਪੰਜਾਬ ਭਾਜਪਾ ਦੇ ਵਫ਼ਦ ਨੇ ਇੱਥੇ ਮੁੱਖ ਚੋਣ ਅਧਿਕਾਰੀ ਨਾਲ ਉਨ੍ਹਾਂ ਦੇ ਦਫ਼ਤਰ ਵਿਖੇ ਮੁਲਾਕਾਤ ਕਰਕੇ ਆਜ਼ਾਦ ਅਤੇ ਨਿਰਪੱਖ ਚੋਣ ਅਮਲ ਨੂੰ ਯਕੀਨੀ ਬਣਾਉਣ ਅਤੇ ਚੋਣ ਪ੍ਰਚਾਰ ਦੇ ਅਧਿਕਾਰ ਨੂੰ ਲੈ ਕੇ ਚਿੰਤਾ ਪ੍ਰਗਟਾਈ। ਉਨ੍ਹਾਂ ਨੇ ਸੂਬੇ ਵਿਚ ਚੋਣਾਂ ਦੇ ਸਮੇਂ ਦੌਰਾਨ ਆਪਣੇ ਉਮੀਦਵਾਰਾਂ ਦੀ ਸੁਰੱਖਿਆ ਨੂੰ ਲੈ ਕੇ ਵੀ ਖਦਸ਼ਾ ਪ੍ਰਗਟਾਇਆ।

ਬੀ.ਜੇ.ਪੀ. ਦੇ ਵਫ਼ਦ ਵੱਲੋਂ ਆਪਣਾ ਤਫਸੀਲ ਸ਼ਿਕਾਇਤ ਪੱਤਰ ਸੌਂਪੇ ਜਾਣ ਤੋਂ ਬਾਅਦ ਮੁੱਖ ਚੋਣ ਅਧਿਕਾਰੀ ਨੇ ਇਸ ਸਬੰਧੀ ਪੰਜਾਬ ਦੇ ਡੀ.ਜੀ.ਪੀ. ਨੂੰ ਤੱਥ ਖੋਜ ਅਤੇ ਕਾਰਵਾਈ ਰਿਪੋਰਟ ਸੌਂਪਣ ਲਈ ਕਿਹਾ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਵੱਲੋਂ ਲੋਕ ਸਭਾ ਚੋਣਾਂ ਲਈ ਚੋਣ ਪ੍ਰੋਗਰਾਮ ਦਾ ਐਲਾਨ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਲੋਕ ਸਭਾ ਚੋਣਾਂ 2024 ਦੇ ਮੱਦੇਨਜ਼ਰ ਸੂਬੇ ਲਈ ਚੋਣ ਪ੍ਰੋਗਰਾਮ ਦਾ ਐਲਾਨ ਕਰ ਦਿੱਤਾ ਹੈ। ਜਾਣਕਾਰੀ ਦਿੰਦਿਆਂ ਸਿਬਿਨ ਸੀ ਨੇ ਦੱਸਿਆ ਕਿ ਚੋਣਾਂ ਲਈ ਗਜ਼ਟ ਨੋਟੀਫਿਕੇਸ਼ਨ 7 ਮਈ, 2024 ਨੂੰ ਜਾਰੀ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਨਾਮਜ਼ਦਗੀਆਂ ਭਰਨ ਦੀ ਆਖਰੀ ਮਿਤੀ 14 ਮਈ, 2024 (ਮੰਗਲਵਾਰ) ਹੈ ਅਤੇ ਨਾਮਜ਼ਦਗੀਆਂ ਦੀ ਪੜਤਾਲ 15 ਮਈ (ਬੁੱਧਵਾਰ) ਨੂੰ ਹੋਵੇਗੀ। ਉਨ੍ਹਾਂ ਦੱਸਿਆ ਕਿ ਉਮੀਦਵਾਰ 17 ਮਈ, 2024 (ਸ਼ੁੱਕਰਵਾਰ) ਤੱਕ ਆਪਣੀਆਂ ਨਾਮਜ਼ਦਗੀਆਂ ਵਾਪਸ ਲੈ ਸਕਦੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਪੰਜਾਬ ਵਿਚ 1 ਜੂਨ, 2024 (ਸ਼ਨੀਵਾਰ) ਨੂੰ ਵੋਟਾਂ ਪੈਣਗੀਆਂ ਅਤੇ ਪੰਜਾਬ ਸਮੇਤ ਦੇਸ਼ ਵਿਚ ਪਈਆਂ ਵੋਟਾਂ ਦੀ ਗਿਣਤੀ 4 ਜੂਨ, 2024 (ਮੰਗਲਵਾਰ) ਨੂੰ ਕੀਤੀ ਜਾਵੇਗੀ। ਚੋਣਾਂ ਦੇ ਮੁਕੰਮਲ ਹੋਣ ਦੀ ਅੰਤਿਮ ਮਿਤੀ 6 ਜੂਨ, 2024 (ਵੀਰਵਾਰ) ਹੈ। ਉਨ੍ਹਾਂ ਦੱਸਿਆ ਕਿ ਵੋਟਾਂ ਪੈਣ ਦਾ ਸਮਾਂ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗਾ।

ਸਿਬਿਨ ਸੀ ਨੇ ਦੱਸਿਆ ਕਿ 7 ਮਈ 2024 ਤੋਂ 14 ਮਈ, 2024 ਤੱਕ ਜਨਤਕ ਛੁੱਟੀ ਤੋਂ ਇਲਾਵਾ ਬਾਕੀ ਸਾਰੇ ਨਿਰਧਾਰਤ ਦਿਨਾਂ ਦੌਰਾਨ ਹਲਕਿਆਂ ਦੇ ਡਿਪਟੀ ਕਮਿਸ਼ਨਰਾਂ-ਕਮ-ਰਿਟਰਨਿੰਗ ਅਫ਼ਸਰਾਂ ਕੋਲ ਸਵੇਰੇ 11.00 ਵਜੇ ਤੋਂ ਸ਼ਾਮ 3.00 ਵਜੇ ਤੱਕ ਨਾਮਜ਼ਦਗੀ ਪੱਤਰ ਦਾਖਲ ਕੀਤੇ ਜਾ ਸਕਦੇ ਹਨ। ਦੱਸਣਯੋਗ ਹੈ ਕਿ ਨਾਮਜ਼ਦਗੀ ਪੱਤਰ ਫਾਰਮ 21 ਵਿਚ ਭਰੇ ਜਾਣੇ ਹਨ। ਜ਼ਿਕਰਯੋਗ ਹੈ ਕਿ ਖਾਲੀ ਫਾਰਮ ਸਬੰਧਤ ਰਿਟਰਨਿੰਗ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਕੋਲ ਉਪਲਬਧ ਹਨ। ਟਾਈਪ ਕੀਤੇ ਨਾਮਜ਼ਦਗੀ ਪੱਤਰ ਵੀ ਸਵੀਕਾਰ ਕੀਤੇ ਜਾਣਗੇ ਬਸ਼ਰਤੇ ਉਹ ਮੁੱਖ ਚੋਣ ਦਫਤਰ ਦੀ ਵੈੱਬਸਾਈਟ (https://www.ceopunjab.gov.in) 'ਤੇ ਦਰਸਾਏ ਗਏ ਨਿਰਧਾਰਤ ਫਾਰਮੈਟ ਵਿਚ ਹੋਣ।

ਉਨ੍ਹਾਂ ਕਿਹਾ ਕਿ ਭਗਵਾਨ ਪਰਸ਼ੂਰਾਮ ਜੈਅੰਤੀ (10 ਮਈ, 2024) ਵਾਲੇ ਦਿਨ ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ, 1881 ਤਹਿਤ ਛੁੱਟੀ ਨਹੀਂ ਹੈ। ਇਸ ਲਈ 10 ਮਈ, 2024 ਨੂੰ ਨਾਮਜ਼ਦਗੀ ਪੱਤਰ ਰਿਟਰਨਿੰਗ ਅਫਸਰ ਕੋਲ ਭਰੇ ਜਾ ਸਕਦੇ ਹਨ। ਉਨ੍ਹਾਂ ਅੱਗੇ ਦੱਸਿਆ ਕਿ 11 ਮਈ, 2024 ਨੂੰ ਦੂਜਾ ਸ਼ਨੀਵਾਰ ਅਤੇ 12 ਮਈ, 2024 ਨੂੰ ਐਤਵਾਰ ਹੋਣ ਕਰਕੇ ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ, 1881 ਤਹਿਤ ਛੁੱਟੀ ਹੋਵੇਗੀ। ਇਸ ਲਈ ਇਨ੍ਹਾਂ ਦੋਵੇਂ ਦਿਨਾਂ ਦੌਰਾਨ ਨਾਮਜ਼ਦਗੀ ਪੱਤਰ ਨਹੀਂ ਭਰੇ ਜਾ ਸਕਣਗੇ।

ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਚੋਣਾਂ ਦੇ ਐਲਾਨ ਦੀ ਮਿਤੀ 16 ਮਾਰਚ, 2024 ਤੋਂ ਸੂਬੇ ਵਿਚ ਆਦਰਸ਼ ਚੋਣ ਜ਼ਾਬਤਾ ਲਾਗੂ ਹੋ ਗਿਆ ਸੀ, ਜੋ ਚੋਣ ਪ੍ਰਕਿਰਿਆ ਦੇ ਮੁਕੰਮਲ ਹੋਣ ਅਰਥਾਤ 06.06.2024 ਤੱਕ ਲਾਗੂ ਰਹੇਗਾ।

Global Allianz
ਕਾਨੂੰਨੀ ਸਲਾਹ
LAW FIRM LLP
ਇਮੀਗਰੇਸ਼ਨ ਸੇਵਾਵਾਂ
ਘਰੇਲੂ ਹਿੰਸਾ ਦੇ ਕੇਸ
ਨਸ਼ਾ ਕਰਕੇ ਗੱਡੀ ਚਲਾਉਣਾ
ਕੰਮ 'ਤੇ ਸੱਟ ਲਗਣਾ
Asylum & Deportation Defense



Atul Kapoor
C.E.O



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਅਮਰੀਕਾ 'ਚ ਹੋਈ ਗੋਲੀਬਾਰੀ 'ਚ ਜ਼ਖਮੀ ਹੋਏ ਇਕ ਹੋਰ ਵੱਲੋਂ ਦਮ ਤੋੜਨ ਨਾਲ ਮਾਰੇ ਗਏ ਪੁਲਿਸ ਅਫਸਰਾਂ ਦੀ ਗਿਣਤੀ 4 ਹੋਈ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਅਮਰੀਕਾ ਦੇ ਨਾਰਥ ਕੈਰੋਲੀਨਾ ਰਾਜ ਵਿਚ ਚਾਰਲੋਟ ਸ਼ਹਿਰ ਦੇ ਇਕ ਘਰ ਵਿਚ ਵਾਰੰਟਾਂ ਦੀ ਤਾਮੀਲ ਕਰਵਾਉਣ ਗਈ ਪੁਲਿਸ ਉਪਰ ਸ਼ੱਕੀ ਵਿਅਕਤੀ ਵੱਲੋਂ ਕੀਤੀ ਗੋਲੀਬਾਰੀ ਵਿਚ ਜ਼ਖਮੀ ਹੋਏ 5 ਪੁਲਿਸ ਅਫਸਰਾਂ ਵਿਚੋਂ ਇਕ ਹੋਰ ਦਮ ਤੋੜ ਗਿਆ। ਇਸ ਤਰ੍ਹਾਂ ਇਸ ਗੋਲੀਬਾਰੀ ਵਿਚ ਮਰਨ ਵਾਲੇ ਪੁਲਿਸ ਅਫਸਰਾਂ ਦੀ ਗਿਣਤੀ 4 ਹੋ ਗਈ ਹੈ। ਬੀਤੇ ਦਿਨ ਵਾਪਰੀ ਇਸ ਘਟਨਾ ਵਿਚ 3 ਅਫਸਰ ਮੌਕੇ ਉਪਰ ਹੀ ਦਮ ਤੋੜ ਗਏ ਸਨ। ਮਾਰੇ ਗਏ 3 ਅਫਸਰ ਯੂ.ਐੱਸ. ਮਾਰਸ਼ਲ ਟਾਸਕ ਫੋਰਸ ਨਾਲ ਸਬੰਧਤ ਹਨ, ਜਦਕਿ ਇਕ ਚਾਰਲੋਟ-ਮੈਕਲੇਨਬਰਗ ਪੁਲਿਸ ਵਿਭਾਗ ਨਾਲ ਸਬੰਧਤ ਹੈ। ਪੁਲਿਸ ਦੀ ਜਵਾਬੀ ਕਾਰਵਾਈ ਵਿਚ 39 ਸਾਲਾ ਸ਼ੱਕੀ ਟੈਰੀ ਕਲਾਰਕ ਹੁਗਸ ਜੂਨੀਅਰ ਜਿਸ ਵਿਰੁੱਧ ਵਾਰੰਟ ਜਾਰੀ ਹੋਏ ਸਨ, ਵੀ ਮਾਰਿਆ ਗਿਆ। ਪੁਲਿਸ ਨੇ ਘਰ ਵਿਚ ਮੌਜੂਦ 2 ਹੋਰ ਲੋਕਾਂ ਨੂੰ ਵੀ ਹਿਰਾਸਤ ਵਿਚ ਲਿਆ ਹੈ ਤੇ ਪੁਲਿਸ ਦਾ ਵਿਸ਼ਵਾਸ ਹੈ ਕਿ ਗੋਲੀ ਇਕ ਤੋਂ ਵਧ ਲੋਕਾਂ ਨੇ ਚਲਾਈ ਹੈ। ਪੁਲਿਸ ਨੇ ਘਰ ਦੀ ਘੇਰਾਬੰਦੀ ਕਰ ਲਈ ਹੈ। ਪੁਲਿਸ ਨੇ ਮੌਕੇ ਤੋਂ ਇਕ ਸੈਮੀ ਆਟੋਮੈਟਿਕ ਏ.ਆਰ. 15 ਰਾਈਫਲ, ਇਕ 40 ਕੈਲੀਬਰ ਹੈਂਡਗੰਨ, ਕਾਰਤੂਸ ਤੇ ਅਸਲਾ ਬਰਾਮਦ ਕੀਤਾ ਹੈ। ਮਾਰੇ ਗਏ ਅਫਸਰਾਂ ਵਿਚ ਵਿਲੀਅਮ ਇਲੀਓਟ, ਸੈਮੂਅਲ ਪੋਲੋਚ ਤੇ ਜੋਸ਼ੂਆ ਈਰ ਸ਼ਾਮਿਲ ਹਨ, ਜਦਕਿ ਚੌਥੇ ਪੁਲਿਸ ਅਫਸਰ ਦੇ ਨਾਂ ਬਾਰੇ ਜਾਣਕਾਰੀ ਨਹੀਂ ਮਿਲੀ ਹੈ।



ਮਾਰੇ ਗਏ ਪੁਲਿਸ ਅਫਸਰ।

# ਅਮਰੀਕਾ ਦੇ ਮਿਯੂਰੀ 'ਚ ਬਜ਼ੁਰਗ ਵੱਲੋਂ ਪਤਨੀ ਦਾ ਕਤਲ

**■ ਮੈਡੀਕਲ ਬਿੱਲਾਂ ਨੂੰ ਲੈ ਕੇ ਹਸਪਤਾਲ 'ਚ ਬੀਮਾਰ ਪਤਨੀ ਨੂੰ ਗਲਾ ਘੁੱਟ ਕੇ ਮਾਰਿਆ**



**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)-** ਅਮਰੀਕਾ ਦੇ ਮਿਯੂਰੀ ਦੇ ਇੱਕ ਬਜ਼ੁਰਗ ਨੇ ਆਪਣੀ ਬਿਮਾਰ ਪਤਨੀ ਦੀ ਹੱਤਿਆ ਕਰਨ ਦਾ ਅਦਾਲਤ 'ਚ ਇਕਬਾਲ ਕਰਨ ਤੋਂ ਬਾਅਦ ਉਹ ਹੁਣ ਸਲਾਖਾਂ ਦੇ ਪਿੱਛੇ ਹੈ ਕਿਉਂਕਿ ਉਹ ਡਾਕਟਰੀ ਖਰਚਿਆਂ ਦਾ ਭੁਗਤਾਨ ਨਹੀਂ ਕਰਨਾ ਚਾਹੁੰਦਾ ਸੀ। ਫੋਕਸ-4 ਦੁਆਰਾ ਪ੍ਰਾਪਤ ਅਦਾਲਤੀ ਦਸਤਾਵੇਜ਼ਾਂ ਦੇ ਅਨੁਸਾਰ, ਰੌਨੀ ਵਿਗਸ ਨੇ ਹਸਪਤਾਲ ਦੇ ਬਿਸਤਰੇ 'ਤੇ ਲੇਟੀ ਹੋਈ ਪਤਨੀ ਦਾ ਗਲ਼ਾ ਘੁੱਟ ਕੇ ਮਾਰ ਦਿੱਤਾ। ਅਦਾਲਤੀ ਦਸਤਾਵੇਜ਼ਾਂ ਵਿਚ ਉਸ ਦੀ ਪਤਨੀ ਦਾ ਨਾਂ ਨਹੀਂ ਦੱਸਿਆ ਗਿਆ। ਬਜ਼ੁਰਗ ਦੀ ਪਤਨੀ ਸੈਂਟਰਪੁਆਇੰਟ ਮੈਡੀਕਲ ਸੈਂਟਰ 'ਚ ਰਹਿ ਰਹੀ ਸੀ। ਰੌਨੀ ਵਿਗਸ ਨੇ ਕਥਿਤ ਤੌਰ 'ਤੇ ਆਪਣੀ ਪਤਨੀ ਦੀਆਂ ਚੀਕਾਂ ਨੂੰ ਦਬਾਉਣ ਅਤੇ ਫਿਰ ਉਸਦੇ ਨੰਗੇ ਹੱਥਾਂ ਨਾਲ ਗਲਾ ਘੁੱਟਣ ਦਾ ਇਕਬਾਲ ਵੀ ਕੀਤਾ। ਪੁਲਿਸ ਅਨੁਸਾਰ ਮ੍ਰਿਤਕ ਦੀ ਗਰਦਨ 'ਤੇ "ਸ਼ੱਕੀ" ਨਿਸ਼ਾਨ ਵੀ ਸਨ। ਵਿਗਸ, ਜਿਸ ਦੀ ਉਮਰ ਸਥਾਨਕ ਮੀਡੀਆ ਦੁਆਰਾ 75 ਜਾਂ 76 ਸਾਲ ਦੇ ਕਰੀਬ ਦੱਸੀ ਗਈ ਸੀ, ਹਸਪਤਾਲ ਤੋਂ ਭੱਜ ਗਿਆ, ਪਹਿਲਾਂ ਕਿਤੇ ਵੀ ਨਹੀਂ ਮਿਲਿਆ, ਪਰ ਉਹ ਬਾਅਦ ਵਿਚ ਵਾਪਸ ਆ ਗਿਆ ਅਤੇ ਕਥਿਤ ਤੌਰ 'ਤੇ ਕਤਲ ਦਾ ਇਕਬਾਲ ਕਰ ਲਿਆ।







# ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਵੱਲੋਂ ਲਾਲਚ ਬਦਲੇ ਵੋਟ ਨਾ ਪਾਉਣ ਦੀ ਅਪੀਲ

- **'ਫ੍ਰੀਬੀਜ' ਅਤੇ 'ਨੋਟਾ' ਬਾਬਤ ਦਿਲਚਸਪ ਜਾਣਕਾਰੀ ਦਿੰਦਾ ਪੋਡਕਾਸਟ ਦਾ ਤੀਜਾ ਐਪੀਸੋਡ ਰਿਲੀਜ਼**



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਮੁੱਖ ਚੋਣ ਅਧਿਕਾਰੀ ਦਫ਼ਤਰ ਵੱਲੋਂ ਸ਼ੁਰੂ ਕੀਤੇ ਗਏ ਪੋਡਕਾਸਟ ਦਾ ਤੀਜਾ ਐਪੀਸੋਡ ਸੋਸ਼ਲ ਮੀਡੀਆ ਦੇ ਅਧਿਕਾਰਤ ਪੇਜ਼ਾਂ (ਫੇਸਬੁੱਕ, ਇੰਸਟਾਗ੍ਰਾਮ, ਐਕਸ ਅਤੇ ਯੂ ਟਿਊਬ) 'ਤੇ ਰਿਲੀਜ਼ ਕਰ ਦਿੱਤਾ ਗਿਆ ਹੈ। ਇਸ ਐਪੀਸੋਡ ਵਿਚ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਚੋਣਾਂ ਦੌਰਾਨ ਵੰਡੀਆਂ ਜਾਣ ਵਾਲੀਆਂ ਮੁਫ਼ਤ ਦੀਆਂ ਵਸਤੂਆਂ, ਨਗਦੀ ਅਤੇ ਹੋਰ ਚੀਜ਼ਾਂ (ਫ੍ਰੀਬੀਜ) ਬਾਬਤ ਬਹੁਤ ਵਿਸਥਾਰ ਵਿਚ ਜਾਣਕਾਰੀ ਦਿੱਤੀ ਹੈ। ਉਨ੍ਹਾਂ ਨੇ ਪੰਜਾਬ ਦੇ ਵੋਟਰਾਂ ਨੂੰ ਬਿਨਾਂ ਕਿਸੇ ਲਾਲਚ ਦੇ ਆਪਣਾ ਵੋਟ ਪਾਉਣ ਦੀ ਅਪੀਲ ਕੀਤੀ ਹੈ।

ਇਸ ਤੋਂ ਇਲਾਵਾ ਸਿਬਿਨ ਸੀ ਨੇ 'ਨੋਟਾ' ਬਾਰੇ ਵੀ ਬਹੁਤ ਰੌਚਕ ਜਾਣਕਾਰੀ ਸਾਂਝੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਵਾਰ ਪੋਲਿੰਗ ਬੂਥਾਂ ਉੱਤੇ ਵੋਟਰਾਂ ਦੀ ਸਹੂਲਤ ਲਈ ਜ਼ਿਲ੍ਹਾ ਅਧਿਕਾਰੀਆਂ ਵੱਲੋਂ ਬਹੁਤ ਸਾਰੇ ਬੰਦੋਬਸਤ ਕੀਤੇ ਜਾ ਰਹੇ ਹਨ ਅਤੇ ਵੋਟਰ ਵੀ ਆਪਣੀ ਵੋਟ ਦੀ ਵਰਤੋਂ ਜ਼ਰੂਰ ਕਰਨ।

ਸਿਬਿਨ ਸੀ ਨੇ ਪੋਡਕਾਸਟ ਵਿਚ ਲੋਕਾਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਵੀ ਬਹੁਤ ਸਪੱਸ਼ਟ ਸ਼ਬਦਾਂ ਵਿਚ ਦਿੱਤੇ ਹਨ। ਉਨ੍ਹਾਂ ਨੇ ਅਪੀਲ ਕੀਤੀ ਹੈ ਕਿ ਚੋਣਾਂ ਬਾਬਤ ਤਾਜ਼ੀ ਅਤੇ ਪੁਖਤਾ ਜਾਣਕਾਰੀ ਹਾਸਲ ਕਰਨ ਲਈ ਮੁੱਖ ਚੋਣ ਅਧਿਕਾਰੀ ਦੇ ਦਫਤਰ ਵੱਲੋਂ ਚਲਾਏ ਜਾ ਰਹੇ ਸੋਸ਼ਲ ਮੀਡੀਆ ਦੇ ਅਧਿਕਾਰਤ ਪੇਜ਼ਾਂ (ਫੇਸਬੁੱਕ, ਇੰਸਟਾਗ੍ਰਾਮ, ਐਕਸ ਅਤੇ ਯੂ ਟਿਊਬ) ਨੂੰ ਜ਼ਰੂਰ ਫਾਲੋ/ਸਬਸਕ੍ਰਾਈਬ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਵਟਸਐਪ ਉੱਤੇ ਵੀ 'ਚੀਫ਼ ਇਲੈਕਟੋਰਲ ਆਫਿਸਰ, ਪੰਜਾਬ' ਦੇ ਨਾਮ ਨਾਲ ਇਕ ਚੈਨਲ ਬਣਾਇਆ ਗਿਆ ਹੈ, ਜਿੱਥੇ ਲੋਕ ਸਭਾ ਚੋਣਾਂ 2024 ਨਾਲ ਸਬੰਧਤ ਅਹਿਮ ਜਾਣਕਾਰੀਆਂ ਸ਼ੇਅਰ ਕੀਤੀਆਂ ਜਾ ਰਹੀਆਂ ਹਨ।

# ਜ਼ਬਤੀ ਮਾਮਲੇ 'ਚ ਰਾਸ਼ਟਰੀ ਪੱਧਰ 'ਤੇ ਪੰਜਾਬ ਦਾ ਚੌਥਾ ਸਥਾਨ: ਸਿਬਿਨ ਸੀ

- **1 ਮਾਰਚ ਤੋਂ 4 ਮਈ ਤੱਕ 609.38 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ, ਸ਼ਰਾਬ, ਨਕਦੀ, ਕੀਮਤੀ ਵਸਤੂਆਂ ਅਤੇ ਹੋਰ ਸਮਾਨ ਕੀਤਾ ਗਿਆ ਜ਼ਬਤ**
- **ਮੁੱਖ ਚੋਣ ਅਧਿਕਾਰੀ ਨੇ ਪੰਜਾਬ 'ਚ ਨਿਰਪੱਖ ਅਤੇ ਸ਼ਾਂਤੀਪੂਰਨ ਚੋਣਾਂ ਯਕੀਨੀ ਬਣਾਉਣ ਦੀ ਵਚਨਬੱਧਤਾ ਨੂੰ ਦੁਹਰਾਇਆ**

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਵਿਚ ਆਦਰਸ਼ ਚੋਣ ਜ਼ਾਬਤੇ ਦੀ ਮਰਿਆਦਾ ਨੂੰ ਕਾਇਮ ਰੱਖਣ ਲਈ ਇਨਫੋਰਸਮੈਂਟ ਏਜੰਸੀਆਂ ਵੱਲੋਂ ਸਖ਼ਤ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ, ਜਿਸ ਦੇ ਨਤੀਜੇ ਵਜੋਂ 1 ਮਾਰਚ ਤੋਂ 4 ਮਈ ਤੱਕ 609.38 ਕਰੋੜ ਰੁਪਏ ਦੀ ਨਕਦੀ, ਸ਼ਰਾਬ, ਨਸ਼ੀਲੇ ਪਦਾਰਥ, ਕੀਮਤੀ ਵਸਤਾਂ ਅਤੇ ਹੋਰ ਵਸਤੂਆਂ ਨੂੰ ਜ਼ਬਤ ਕੀਤਾ ਗਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ 1 ਮਾਰਚ ਤੋਂ 4 ਮਈ ਤੱਕ ਜ਼ਬਤੀ ਵਿਚ 11.2 ਕਰੋੜ ਰੁਪਏ ਦੀ ਨਕਦੀ, 18 ਕਰੋੜ ਰੁਪਏ ਦੀ ਕੀਮਤ ਵਾਲੀ 27.95 ਲੱਖ ਲੀਟਰ ਸ਼ਰਾਬ, 563.53 ਕਰੋੜ ਦੀ ਕੀਮਤ ਵਾਲੇ ਨਸ਼ੀਲੇ ਪਦਾਰਥ, 14.94 ਕਰੋੜ ਰੁਪਏ ਦੀਆਂ ਕੀਮਤੀ ਵਸਤਾਂ ਅਤੇ 1.69 ਕਰੋੜ ਰੁਪਏ ਦੀ ਕੀਮਤ ਵਾਲਾ ਹੋਰ ਸਮਾਨ ਬਰਾਮਦ ਕੀਤਾ ਗਿਆ ਹੈ, ਜਿਸ ਦੀ ਕੁੱਲ ਕੀਮਤ 609.38 ਕਰੋੜ ਰੁਪਏ ਬਣਦੀ ਹੈ। ਜ਼ਬਤੀ ਦੇ ਮਾਮਲੇ ਵਿਚ ਪੰਜਾਬ ਰਾਸ਼ਟਰੀ ਪੱਧਰ 'ਤੇ ਚੌਥੇ ਸਥਾਨ 'ਤੇ ਹੈ, ਜਦਕਿ ਤਾਮਿਲਨਾਡੂ, ਗੁਜਰਾਤ ਅਤੇ ਰਾਜਸਥਾਨ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਹਨ।

ਸਿਬਿਨ ਸੀ ਨੇ ਦੱਸਿਆ ਕਿ ਸੂਬੇ ਵਿਚ 24 ਇਨਫੋਰਸਮੈਂਟ ਏਜੰਸੀਆਂ ਸਰਗਰਮੀ ਨਾਲ ਕੰਮ ਕਰ ਰਹੀਆਂ ਹਨ ਅਤੇ 16 ਮਾਰਚ ਨੂੰ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਤੋਂ ਲੈ ਕੇ 4 ਮਈ ਤੱਕ, ਸਾਰੀਆਂ ਏਜੰਸੀਆਂ ਵੱਲੋਂ ਕੁੱਲ 514.81 ਕਰੋੜ ਰੁਪਏ ਦੀ ਜ਼ਬਤੀ ਕੀਤੀ ਗਈ ਹੈ। ਪੰਜਾਬ ਪੁਲਿਸ ਨੇ ਸੂਬੇ ਵਿਚ ਸਭ ਤੋਂ ਵੱਧ 404.2 ਕਰੋੜ ਰੁਪਏ ਦੀ ਜ਼ਬਤੀ ਕੀਤੀ ਹੈ। ਇਸੇ ਤਰ੍ਹਾਂ ਬੀ.ਐੱਸ.ਐੱਫ. ਨੇ 23 ਕਰੋੜ ਰੁਪਏ, ਆਮਦਨ ਕਰ ਵਿਭਾਗ ਨੇ 9.28 ਕਰੋੜ ਰੁਪਏ, ਸੂਬੇ ਦੇ ਆਬਕਾਰੀ ਵਿਭਾਗ ਨੇ 8.29 ਕਰੋੜ ਰੁਪਏ, ਸੂਬੇ ਦੇ ਵਸਤੂ ਅਤੇ ਸੇਵਾਵਾਂ ਕਰ ਵਿਭਾਗ ਨੇ 5 ਕਰੋੜ ਰੁਪਏ, ਕਸਟਮ ਵਿਭਾਗ ਨੇ 4.37 ਕਰੋੜ ਰੁਪਏ ਅਤੇ ਨਾਰਕੋਟਿਕਸ ਕੰਟਰੋਲ ਬਿਊਰੋ ਨੇ 2.54 ਕਰੋੜ ਰੁਪਏ ਦੀ ਜ਼ਬਤੀ ਕੀਤੀ ਹੈ।

ਜ਼ਬਤੀ ਦੇ ਮਾਮਲਿਆਂ ਵਿਚ ਜ਼ਿਲ੍ਹਿਆਂ 'ਚੋਂ ਜਲੰਧਰ 141.25 ਕਰੋੜ ਰੁਪਏ ਦੀ ਕੁੱਲ ਜ਼ਬਤੀ ਨਾਲ ਸੂਚੀ ਵਿਚ ਸਭ ਤੋਂ ਉੱਪਰ ਹੈ। ਇਸੇ ਤਰ੍ਹਾਂ 93.96 ਕਰੋੜ ਰੁਪਏ ਦੀ ਜ਼ਬਤੀ ਨਾਲ ਅੰਮ੍ਰਿਤਸਰ ਦੂਜੇ ਨੰਬਰ 'ਤੇ ਹੈ, ਜਦਕਿ ਤਰਨਤਾਰਨ ਵਿਚੋਂ 59.55 ਕਰੋੜ ਰੁਪਏ, ਫ਼ਿਰੋਜ਼ਪੁਰ ਵਿਚੋਂ 54.58 ਕਰੋੜ ਰੁਪਏ ਅਤੇ ਫਾਜ਼ਿਲਕਾ ਵਿਚੋਂ 42.1 ਕਰੋੜ ਰੁਪਏ ਦੀਆਂ ਬਰਮਾਦਗੀਆਂ ਹੋਈਆਂ ਹਨ।

ਇਸ ਤੋਂ ਇਲਾਵਾ ਲੁਧਿਆਣਾ 'ਚ 27.86 ਕਰੋੜ ਰੁਪਏ, ਪਠਾਨਕੋਟ 'ਚ 21.4 ਕਰੋੜ ਰੁਪਏ, ਸੰਗਰੂਰ 'ਚ 11.7 ਕਰੋੜ ਰੁਪਏ, ਗੁਰਦਾਸਪੁਰ 'ਚ 10.75 ਕਰੋੜ ਰੁਪਏ, ਪਟਿਆਲਾ 'ਚ 7.29 ਕਰੋੜ ਰੁਪਏ, ਬਰਨਾਲਾ 'ਚ 7.2 ਕਰੋੜ ਰੁਪਏ ਅਤੇ ਮੋਗਾ 'ਚ 6.73 ਕਰੋੜ ਰੁਪਏ ਦੀਆਂ ਜ਼ਬਤੀਆਂ ਕੀਤੀਆਂ ਗਈਆਂ ਹਨ।

# ਭਾਰਤੀ ਚੋਣ ਕਮਿਸ਼ਨ ਵੱਲੋਂ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਲਈ 15 ਖਰਚਾ ਨਿਗਰਾਨ ਨਿਯੁਕਤ : ਸਿਬਿਨ ਸੀ

- **ਉਮੀਦਵਾਰਾਂ ਅਤੇ ਰਾਜਨੀਤਿਕ ਦਲਾਂ ਦੇ ਚੋਣ ਖਰਚਿਆਂ 'ਤੇ ਨਜ਼ਰ ਰੱਖਣਗੇ ਖਰਚਾ ਨਿਗਰਾਨ : ਮੁੱਖ ਚੋਣ ਅਧਿਕਾਰੀ**

**ਚੰਡੀਗੜ੍ਹ, (ਪੰਜਾਬ ਮੇਲ)-** ਭਾਰਤੀ ਚੋਣ ਕਮਿਸ਼ਨ ਵੱਲੋਂ ਲੋਕ ਸਭਾ ਚੋਣਾਂ 2024 ਦੇ ਮੱਦੇਨਜ਼ਰ ਰਾਜਨੀਤਿਕ ਪਾਰਟੀਆਂ ਅਤੇ ਉਨ੍ਹਾਂ ਦੇ ਉਮੀਦਵਾਰਾਂ ਦੇ ਖਰਚੇ 'ਤੇ ਨਜ਼ਰ ਰੱਖਣ ਲਈ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਾਸਤੇ 15 ਖਰਚਾ ਨਿਗਰਾਨਾਂ ਦੀ ਸੂਚੀ ਜਾਰੀ ਕਰ ਦਿੱਤੀ ਗਈ ਹੈ। ਇਹ ਸਾਰੇ ਅਧਿਕਾਰੀ ਭਾਰਤੀ ਰੈਵਨਿਊ ਸਰਵਿਸ (ਆਈ.ਆਰ.ਐੱਸ.) ਨਾਲ ਸਬੰਧਤ ਹਨ ਅਤੇ ਖਰਚਾ ਨਿਗਰਾਨ ਵਜੋਂ ਵਿਸ਼ੇਸ਼ ਮੁਹਾਰਤ ਰੱਖਦੇ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਨਿਰਪੱਖ ਅਤੇ ਪਾਰਦਰਸ਼ੀ ਚੋਣਾਂ ਨੂੰ ਯਕੀਨੀ ਬਣਾਉਣ ਲਈ ਖਰਚਾ ਨਿਗਰਾਨ ਅਹਿਮ ਭੂਮਿਕਾ ਨਿਭਾਉਂਦੇ ਹਨ ਅਤੇ ਉਨ੍ਹਾਂ ਵੱਲੋਂ ਰਾਜਨੀਤਿਕ ਪਾਰਟੀਆਂ ਅਤੇ ਉਮੀਦਵਾਰਾਂ ਦੇ ਹਰ ਛੋਟੇ-ਵੱਡੇ ਚੋਣ ਖਰਚੇ 'ਤੇ ਤਿੱਖੀ ਨਜ਼ਰ ਰੱਖੀ ਜਾਂਦੀ ਹੈ।

ਮੁੱਖ ਚੋਣ ਅਧਿਕਾਰੀ ਨੇ ਅੱਗੇ ਦੱਸਿਆ ਕਿ ਗੁਰਦਾਸਪੁਰ ਲੋਕ ਸਭਾ ਸੀਟ ਲਈ ਹਰਸ਼ਦ ਐੱਸ. ਵੇਂਗੁਰਲੇਕਰ, ਅੰਮ੍ਰਿਤਸਰ ਲੋਕ ਸਭਾ ਸੀਟ ਲਈ ਬਰੇ ਗਣੇਸ਼ ਸੁਧਾਕਰ, ਖਡੂਰ ਸਾਹਿਬ ਲੋਕ ਸਭਾ ਸੀਟ ਲਈ ਅਨੁਰਾਗ ਤ੍ਰਿਪਾਠੀ ਅਤੇ ਜਲੰਧਰ ਲੋਕ ਸਭਾ ਸੀਟ ਲਈ ਮਾਧਵ ਦੇਸ਼ਮੁਖ ਨੂੰ ਨਿਯੁਕਤ ਕੀਤਾ ਹੈ।

ਇਸੇ ਤਰ੍ਹਾਂ ਲੋਕ ਸਭਾ ਸੀਟ ਹੁਸ਼ਿਆਰਪੁਰ ਲਈ ਪਵਨ ਕੁਮਾਰ ਖੇਤਾਨ, ਲੋਕ ਸਭਾ ਸੀਟ ਅਨੰਦਪੁਰ ਸਾਹਿਬ ਲਈ ਸ਼ਿਲਪੀ ਸਿਨਹਾ, ਲੋਕ ਸਭਾ ਸੀਟ ਲੁਧਿਆਣਾ ਲਈ ਪੰਕਜ ਕੁਮਾਰ ਅਤੇ ਚੇਤਨ ਡੀ ਕਲਾਮਕਰ, ਲੋਕ ਸਭਾ ਸੀਟ ਫਤਿਹਗੜ੍ਹ ਸਾਹਿਬ ਲਈ ਆਨੰਦ ਕੁਮਾਰ, ਲੋਕ ਸਭਾ ਸੀਟ ਫਰੀਦਕੋਟ ਲਈ ਮਨੀਸ਼ ਕੁਮਾਰ, ਲੋਕ ਸਭਾ ਸੀਟ ਫਿਰੋਜ਼ਪੁਰ ਲਈ ਨਗੇਂਦਰ ਯਾਦਵ, ਲੋਕ ਸਭਾ ਸੀਟ ਬਠਿੰਡਾ ਲਈ ਅਖਿਲੇਸ਼ ਕੁਮਾਰ ਯਾਦਵ ਅਤੇ ਨੰਦਿਨੀ ਆਰ. ਨਾਇਰ, ਲੋਕ ਸਭਾ ਸੀਟ ਸੰਗਰੂਰ ਲਈ ਅਮਿਤ ਸੰਜੇ ਗੁਰਵ ਅਤੇ ਲੋਕ ਸਭਾ ਸੀਟ ਪਟਿਆਲਾ ਲਈ ਮੀਤੂ ਅਗਰਵਾਲ ਨੂੰ ਨਿਯੁਕਤ ਕੀਤਾ ਹੈ।

ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਕਿਹਾ ਕਿ ਹਰੇਕ ਖਰਚਾ ਆਬਜ਼ਰਵਰ ਆਪਣੇ ਸਬੰਧਤ ਲੋਕ ਸਭਾ ਹਲਕੇ ਵਿਚ ਚੋਣ ਪ੍ਰਕਿਰਿਆ ਦੀ ਨਿਰਪੱਖਤਾ ਅਤੇ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਏਗਾ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com




ਪੰਜਾਬ ਮੇਲ USA

# ਟਰੱਸਟ ਦੀਆਂ ਲੈਬਾਰਟਰੀਆਂ ਤੋਂ ਹਰ ਸਾਲ 12 ਲੱਖ ਤੋਂ ਵਧੇਰੇ ਲੋਕ ਕਰਵਾ ਰਹੇ ਨੇ ਟੈਸਟ : ਡਾ. ਓਬਰਾਏ

- ਸਰਬੱਤ ਦਾ ਭਲਾ ਟਰੱਸਟ ਵੱਲੋਂ ਸਰਹੱਦੀ ਖੇਤਰ 'ਚ ਲੈਬ ਅਤੇ ਡਾਇਗਨੋਸਟਿਕ ਸੈਂਟਰ ਦਾ ਉਦਘਾਟਨ
- ਡਾ. ਓਬਰਾਏ ਦੇ ਬੇਮਿਸਾਲ ਸੇਵਾ ਕਾਰਜਾਂ ਨੇ ਹਮੇਸ਼ਾਂ ਪੰਜਾਬੀਅਤ ਦਾ ਮਾਣ ਵਧਾਇਆ : ਸਰਬਜੀਤ ਸਿੰਘ



ਲੈਬਾਰਟਰੀ ਦਾ ਉਦਘਾਟਨ ਕਰਨ ਮੌਕੇ ਡਾ. ਐੱਸ.ਪੀ. ਸਿੰਘ ਓਬਰਾਏ, ਸਰਬਜੀਤ ਸਿੰਘ, ਡਾ: ਨਿੱਜਰ, ਸੁਖਜਿੰਦਰ ਸਿੰਘ ਹੇਰ ਤੇ ਹੋਰ।

**ਅੰਮ੍ਰਿਤਸਰ, (ਪੰਜਾਬ ਮੇਲ)**- ਆਪਣੀ ਜੇਬ 'ਚੋਂ ਹੀ ਕਰੋੜਾਂ ਰੁਪਏ ਸੇਵਾ ਕਾਰਜਾਂ 'ਤੇ ਖ਼ਰਚ ਕਰਨ ਵਾਲੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਆਗਮਨ ਪੁਰਬ ਨੂੰ ਸਮਰਪਿਤ 'ਸੰਨੀ ਓਬਰਾਏ ਕਲੀਨੀਕਲ ਲੈਬ ਅਤੇ ਡਾਇਗਨੋਸਟਿਕ ਸੈਂਟਰ' ਦਾ ਉਦਘਾਟਨ ਅੰਮ੍ਰਿਤਸਰ ਦੇ ਸਰਹੱਦੀ ਪਿੰਡ ਚੀਚਾ ਦੇ 'ਗੁਰੂ ਨਾਨਕ ਸਿੱਖਿਆ ਤੇ ਸੇਵਾ ਕੇਂਦਰ' ਵਿਖੇ ਕੀਤਾ ਗਿਆ। ਸਮਾਗਮ 'ਚ ਟਰੱਸਟੀ ਡਾ. ਸਤਨਾਮ ਸਿੰਘ ਨਿੱਜਰ ਨੇ ਵੀ ਬਤੌਰ ਵਿਸ਼ੇਸ਼ ਮਹਿਮਾਨ ਸ਼ਿਰਕਤ ਕੀਤੀ।

ਅੰਮ੍ਰਿਤਸਰ ਜ਼ਿਲ੍ਹੇ ਦੇ ਸਰਹੱਦੀ ਖੇਤਰ 'ਚ ਭਕਨਾ-ਚੀਚਾ ਰੋਡ 'ਤੇ 'ਲੰਗਰੁ ਚਲੈ ਗੁਰ ਸਬਦਿ ਸੰਸਥਾ' ਵੱਲੋਂ ਚਲਾਏ ਜਾ ਰਹੇ ਗੁਰੂ ਨਾਨਕ ਸਿੱਖਿਆ ਤੇ ਸੇਵਾ ਕੇਂਦਰ ਵਿਖੇ ਖੋਲ੍ਹੀ ਗਈ ਇਸ ਲੈਬਾਰਟਰੀ ਦੇ ਉਦਘਾਟਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਐੱਸ.ਪੀ. ਸਿੰਘ ਓਬਰਾਏ ਨੇ ਪੰਜਾਬ ਸਮੇਤ ਹੋਰਨਾਂ ਸੂਬਿਆਂ 'ਚ ਸਰਬੱਤ ਦਾ ਭਲਾ ਟਰੱਸਟ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਟਰੱਸਟ ਵੱਲੋਂ ਸਥਾਪਤ ਕੀਤੀ ਗਈ ਬਹੁਤ ਹੀ ਘੱਟ ਖ਼ਰਚੇ ਵਾਲੀ ਇਸ ਲੈਬਾਰਟਰੀ ਨਾਲ



ਅੰਮ੍ਰਿਤਸਰ ਜ਼ਿਲ੍ਹੇ ਦੇ ਸਰਹੱਦੀ ਪਿੰਡਾਂ ਨੂੰ ਬਹੁਤ ਵੱਡੀ ਸਹੂਲਤ ਮਿਲੇਗੀ। ਡਾ. ਐੱਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਟਰੱਸਟ ਵੱਲੋਂ ਹੁਣ ਤੱਕ ਪੰਜਾਬ ਤੇ ਹਰਿਆਣਾ ਸਮੇਤ ਹੋਰਨਾਂ ਸੂਬਿਆਂ 'ਚ 95 ਤੋਂ ਵੱਧ ਲੈਬਾਰਟਰੀਆਂ ਖੋਲ੍ਹੀਆਂ ਜਾ ਚੁੱਕੀਆਂ ਹਨ, ਜਿਨ੍ਹਾਂ ਅੰਦਰ ਹਰ ਸਾਲ ਲਗਭਗ 12 ਲੱਖ ਦੇ ਕਰੀਬ ਲੋਕ ਕੇਵਲ ਲਾਗਤ ਦਰਾਂ 'ਤੇ ਆਪਣੇ ਟੈਸਟ ਕਰਵਾ ਰਹੇ ਹਨ। ਉਨ੍ਹਾਂ 'ਲੰਗਰੁ ਚਲੈ ਗੁਰ ਸਬਦਿ ਸੰਸਥਾ' ਵੱਲੋਂ ਚਲਾਏ ਜਾ ਰਹੇ ਗੁਰੂ ਨਾਨਕ ਸਿੱਖਿਆ ਤੇ ਸੇਵਾ ਕੇਂਦਰ ਦੀ ਵੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸੰਸਥਾ ਇਸ ਸਰਹੱਦੀ ਖੇਤਰ ਦੇ ਬੱਚਿਆਂ ਲਈ ਚਾਨਣ ਮੁਨਾਰਾ ਸਾਬਿਤ ਹੋਵੇਗੀ। ਡਾ. ਓਬਰਾਏ ਨੇ ਇਸ ਕੇਂਦਰ ਵਿਚ ਜਲਦੀ ਹੀ ਕੰਪਿਊਟਰ ਸਿਖਲਾਈ ਕੇਂਦਰ ਤੇ ਸਿਲਾਈ ਕੇਂਦਰ ਖੋਲ੍ਹਣ ਦਾ ਵੀ ਐਲਾਨ ਕੀਤਾ।

ਇਸ ਮੌਕੇ ਸੰਸਥਾ ਦੇ ਚੇਅਰਮੈਨ ਸਰਬਜੀਤ ਸਿੰਘ ਹੁਸ਼ਿਆਰਨਗਰ ਨੇ ਡਾ. ਓਬਰਾਏ ਤੇ ਸਰਬੱਤ ਦਾ ਭਲਾ ਟਰੱਸਟ ਵੱਲੋਂ ਲੋੜਵੰਦਾਂ ਲਈ ਚਲਾਈਆਂ ਜਾ ਰਹੀਆਂ ਯੋਜਨਾਵਾਂ ਦੀ ਪ੍ਰਸ਼ੰਸਾ ਕੀਤੀ ਤੇ ਕਿਹਾ ਕਿ ਇਹ ਕੇਂਦਰ ਪੇਂਡੂ ਤੇ ਸਰਹੱਦੀ ਖੇਤਰ ਦੇ ਲੋਕਾਂ ਲਈ ਕਾਰਜਸ਼ੀਲ ਰਹੇਗੀ।

ਇਸ ਮੌਕੇ ਟਰੱਸਟ ਦੇ ਮੀਡੀਆ ਸਲਾਹਕਾਰ ਰਵਿੰਦਰ ਰੌਬਿਨ, ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਸਲਾਹਕਾਰ ਸੁਖਦੀਪ ਸਿੱਧੂ, ਜ਼ਿਲ੍ਹਾ ਪ੍ਰਧਾਨ ਸ਼ਿਸ਼ਪਾਲ ਸਿੰਘ ਲਾਡੀ, ਜਨਰਲ ਸਕੱਤਰ ਮਨਪ੍ਰੀਤ ਸੰਧੂ, ਨਵਜੀਤ ਘਈ, ਜਗਦੇਵ ਸਿੰਘ ਛੀਨਾ, ਸੁਖਚੈਨ ਸਿੰਘ ਹੇਰ, ਸੁਖਦੀਪ ਸਿੰਘ ਚੀਚਾ, ਡਾ. ਗੁਰਬਲਜੀਤ ਸਿੰਘ, ਮੋਹਨਜੀਤ ਸਿੰਘ ਪਟਵਾਰੀ, ਡਾ. ਜਸਮਿੰਦਰਜੀਤ ਸਿੰਘ, ਐਡਵੋਕੇਟ ਰਣਜੀਤ ਸਿੰਘ, ਸਤਨਾਮ ਸਿੰਘ ਚੀਚਾ, ਸਰਪੰਚ ਸੁਖਦੇਵ ਸਿੰਘ, ਚਰਨਜੀਤ ਸਿੰਘ ਭਕਨਾ, ਲਖਵਿੰਦਰ ਸਿੰਘ, ਪ੍ਰੋ. ਭੁਪਿੰਦਰ ਸਿੰਘ ਭਕਨਾ, ਜਸਬੀਰ ਸਿੰਘ ਭਕਨਾ, ਬਲਜਿੰਦਰ ਸਿੰਘ ਬੱਲ, ਮਾਸਟਰ ਅਵਤਾਰ ਸਿੰਘ ਸੋਹਲ, ਸੁਖਦੀਪ ਸਿੰਘ ਚੀਚਾ ਤੇ ਸੰਸਥਾ ਦੇ ਪ੍ਰਚਾਰਕ ਵੀ ਮੌਜੂਦ ਸਨ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਮਜ਼ਦੂਰ ਦਿਵਸ ਤੇ ਮਜ਼ਦੂਰਾਂ ਨੂੰ ਦਿੱਤੀ ਵਿੱਤੀ ਸਹਾਇਤਾ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ 24 ਘੰਟੇ ਦਰਵਾਜ਼ੇ ਖੁੱਲ੍ਹੇ ਰੱਖੇ ਗਏ ਹਨ। ਇਸ ਲੜੀ ਨੂੰ ਅੱਗੇ ਤੋਰਦਿਆਂ 1 ਮਈ ਨੂੰ ਮਜ਼ਦੂਰ ਦਿਵਸ ਤੇ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ 'ਤੇ ਸ੍ਰੀ ਮੁਕਤਸਰ ਸਾਹਿਬ ਵਿਖੇ 32 ਗਰੀਬ ਅਤੇ ਬੇਸਹਾਰਾ ਬਜ਼ੁਰਗ ਮਜ਼ਦੂਰਾਂ (ਆਦਮੀ ਅਤੇ ਔਰਤਾਂ) ਨੂੰ ਅਪਣੇ ਗੁਜ਼ਾਰੇ ਲਈ ਵਿੱਤੀ ਸਹਾਇਤਾ ਰਾਸ਼ੀ ਦਿੱਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਵੱਲੋਂ 1 ਮਈ ਨੂੰ ਮਜ਼ਦੂਰ ਦਿਵਸ ਮਨਾਉਂਦੇ ਹੋਏ ਡਾਕਟਰ ਐੱਸ.ਪੀ. ਸਿੰਘ ਓਬਰਾਏ



ਡਾ. ਐੱਸ.ਪੀ. ਸਿੰਘ ਓਬਰਾਏ।

ਵਲੋਂ ਭੇਜੀ ਹੋਈ ਰਾਸ਼ੀ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਮਜ਼ਦੂਰਾਂ (ਆਦਮੀ ਅਤੇ ਔਰਤ) ਨੂੰ ਦਿੱਤੀ ਗਈ। ਇਹ ਮੌਕੇ ਮਜ਼ਦੂਰਾਂ ਨੇ ਕਿਹਾ ਕਿ ਗਰੀਬੀ ਸ਼ਬਦ ਬਹੁਤ ਹੀ ਛੋਟਾ ਹੈ ਪਰ ਗ਼ਰੀਬੀ ਕੱਟਣੀ ਬਹੁਤ ਹੀ ਔਖੀ ਹੈ। ਅੰਤ ਵਿਚ ਡਾਕਟਰ ਐੱਸ.ਪੀ. ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਜੋਨ ਨੇ ਦੱਸਿਆ ਟਰੱਸਟ ਵੱਲੋਂ ਦੁਨੀਆਂ ਭਰ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਲੋਕ ਭਲਾਈ ਦੇ ਕਾਰਜ ਜਾਰੀ ਹਨ। ਇਸ ਮੌਕੇ ਬਲਵਿੰਦਰ ਸਿੰਘ ਬਰਾੜ ਰਿਟਾਇਰਡ ਪ੍ਰਿੰਸੀਪਲ, ਮਲਕੀਤ ਸਿੰਘ ਰਿਟਾਇਰਡ ਬੈਂਕ ਮੈਨੇਜਰ, ਗੁਰਪਾਲ ਸਿੰਘ, ਜਤਿੰਦਰ ਸਿੰਘ ਕੈਂਥ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ, ਜਸਬੀਰ ਸਿੰਘ ਰਿਟਾਇਰਡ ਏ.ਐੱਸ.ਆਈ., ਸੁਖਬੀਰ ਸਿੰਘ ਜੈਲਦਾਰ, ਰਣਧੀਰ ਸਿੰਘ ਸਾਗੂ (ਕੈਨੇਡਾ) ਬਰਨੇਕ ਸਿੰਘ ਰਿਟਾਇਰਡ ਲੈਕਚਰਾਰ ਆਦਿ ਹਾਜ਼ਰ ਸਨ।




# ਉਮੀਦਵਾਰਾਂ ਦੇ ਸਿਆਸੀ ਵਾਰਿਸ ਵੀ ਹੁਣ ਪ੍ਰਚਾਰ ਮੁਹਿੰਮ 'ਚ ਨਿੱਤਰੇ

**ਬਠਿੰਡਾ, (ਪੰਜਾਬ ਮੇਲ)-** ਪੰਜਾਬ 'ਚ ਚੋਣ ਤਰੀਕ ਦੀ ਪੁੱਠੀ ਗਿਣਤੀ ਦੀ ਸ਼ੁਰੂਆਤ ਦੇ ਨਾਲ ਚੋਣ ਮੈਦਾਨ ਭਖਣ ਲੱਗਾ ਹੈ। ਉਮੀਦਵਾਰਾਂ ਦੇ ਸਿਆਸੀ ਵਾਰਿਸ ਵੀ ਹੁਣ ਪ੍ਰਚਾਰ ਮੁਹਿੰਮ 'ਚ ਨਿੱਤਰ ਆਏ ਹਨ। 3 ਜ਼ਿਲ੍ਹਿਆਂ ਅਤੇ 9 ਵਿਧਾਨ ਸਭਾ ਹਲਕਿਆਂ ਵਾਲੇ ਬਠਿੰਡਾ ਲੋਕ ਸਭਾ ਹਲਕੇ 'ਚ ਮੁਕਾਬਲਾ ਦਿਲਚਸਪ ਬਣਦਾ ਜਾ ਰਿਹਾ ਹੈ। ਇਥੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਦੇ ਪ੍ਰਚਾਰ ਨੂੰ ਉਨ੍ਹਾਂ ਦੇ ਪੁੱਤਰ ਸੁਮੀਤ ਅਤੇ ਅਮੀਤ ਖੰਭ ਲਾ ਰਹੇ ਹਨ। ਲੰਮੇ ਚੌੜੇ ਭੂਗੋਲਿਕ ਖਿੱਤੇ ਵਾਲੇ ਇਸ ਹਲਕੇ 'ਚ ਤਿੰਨੇ ਪਿਤਾ-ਪੁੱਤਰ ਇਲਾਕਿਆਂ ਨੂੰ ਵੰਡ ਕੇ ਪ੍ਰਚਾਰ ਕਰ ਰਹੇ ਹਨ। ਖੁੱਡੀਆਂ ਦਾ ਭਤੀਜਾ ਰਣਧੀਰ ਧੀਰਾ ਵੀ ਪਰਿਵਾਰ ਦੇ ਜੱਦੀ ਹਲਕੇ ਲੰਬੀ 'ਚ ਸਰਗਰਮ ਹੈ।



**ਬਠਿੰਡਾ 'ਚ ਚੋਣ ਪ੍ਰਚਾਰ ਦੌਰਾਨ ਲੋਕਾਂ ਨੂੰ ਮਿਲਦਾ ਹੋਇਆ ਗੁਰਮੀਤ ਸਿੰਘ ਖੁੱਡੀਆਂ ਦਾ ਪੁੱਤਰ ਅਮੀਤ ਸਿੰਘ।**

ਕਾਂਗਰਸੀ ਉਮੀਦਵਾਰ ਜੀਤ ਮਹਿੰਦਰ ਸਿੰਘ ਸਿੱਧੂ ਦੀ ਪਤਨੀ ਨਿਮਰਤ ਕੌਰ ਆਪਣੇ ਪਤੀ ਦੇ ਹੱਕ 'ਚ ਪ੍ਰਚਾਰ ਕਰ ਰਹੀ ਹੈ। ਉਨ੍ਹਾਂ ਦੀ ਔਰਤਾਂ ਦੀਆਂ ਮੁਹੱਲਾ ਮੀਟਿੰਗਾਂ 'ਚ ਸ਼ਮੂਲੀਅਤ ਵਧੇਰੇ ਹੈ। ਜੀਤ ਮਹਿੰਦਰ ਸਿੱਧੂ ਦੇ ਪੁੱਤਰ ਗੁਰਬਾਜ਼ ਸਿੰਘ ਲੋਕਾਂ ਕੋਲ ਜਾ ਕੇ ਆਪਣੇ ਪਿਤਾ ਦੇ ਹੱਕ 'ਚ ਫ਼ਤਵੇ ਲਈ ਅਪੀਲ ਕਰ ਰਹੇ ਹਨ।

ਹਲਕੇ ਤੋਂ ਭਾਜਪਾ ਉਮੀਦਵਾਰ ਪਰਮਪਾਲ ਕੌਰ ਸਿੱਧੂ ਸੀਨੀਅਰ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਦੀ ਨੂੰਹ ਹੈ। ਸਾਬਕਾ ਆਈ.ਏ.ਐੱਸ. ਅਧਿਕਾਰੀ ਪਰਮਪਾਲ ਕੌਰ ਨੇ ਕੁਝ ਦਿਨ ਪਹਿਲਾਂ ਹੀ ਆਪਣੀ ਨੌਕਰੀ ਨੂੰ ਅਲਵਿਦਾ ਕਹਿ ਕੇ ਭਾਜਪਾ ਦਾ ਪੱਲਾ ਫੜਿਆ ਸੀ। ਉਨ੍ਹਾਂ ਦੇ ਚੋਣ ਪ੍ਰਚਾਰ ਵਿਚ ਉਨ੍ਹਾਂ ਦੇ ਪਤੀ ਗੁਰਪ੍ਰੀਤ ਸਿੰਘ ਮਲੂਕਾ ਸਾਥ ਦੇ ਰਹੇ ਹਨ। ਸਿਕੰਦਰ ਸਿੰਘ ਮਲੂਕਾ ਨੇ ਫਿਲਹਾਲ ਉਨ੍ਹਾਂ ਦੇ ਚੋਣ ਪ੍ਰਚਾਰ ਤੋਂ ਦੂਰੀ ਬਣਾਈ ਹੋਈ ਹੈ। ਉਂਜ ਵੀ ਅਕਾਲੀ ਸਿਆਸਤ 'ਚ ਉਨ੍ਹਾਂ ਦੀ ਸਰਗਰਮੀ ਖ਼ਤਮ ਵਾਂਗ ਹੈ। ਮਲੂਕਾ ਕਿਸੇ ਅਕਾਲੀ ਉਮੀਦਵਾਰ ਦੇ ਹੱਕ 'ਚ ਪ੍ਰਚਾਰ ਕਰਦੇ ਵੀ ਨਜ਼ਰ ਨਹੀਂ ਆਏ।

ਬਠਿੰਡਾ ਹਲਕੇ ਤੋਂ ਚੌਥੀ ਵਾਰ ਚੋਣ ਲੜ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਹਰਸਿਮਰਤ ਕੌਰ ਬਾਦਲ ਫਿਲਹਾਲ ਇਕੱਲੇ ਹੀ ਚੋਣ ਪ੍ਰਚਾਰ 'ਚ ਦਿਖਾਈ ਦੇ ਰਹੇ ਹਨ। ਉਂਜ ਉਨ੍ਹਾਂ ਦੇ ਪਤੀ ਸੁਖਬੀਰ ਸਿੰਘ ਬਾਦਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਹੈਸੀਅਤ ਵਜੋਂ ਪ੍ਰਚਾਰ ਵਿਚ ਹਾਜ਼ਰੀ ਜ਼ਰੂਰ ਲੁਆ ਰਹੇ ਹਨ। ਉਹ ਇਸ ਵੇਲੇ 'ਪੰਜਾਬ ਬਚਾਓ' ਯਾਤਰਾ ਵਿਚ ਰੁੱਝੇ ਹੋਏ ਹਨ। ਪਿਛਲੀਆਂ ਚੋਣਾਂ 'ਚ ਉਨ੍ਹਾਂ ਦੇ ਬੱਚਿਆਂ ਨੇ ਵੀ ਆਪਣੀ ਮਾਤਾ ਦੇ ਪੱਖ 'ਚ ਚੋਣ ਪ੍ਰਚਾਰ ਕੀਤਾ ਸੀ।

# ਨਵਜੋਤ ਸਿੱਧੂ ਪੰਜਾਬ 'ਚ ਲੋਕ ਸਭਾ ਚੋਣਾਂ ਦੌਰਾਨ ਕਰਨਗੇ ਪ੍ਰਚਾਰ



**ਪਟਿਆਲਾ, (ਪੰਜਾਬ ਮੇਲ)-** ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਲੋਕ ਸਭਾ ਚੋਣਾਂ ਦੌਰਾਨ ਚੋਣ ਪ੍ਰਚਾਰ 'ਚ ਹਿੱਸਾ ਲੈਣਗੇ। ਉਹ ਪਟਿਆਲਾ ਤੋਂ ਪਾਰਟੀ ਉਮੀਦਵਾਰ ਡਾ. ਧਰਮਵੀਰ ਗਾਂਧੀ ਦੇ ਚੋਣ ਪ੍ਰਚਾਰ 'ਚ ਹਿੱਸਾ ਲੈਣ ਲਈ ਪੰਜਾਬ ਆ ਰਹੇ ਹਨ। ਉਹ ਡਾ. ਗਾਂਧੀ ਤੋਂ ਇਲਾਵਾ ਪੰਜਾਬ ਦੇ ਹੋਰ ਕਈ ਕਾਂਗਰਸੀ ਉਮੀਦਵਾਰਾਂ ਦਾ ਪ੍ਰਚਾਰ ਵੀ ਕਰਨਗੇ। ਡਾ. ਧਰਮਵੀਰ ਗਾਂਧੀ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਤੇ ਮਾਲਵਿੰਦਰ ਸਿੰਘ ਮਾਲੀ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ। ਡਾ. ਗਾਂਧੀ ਨੇ ਕਿਹਾ ਕਿ ਨਵਜੋਤ ਸਿੱਧੂ ਦੀ ਉਨ੍ਹਾਂ ਨਾਲ ਗੱਲ ਹੋ ਚੁੱਕੀ ਹੈ ਤੇ ਆਉਂਦੇ ਦਿਨਾਂ ਵਿਚ ਉਹ ਪੰਜਾਬ ਦੀਆਂ ਸਿਆਸੀ ਸਟੇਜਾਂ 'ਤੇ ਨਜ਼ਰ ਆਉਣਗੇ। ਸੂਤਰਾਂ ਅਨੁਸਾਰ ਨਵਜੋਤ ਸਿੱਧੂ ਅੰਮ੍ਰਿਤਸਰ, ਪਟਿਆਲਾ, ਸੰਗਰੂਰ ਅਤੇ ਜਲੰਧਰ ਦੀਆਂ ਸੀਟਾਂ 'ਤੇ ਵਿਸ਼ੇਸ਼ ਧਿਆਨ ਦੇਣਗੇ। ਨਾਜਰ ਸਿੰਘ ਮਾਨਸ਼ਾਹੀਆ ਨੇ ਕਿਹਾ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਹਰਵਿੰਦਰ ਲਾਡੀ, ਮਹੇਸ਼ਇੰਦਰ ਸਿੰਘ ਨਿਹਾਲ ਸਿੰਘ ਵਾਲਾ, ਧਰਮਪਾਲ ਸਿੰਘ ਨਿਹਾਲ ਸਿੰਘ ਵਾਲਾ, ਸੁਰਜੀਤ ਸਿੰਘ ਧੀਮਾਨ, ਸ਼ੈਰੀ ਰਿਆੜ ਪਟਿਆਲਾ ਨੂੰ ਮੁਅੱਤਲ ਕੀਤਾ ਹੋਇਆ ਹੈ। ਉਨ੍ਹਾਂ ਦਾ ਸਾਰਾ ਧੜਾ ਨਵਜੋਤ ਸਿੱਧੂ ਦੀ ਬੇਸਬਰੀ ਨਾਲ ਉਡੀਕ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਬੀਤੇ ਕੁਝ ਦਿਨਾਂ ਤੋਂ ਨਵਜੋਤ ਸਿੰਘ ਸਿੱਧੂ ਸਿਆਸਤ ਤੋਂ ਦੂਰ ਹਨ। ਉਹ ਇਨ੍ਹਾਂ ਦਿਨਾਂ ਵਿਚ ਆਈ.ਪੀ.ਐੱਲ. ਵਿਚ ਕੁਮੈਂਟਰੀ ਕਰ ਰਹੇ ਹਨ। ਉਨ੍ਹਾਂ ਦੇ ਆਉਣ ਨਾਲ ਕਾਂਗਰਸ ਵਿਚ ਨਵਾਂ ਉਤਸ਼ਾਹ ਆ ਸਕਦਾ ਹੈ।

# ਚੋਣ ਜ਼ਾਬਤੇ ਦੀ ਉਲੰਘਣਾ ਦੇ ਦੋਸ਼ ਤਹਿਤ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਨੂੰ ਚੇਤਾਵਨੀ ਜਾਰੀ

**ਚੰਡੀਗੜ੍ਹ, (ਪੰਜਾਬ ਮੇਲ)-** ਲੋਕ ਸਭਾ ਚੋਣਾਂ-2024 ਦੇ ਮੱਦੇਨਜ਼ਰ ਅਲੱਗ-ਅਲੱਗ ਮਾਮਲਿਆਂ ਵਿਚ ਚੋਣ ਜ਼ਾਬਤੇ ਦੀ ਉਲੰਘਣਾ ਦੇ ਦੋਸ਼ ਤਹਿਤ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਨੂੰ ਭਾਰਤੀ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਦੇ ਦਫਤਰ ਵੱਲੋਂ ਚੇਤਾਵਨੀ ਜਾਰੀ ਕੀਤੀ ਗਈ ਹੈ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਆਮ ਆਦਮੀ ਪਾਰਟੀ ਦੇ ਸੂਬਾ ਕਨਵੀਨਰ ਤੇ ਮੁੱਖ ਮੰਤਰੀ ਸ. ਭਗਵੰਤ ਮਾਨ ਅਤੇ ਲੋਕ ਸਭਾ ਚੋਣਾਂ-2024 'ਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਖਿਲਾਫ ਇਕ ਵੀਡਿਓ ਵਿਚ 'ਦਿੱਲੀ ਦੇ ਦਲਾਲ' ਸ਼ਬਦ ਦੀ ਵਰਤੋਂ ਕੀਤੀ ਗਈ ਸੀ, ਜੋ ਕਿ ਆਦਰਸ਼ ਚੋਣ ਜ਼ਾਬਤੇ ਦੇ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਹੈ। ਸ਼੍ਰੋਮਣੀ ਅਕਾਲੀ ਦਲ ਨੇ ਬਾਅਦ ਵਿਚ ਇਹ ਵੀਡਿਓ ਹਟਾ ਲਈ ਸੀ।

ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ਼੍ਰੀ ਸੁਖਬੀਰ ਸਿੰਘ ਬਾਦਲ ਵੱਲੋਂ ਚੋਣ ਰੈਲੀ ਵਿਚ ਬੱਚਿਆਂ ਦੀ ਸ਼ਮੂਲੀਅਤ ਦੇ ਮਾਮਲੇ ਨੂੰ ਚੋਣ ਜ਼ਾਬਤੇ ਦੀ ਉਲੰਘਣਾ ਮੰਨਿਆ ਗਿਆ ਹੈ। ਲੁਧਿਆਣਾ ਦੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਧਿਕਾਰੀ ਵੱਲੋਂ ਵੀ ਰਿਪੋਰਟ ਆਈ ਸੀ ਕਿ ਚੋਣ ਰੈਲੀ ਦੌਰਾਨ ਬੱਚਿਆਂ ਦੀ ਵਰਤੋਂ ਕੀਤੀ ਗਈ ਹੈ। ਚੋਣਾਂ ਵਿਚ ਬੱਚਿਆਂ ਦੀ ਵਰਤੋਂ ਬਾਬਤ ਭਾਰਤੀ ਚੋਣ ਕਮਿਸ਼ਨ ਵੱਲੋਂ ਸਾਫ ਦਿਸ਼ਾ-ਨਿਰਦੇਸ਼ ਹਨ ਕਿ ਚੋਣ ਰੈਲੀਆਂ/ਮੁਹਿੰਮਾਂ ਵਿਚ ਬੱਚਿਆਂ ਦੀ ਵਰਤੋਂ ਨਾ ਕੀਤੀ ਜਾਵੇ।

ਭਾਰਤੀ ਚੋਣ ਕਮਿਸ਼ਨ ਦੀਆਂ ਆਦਰਸ਼ ਚੋਣ ਜ਼ਾਬਤੇ ਸਬੰਧੀ ਜਾਰੀ ਹਦਾਇਤਾਂ ਦੀ ਉਲੰਘਣਾ ਕਰਨ ਕਰਕੇ ਸ਼੍ਰੋਮਣੀ ਅਕਾਲੀ ਦਲ ਨੂੰ ਚੇਤਾਵਨੀ ਦਿੱਤੀ ਗਈ ਹੈ ਅਤੇ ਨਿਰਦੇਸ਼ ਦਿੱਤਾ ਹੈ ਕਿ ਉਹ ਅਜਿਹੀਆਂ ਗਲਤੀਆਂ ਦੋਬਾਰਾ ਨਾ ਕਰੇ ਅਤੇ ਚੋਣ ਜ਼ਾਬਤੇ ਦੇ ਦਿਸ਼ਾ-ਨਿਰਦੇਸ਼ਾਂ ਦੀ ਇੰਨ-ਬਿੰਨ ਪਾਲਣਾ ਕਰੇ।

ਉੱਧਰ ਆਮ ਆਦਮੀ ਪਾਰਟੀ ਨੂੰ 'ਅਨਸੈਕਰਡ ਗੇਮਜ਼ ਆਫ ਪੰਜਾਬ' ਵਰਗੀਆਂ ਪੋਸਟਾਂ/ਵੀਡੀਓਜ਼ ਪਾਉਣ ਤੋਂ ਰੋਕਿਆ ਗਿਆ ਹੈ। ਇਸ ਦੇ ਨਾਲ ਹੀ ਕੈਬਨਿਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਵੱਲੋਂ ਆਪਣੇ ਸਿਆਸੀ ਵਿਰੋਧੀਆਂ ਲਈ ਜਾਤ ਆਧਾਰਿਤ ਟਿੱਪਣੀਆਂ ਨੂੰ ਵੀ ਭਾਰਤੀ ਚੋਣ ਕਮਿਸ਼ਨ ਵੱਲੋਂ ਜਾਰੀ ਆਦਰਸ਼ ਚੋਣ ਜ਼ਾਬਤੇ ਦੇ ਨਿਰਦੇਸ਼ਾਂ ਦੀ ਉਲੰਘਣਾ ਮੰਨਿਆ ਗਿਆ ਹੈ।

# ਢੀਂਡਸਾ ਪਰਿਵਾਰ ਦੀ ਅਕਾਲੀ ਦਲ ਨਾਲ ਨਾਰਾਜ਼ਗੀ ਬਰਕਰਾਰ

**ਲਹਿਰਾਗਾਗਾ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਪਰਮਿੰਦਰ ਸਿੰਘ ਢੀਂਡਸਾ ਨੇ ਦੱਸਿਆ ਕਿ ਉਹ ਅਕਾਲੀ ਹਨ ਤੇ ਅਕਾਲੀ ਹੀ ਰਹਿਣਗੇ ਪਰ ਪਾਰਟੀ ਪ੍ਰਤੀ ਉਨ੍ਹਾਂ ਦੀ ਨਾਰਾਜ਼ਗੀ ਬਰਕਰਾਰ ਰਹੇਗੀ। ਢੀਂਡਸਾ ਨੇ ਕਿਹਾ ਕਿ ਉਹ ਨਾ ਤਾਂ ਪਾਰਟੀ ਉਮੀਦਵਾਰ ਦੇ ਹੱਕ ਵਿਚ ਕੋਈ ਪ੍ਰਚਾਰ ਕਰਨਗੇ ਅਤੇ ਨਾ ਹੀ ਵਿਰੋਧ ਕਰਨਗੇ। ਉਨ੍ਹਾਂ ਦਾ ਕਹਿਣਾ ਹੈ ਕਿ ਪਾਰਟੀ ਨੇ ਢੀਂਡਸਾ ਪਰਿਵਾਰ ਦੀ ਕਦਰ ਨਹੀਂ ਪਾਈ। ਉਨ੍ਹਾਂ ਕਿਹਾ ਕਿ ਲੋਕ ਸਭਾ ਹਲਕਾ ਸੰਗਰੂਰ ਤੋਂ ਟਿਕਟ ਨਾ ਮਿਲਣਾ ਕੋਈ ਮੁੱਦਾ ਨਹੀਂ। ਉਹ ਕਈ ਹੋਰ ਮੁੱਦਿਆਂ ਕਰਕੇ ਪਾਰਟੀ ਤੋਂ ਨਾਰਾਜ਼ ਹਨ।





# ਜਗਰੂਪ ਸਿੰਘ ਜਰਖੜ ਨੂੰ ਆਮ ਆਦਮੀ ਪਾਰਟੀ ਦੇ ਸਟੇਟ ਵਾਈਸ ਪ੍ਰੈਜ਼ੀਡੈਂਟ ਬਣਨ 'ਤੇ ਮੁਬਾਰਕਾਂ

**ਲੁਧਿਆਣਾ, (ਪੰਜਾਬ ਮੇਲ)**- ਆਮ ਆਦਮੀ ਪਾਰਟੀ ਪੰਜਾਬ ਵੱਲੋਂ ਉੱਘੇ ਖੇਡ ਪ੍ਰਮੋਟਰ, ਖੇਡ ਲੇਖਕ ਅਤੇ ਪਾਰਟੀ ਨਾਲ ਲੰਬੇ ਸਮੇਂ ਤੋਂ ਜੁੜੇ ਪਾਰਟੀ ਪ੍ਰਤੀ ਸਮਰਪਿਤ ਆਗੂ ਜਗਰੂਪ ਸਿੰਘ ਜਰਖੜ ਨੂੰ ਸਟੇਟ ਵਾਈਸ ਪ੍ਰੈਜ਼ੀਡੈਂਟ ਸਪੋਰਟਸ ਵਿੰਗ ਬਣਾਉਣ 'ਤੇ ਪਾਰਟੀ ਦੇ ਕੌਮੀ ਜਨਰਲ ਸਕੱਤਰ ਸੰਦੀਪ ਪਾਠਕ, ਸਟੇਟ ਪ੍ਰਧਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਵਰਕਿੰਗ ਸਟੇਟ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ, ਹਲਕਾ ਗਿੱਲ ਦੇ ਵਿਧਾਇਕ ਜੀਵਨ ਸਿੰਘ ਸੰਗੋਵਾਲ, ਅਮਨਦੀਪ ਸਿੰਘ ਮੋਹੀ ਚੇਅਰਮੈਨ ਮਾਰਕਫੈੱਡ ਅਤੇ ਹੋਰ ਸੀਨੀਅਰ ਆਗੂਆਂ ਦਾ ਧੰਨਵਾਦ ਕਰਦਿਆਂ ਸਪੋਰਟਸ ਵਿੰਗ ਦੇ ਸਟੇਟ ਪ੍ਰਧਾਨ ਓਲੰਪੀਅਨ ਸੁਰਿੰਦਰ ਸਿੰਘ ਸੋਢੀ, ਵਿਧਾਇਕ ਅਤੇ ਲੋਕ ਸਭਾ ਦੇ ਕੈਂਡੀਡੇਟ ਅਸ਼ੋਕ ਪ੍ਰਾਸ਼ਰ ਪੱਪੀ ਸ਼ਾਹਪੁਰੀਆ, ਵਿਧਾਇਕ ਗੁਰਪ੍ਰੀਤ ਸਿੰਘ ਗੋਗੀ ਵਿਧਾਇਕ ਦਲਜੀਤ ਸਿੰਘ ਭੋਲਾ, ਵਿਧਾਇਕ ਜਗਤਾਰ ਸਿੰਘ ਦਿਆਲਪੁਰ, ਸਮਰਾਲਾ ਵਿਧਾਇਕ ਕੁਲਵੰਤ ਸਿੰਘ ਸਿੱਧੂ, ਵਿਧਾਇਕ ਰਜਿੰਦਰ ਪਾਲ ਕੌਰ ਛੀਨਾਂ, ਵਿਧਾਇਕ ਮਦਨ ਲਾਲ ਬੱਗਾ, ਜ਼ਿਲ੍ਹਾ ਲੁਧਿਆਣਾ ਦੇ ਖੇਡ ਵਿੰਗ ਦੇ ਪ੍ਰਧਾਨ ਸੋਨੀਆ ਅਲੱਗ, ਧਰਮਿੰਦਰ ਸਿੰਘ ਕੋਆਰਡੀਨੇਟਰ ਵਿਧਾਨ ਸਭਾ ਆਤਮ ਨਗਰ, ਕਮਲ ਨੇਗੀ, ਗੁਰਪ੍ਰੀਤ ਸਿੰਘ, ਸੁਰਿੰਦਰ ਸਿੰਘ ਸ਼ਿੰਦਾ ਲਹਿਰਾ ਹੋਰ ਆਗੂਆਂ ਨੇ ਜਗਰੂਪ ਸਿੰਘ ਜਰਖੜ ਨੂੰ ਮੁਬਾਰਕਬਾਦ ਦਿੰਦਿਆਂ ਭਵਿੱਖ ਵਿਚ ਕਾਮਯਾਬੀ ਦੀਆਂ ਸ਼ੁੱਭ ਕਾਮਨਾਵਾਂ ਦਿੱਤੀਆਂ। ਉਨ੍ਹਾਂ ਆਖਿਆ ਕਿ ਜਗਰੂਪ ਸਿੰਘ ਜਰਖੜ ਦੀ ਸ਼ਮੂਲੀਅਤ ਨਾਲ ਆਮ ਆਦਮੀ ਪਾਰਟੀ ਦਾ ਖੇਡ ਵਿੰਗ ਹੋਰ ਵੱਡੇ ਪੱਧਰ 'ਤੇ ਮਜ਼ਬੂਤ ਹੋਵੇਗਾ। ਇਸ ਮੌਕੇ ਪਾਰਟੀ ਦੇ ਹੋਰ ਨਵੇਂ ਬਣੇ ਅਹੁਦੇਦਾਰ ਪ੍ਰਦੀਪ ਅੱਪੂ ਨੂੰ ਸਟੇਟ ਸਕੱਤਰ ਸਪੋਰਟਸ ਵਿੰਗ, ਕੁਲਦੀਪ ਸਿੰਘ ਗਿੱਲ ਘਵੱਦੀ ਨੂੰ ਹਲਕਾ ਗਿੱਲ ਸਪੋਰਟਸ ਵਿੰਗ ਦਾ ਪ੍ਰਧਾਨ ਬਨਣ 'ਤੇ ਵੀ ਮੁਬਾਰਕਬਾਦ ਦਿੱਤੀ।



# ਮਨਪ੍ਰੀਤ ਬਾਦਲ ਜਲਦ ਹੀ ਅਕਾਲੀ ਦਲ 'ਚ ਹੋ ਸਕਦੈ ਨੇ ਸ਼ਾਮਲ !



**ਲੁਧਿਆਣਾ, (ਪੰਜਾਬ ਮੇਲ)**- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੇ ਚਾਚੇ ਦੇ ਪੁੱਤਰ ਤੇ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ, ਜੋ ਅੱਜਕੱਲ੍ਹ ਭਾਜਪਾ 'ਚ ਹਨ, ਬਾਰੇ ਅਕਾਲੀ ਦਲ ਅਤੇ ਸਿਆਸੀ ਗਲਿਆਰਿਆਂ 'ਚ ਚਰਚਾ ਛਿੜੀ ਹੋਈ ਹੈ ਕਿ ਮਨਪ੍ਰੀਤ ਸਿੰਘ ਬਾਦਲ ਹੁਣ ਜਲਦੀ ਹੀ ਘਰ ਵਾਪਸੀ ਕਰ ਸਕਦੇ ਹਨ।

ਬਠਿੰਡਾ ਲੋਕ ਸਭਾ ਸੀਟ 'ਤੇ ਚੌਥੀ ਵਾਰ ਜਿੱਤਣ ਲਈ ਬੀਬਾ ਬਾਦਲ 4 ਉਮੀਦਵਾਰਾਂ ਨਾਲ ਮੁਕਾਬਲਾ ਕਰ ਰਹੀ ਹੈ, ਸਗੋਂ ਚੌਥੀ ਵਾਰ ਚੋਣ ਲੜਨਾ ਤੇ ਜਿੱਤਣਾ ਆਪਣੇ-ਆਪ 'ਚ ਵੱਡੀ ਗੱਲ ਹੋਵੇਗੀ ਪਰ ਇਸ ਵਾਰ ਬੀਬਾ ਬਾਦਲ ਫਿਰ ਆਸਵੰਦ ਦੱਸੀ ਜਾ ਰਹੀ ਹੈ। ਪੰਜਾਬ 'ਚ 'ਆਪ' ਦੀ ਸਰਕਾਰ ਤੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਤੋਂ ਇਲਾਵਾ ਕਾਂਗਰਸ, ਭਾਜਪਾ ਵਾਲੇ ਵੀ ਜਿੱਤ ਲਈ ਸਿਰ-ਧੜ ਦੀ ਬਾਜ਼ੀ ਲਗਾਉਂਦੇ ਹੋਏ ਦੱਸੇ ਜਾ ਰਹੇ ਹਨ। ਸ਼ਾਇਦ ਇਸੇ ਹਾਲਾਤ ਤਹਿਤ ਮਨਪ੍ਰੀਤ ਬਾਦਲ ਘਰ ਵਾਪਸੀ ਲਈ ਰਾਜ਼ੀ ਹੋ ਗਏ ਹੋਣ।

# ਲੋਕ ਸਭਾ ਚੋਣਾਂ: ਭਾਜਪਾ ਨੇ ਪੁਰਾਣੇ ਕੱਦਾਵਰਾਂ ਨੂੰ ਅਹਿਮ ਜ਼ਿੰਮੇਵਾਰੀ ਦੇ ਕੇ ਮੈਦਾਨ 'ਚ ਉਤਾਰਿਆ



**ਜਲੰਧਰ, (ਪੰਜਾਬ ਮੇਲ)**- ਭਾਜਪਾ ਨੇ ਪੰਜਾਬ ਅੰਦਰ ਲੋਕ ਸਭਾ ਚੋਣਾਂ 'ਚ ਆਪਣੀ ਜਿੱਤ ਯਕੀਨੀ ਬਣਾਉਣ ਲਈ ਮਹੱਤਵਪੂਰਨ ਫੈਸਲਾ ਲੈਂਦਿਆਂ ਪੁਰਾਣੇ ਕੱਦਾਵਰਾਂ ਨੂੰ ਵੀ ਮੈਦਾਨ 'ਚ ਉਤਾਰ ਦਿੱਤਾ ਹੈ। ਭਾਜਪਾ ਨੇ 13 ਲੋਕ ਸਭਾ ਹਲਕਿਆਂ ਦੇ ਇੰਚਾਰਜਾਂ, ਕਨਵੀਨਰਾਂ ਅਤੇ ਕੋ-ਕਨਵੀਨਰਾਂ ਦੀ ਸੂਚੀ ਜਾਰੀ ਕੀਤੀ ਹੈ, ਜਿਸ 'ਚ ਆਗੂਆਂ ਨੂੰ ਅਹਿਮ ਜ਼ਿੰਮੇਵਾਰੀ ਸੌਂਪੀ ਗਈ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਅਤੇ ਸੂਬਾ ਇੰਚਾਰਜ ਵਿਜੇ ਰੁਪਾਨੀ ਵੱਲੋਂ ਸਾਬਕਾ ਸੰਸਦ ਮੈਂਬਰ ਅਵਿਨਾਸ਼ ਰਾਏ ਖੰਨਾ ਨੂੰ ਅੰਮ੍ਰਿਤਸਰ ਸੰਸਦੀ ਹਲਕੇ ਦਾ ਇੰਚਾਰਜ, ਸਾਬਕਾ ਮੇਅਰ ਤੇ ਸਾਬਕਾ ਸੂਬਾ ਪ੍ਰਧਾਨ ਸ਼ਵੇਤ ਮਲਿਕ ਨੂੰ ਕਨਵੀਨਰ, ਰਾਜਬੀਰ ਸ਼ਰਮਾ ਅਤੇ ਗੁਰਪ੍ਰਤਾਪ ਸਿੰਘ ਟਿੱਕਾ ਨੂੰ ਕੋ-ਕਨਵੀਨਰ, ਸਾਬਕਾ ਮੰਤਰੀ ਵਿਜੇ ਸਾਂਪਲਾ ਨੂੰ ਲੁਧਿਆਣਾ ਸੰਸਦੀ ਹਲਕੇ ਦਾ ਇੰਚਾਰਜ, ਇੰਦਰ ਇਕਬਾਲ ਸਿੰਘ ਅਟਵਾਲ ਅਤੇ ਜਤਿੰਦਰ ਮਿਸ਼ਰਾ ਨੂੰ ਕਨਵੀਨਰ, ਜਲੰਧਰ ਦੀ ਕਮਾਨ ਸਾਬਕਾ ਸੀ.ਪੀ. ਐੱਸ. ਕੇ.ਡੀ. ਭੰਡਾਰੀ, ਜਦੋਂਕਿ ਅਵਿਨਾਸ਼ ਚੰਦਰ ਨੂੰ ਕਨਵੀਨਰ ਅਤੇ ਪੁਨੀਤ ਸ਼ੁਕਲਾ ਭਾਰਤੀ ਨੂੰ ਕੋ-ਕਨਵੀਨਰ, ਫਿਰੋਜ਼ਪੁਰ ਵਿਚ ਸੁੰਦਰ ਸ਼ਾਮ ਅਰੋੜਾ ਨੂੰ ਇੰਚਾਰਜ, ਵਿਸ਼ਨੂੰ ਭਗਵਾਨ ਨੂੰ ਕਨਵੀਨਰ ਤੇ ਅਨਿਲ ਵਲੇਚਾ ਨੂੰ ਕੋ-ਕਨਵੀਨਰ, ਬਠਿੰਡਾ ਵਿਚ ਦਿਆਲ ਸੋਢੀ ਨੂੰ ਇੰਚਾਰਜ, ਸ਼ਿਵਰਾਜ ਚੌਧਰੀ ਨੂੰ ਕਨਵੀਨਰ, ਗੁਰਦਾਸਪੁਰ ਵਿਚ ਸਾਬਕਾ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੂੰ ਇੰਚਾਰਜ, ਰਾਜਿੰਦਰ ਬਿੱਟਾ ਨੂੰ ਕਨਵੀਨਰ ਅਤੇ ਰਾਕੇਸ਼ ਸ਼ਰਮਾ, ਅਸ਼ਵਨੀ ਸੇਖੜੀ ਤੇ ਫਤਿਹਜੰਗ ਸਿੰਘ ਬਾਜਵਾ ਨੂੰ ਕੋ-ਕਨਵੀਨਰ, ਫਰੀਦਕੋਟ ਵਿਚ ਹਰਜੋਤ ਕਮਲ ਨੂੰ ਇੰਚਾਰਜ, ਵਿਜੇ ਸ਼ਰਮਾ ਨੂੰ ਕਨਵੀਨਰ, ਪਟਿਆਲਾ 'ਚ ਅਨਿਲ ਸਰੀਨ ਨੂੰ ਇੰਚਾਰਜ, ਬਲਵੰਤ ਰਾਏ ਨੂੰ ਕਨਵੀਨਰ, ਸ੍ਰੀ ਅਨੰਦਪੁਰ ਸਾਹਿਬ ਵਿਚ ਪਰਮਿੰਦਰ ਸਿੰਘ ਬਰਾੜ ਨੂੰ ਇੰਚਾਰਜ, ਹੁਸ਼ਿਆਰਪੁਰ ਵਿਚ ਪ੍ਰਵੀਨ ਬਾਂਸਲ ਨੂੰ ਇੰਚਾਰਜ ਅਤੇ ਸ਼ਿਵ ਸੂਦ ਨੂੰ ਕਨਵੀਨਰ ਨਿਯੁਕਤ ਕੀਤਾ ਗਿਆ ਹੈ। ਵਰਣਨਯੋਗ ਹੈ ਕਿ ਉਕਤ ਸੂਚੀ 'ਚ ਵਧੇਰੇ ਉਨ੍ਹਾਂ ਆਗੂਆਂ ਨੂੰ ਅਹਿਮ ਜ਼ਿੰਮੇਵਾਰੀ ਸੌਂਪੀ ਗਈ ਹੈ, ਜਿਨ੍ਹਾਂ ਬਾਰੇ ਕਈ ਤਰ੍ਹਾਂ ਦੀਆਂ ਅਫਵਾਹਾਂ ਦਾ ਦੌਰ ਚੱਲ ਰਿਹਾ ਸੀ।

# ਦਿੱਲੀ ਅਦਾਲਤ ਵੱਲੋਂ ਬ੍ਰਿਜ ਭੂਸ਼ਣ ਖ਼ਿਲਾਫ਼ 10 ਨੂੰ ਸੁਣਾ ਸਕਦੀ ਹੈ ਫੈਸਲਾ

**ਨਵੀਂ ਦਿੱਲੀ, (ਪੰਜਾਬ ਮੇਲ)**- ਦਿੱਲੀ ਅਦਾਲਤ ਛੇ ਮਹਿਲਾ ਪਹਿਲਵਾਨਾਂ ਵੱਲੋਂ ਦਾਇਰ ਕੀਤੇ ਗਏ ਜਿਨਸੀ ਸ਼ੋਸ਼ਣ ਦੇ ਮਾਮਲੇ ਵਿਚ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਸਾਬਕਾ ਮੁਖੀ ਅਤੇ ਭਾਜਪਾ ਦੇ ਸੰਸਦ ਮੈਂਬਰ ਬ੍ਰਿਜ ਭੂਸ਼ਣ ਖ਼ਿਲਾਫ਼ ਦੋਸ਼ ਆਇਦ ਕਰਨ ਬਾਰੇ 10 ਮਈ ਨੂੰ ਆਪਣਾ ਫ਼ੈਸਲਾ ਸੁਣਾ ਸਕਦੀ ਹੈ। ਵਧੀਕ ਮੁੱਖ ਮੈਟਰੋਪੋਲਿਟਨ ਮੈਜਿਸਟਰੇਟ (ਏ.ਸੀ.ਐੱਮ.ਐੱਮ.) ਪ੍ਰਿਯੰਕਾ ਰਾਜਪੂਤ ਨੇ ਹੁਕਮ ਸੁਣਾਉਣਾ ਸੀ ਪਰ ਉਨ੍ਹਾਂ ਇਹ ਕਹਿੰਦਿਆਂ ਇਸ ਨੂੰ ਟਾਲ ਦਿੱਤਾ ਕਿ ਹੁਕਮਾਂ ਵਿਚ ਸੁਧਾਰ ਦੀ ਲੋੜ ਹੈ।


## MATRIMONIAL

ਖੱਤਰੀ ਰਾਮਗੜ੍ਹੀਆ ਸਿੱਖ ਲੜਕਾ 26, ਬੀ.ਏ., 6'-2" ਬਰੈਂਪਟਨ ਵਿੱਚ ਕੱਚਾ, ਲਈ ਕੈਨੇਡਾ ਪੀ.ਆਰ. ਢੁੱਕਵੀਂ ਕੰਨਿਆਂ ਲੋੜੀਂਦੀ ਹੈ। ਸੰਪਰਕ : ਸਤਵੀਰ ਸਿੰਘ ਚਾਨੀਆਂ, 92569-73526 (ਇੰਡੀਆ)

ਪੰਜਾਬ ਮੇਲ 'ਚ ਮੁਫਤ ਮੈਟਰੀਮੋਨੀਅਲ ਇਸ਼ਤਿਹਾਰ ਲਗਾਉਣ ਲਈ 916-320-9444 'ਤੇ ਸੰਪਰਕ ਕਰੋ।

## MATRIMONIAL

Jatt Sikh boy, 6'-00", 32, Registered Nurse, Pure Vegetarian, Work Permit holder, Bay Area resident, looking for a family oriented match. Parents Green Card holders. Contact: +1-510-453-0085.

## ਕੰਨਿਆ ਦੀ ਲੋੜ

ਅਮਰੀਕਾ ਦੇ ਗਰੀਨ ਕਾਰਡ ਹੋਲਡਰ, ਟਾਂਕ ਕਸ਼ੱਤਰੀ ਲੜਕਾ, ਉਮਰ 32 ਸਾਲ, ਕੱਦ 6 ਫੁੱਟ, ਸਾਊ, ਨਸ਼ਿਆਂ ਤੋਂ ਰਹਿਤ, ਮਿਹਨਤੀ, ਵਿੱਦਿਆ ਗਰੇਡ 12, ਮਾਲਵੇ ਨਾਲ ਸਬੰਧਿਤ ਲਈ ਕੈਨੇਡਾ ਜਾਂ ਅਮਰੀਕਾ ਵਿਚ ਨਾਗਰਿਕਤਾ ਪ੍ਰਾਪਤ ਯੋਗ ਕੰਨਿਆ ਦੀ ਲੋੜ ਹੈ। ਸਾਰਾ ਪਰਿਵਾਰ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ : +1 (206) 353-6341, ਕੈਨੇਡਾ : 416-509-6200

## ਕੰਨਿਆ ਦੀ ਲੋੜ

ਅਮਰੀਕਨ ਨਾਗਰਿਕ ਰਾਮਗੜ੍ਹੀਆ ਸਿੱਖ ਮੁੰਡਾ, ਜਨਮ 1984, 5'-10", ਤਲਾਕਸ਼ੁਦਾ, ਕੋਈ ਬੱਚਾ ਨਹੀਂ, ਲਈ ਅਮਰੀਕਾ ਵਿਚ ਪੱਕੀ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜ਼ਰੂਰਤ ਹੈ। ਸੰਪਰਕ : +1(510) 200-1772

## MATRIMONIAL

Jath Sikh, 28 yrs, height 6'-2" feet, Australia work Visa Holder since 2022 (At present in Australia), Study : BTech Productions 2017 (GNE Ludhiana). Mother Retired principal (Govt Of Punjab) USA GREEN CARD HOLDER. Looking for a USA Citizen Girl. for Contact # 951-934-8655

## MATRIMONIAL

Lovepreet Singh Gill, 26 yrs old, 5'11". US citizen, own small trucking company, living in Sacramento CA

## MATRIMONIAL

Jat Sikh Mann parents seeks a SMF for their son, 34 years old, 5'-6" tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse. Call/text +1-572-273-4588.

## MATRIMONIAL

Seeking alliance for a beautiful 33 year old Sikh Rajput girl height 5'3" Canadian citizen in US. Family is well settled in US. Innocently divorced shortly after marriage. Looking for a Green card holder or US citizen boy. Upper caste-no bar. Please send pictures and bio data on (510) 506-2319

## MATRIMONIAL

Jath Sikh, 32 yrs, height 6 feet, USA Multiple Visa Holder 10 years, Study BTech Electronics and Communications (GNE Ludhiana 2013), MEngg. Electrical and Computer Eng (Ottawa Carlton University Canada 2017. Mother Retired principal (Govt Of Punjab) USA GREEN CARD HOLDER. Looking for a USA Citizen Girl. Contact # 951-934-8655

# ਪੰਜਾਬ 'ਚ 'ਦਲ-ਬਦਲੂਆਂ' ਦੀ ਝੰਡੀ

**45 ਫ਼ੀਸਦੀ ਉਮੀਦਵਾਰ 'ਦਲ-ਬਦਲੂ'; ਟਕਸਾਲੀ ਉਮੀਦਵਾਰਾਂ ਦਾ ਪਿਆ 'ਸੋਕਾ'**



ਰਵਨੀਤ ਸਿੰਘ ਬਿੱਟੂ, ਪ੍ਰਨੀਤ ਕੌਰ, ਸੁਸ਼ੀਲ ਕੁਮਾਰ ਰਿੰਕੂ, ਰਾਜ ਕੁਮਾਰ ਚੱਬੇਵਾਲ।



ਪਵਨ ਕੁਮਾਰ ਟੀਨੂ, ਗੁਰਪ੍ਰੀਤ ਸਿੰਘ ਜੀ.ਪੀ., ਮਹਿੰਦਰ ਸਿੰਘ ਕੇ. ਪੀ., ਧਰਮਵੀਰ ਗਾਂਧੀ।

**ਚੰਡੀਗੜ੍ਹ, (ਪੰਜਾਬ ਮੇਲ)**-ਲੋਕ ਸਭਾ ਚੋਣਾਂ ਦੇ ਪਿੜ 'ਚ 45 ਫ਼ੀਸਦੀ ਉਮੀਦਵਾਰ ਦਲ-ਬਦਲੂ ਹਨ। ਪ੍ਰਮੁੱਖ ਚਾਰ ਸਿਆਸੀ ਧਿਰਾਂ ਨੇ ਹੁਣ ਤੱਕ ਪੰਜਾਬ 'ਚ 47 ਉਮੀਦਵਾਰ ਐਲਾਨੇ ਹਨ, ਜਿਨ੍ਹਾਂ 'ਚੋਂ 21 ਉਮੀਦਵਾਰਾਂ ਦੀ ਮਾਂ ਪਾਰਟੀ ਪਹਿਲਾਂ ਕੋਈ ਹੋਰ ਰਹੀ ਹੈ। ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਸਾਰੇ ਉਮੀਦਵਾਰ ਐਲਾਨ ਦਿੱਤੇ ਹਨ ਪਰ ਭਾਜਪਾ ਨੇ ਚਾਰ ਹਲਕਿਆਂ 'ਚ ਹਾਲੇ ਉਮੀਦਵਾਰ ਨਹੀਂ ਉਤਾਰੇ। ਕਾਂਗਰਸ ਨੇ ਫਿਰੋਜ਼ਪੁਰ ਹਲਕੇ ਨੂੰ ਛੱਡ ਕੇ ਬਾਕੀ 12 ਉਮੀਦਵਾਰ ਐਲਾਨ ਦਿੱਤੇ ਹਨ।

ਪੰਜਾਬ 'ਚ ਪਹਿਲੀ ਵਾਰ ਵੱਡੀ ਪੱਧਰ 'ਤੇ ਦਲ-ਬਦਲੂ ਉਮੀਦਵਾਰ ਬਣੇ ਹਨ, ਜਿਨ੍ਹਾਂ ਨੇ ਵੋਟਰਾਂ 'ਚ ਵੀ ਭੰਬਲਭੂਸਾ ਪੈਦਾ ਕਰ ਦਿੱਤਾ ਹੈ। ਜਲੰਧਰ ਸੰਸਦੀ ਹਲਕੇ ਦੀ ਇਸ ਮਾਮਲੇ 'ਚ ਝੰਡੀ ਜਾਪਦੀ ਹੈ, ਜਿੱਥੇ ਭਾਜਪਾ ਦੇ ਸੁਸ਼ੀਲ ਰਿੰਕੂ ਉਮੀਦਵਾਰ ਹਨ। ਰਿੰਕੂ ਪਹਿਲਾਂ ਕਾਂਗਰਸੀ ਟਿਕਟ 'ਤੇ ਵਿਧਾਇਕ ਸਨ ਅਤੇ ਫਿਰ ਜ਼ਿਮਨੀ ਚੋਣ ਉਨ੍ਹਾਂ 'ਆਪ' ਉਮੀਦਵਾਰ ਵਜੋਂ ਲੜੀ। ਮੌਜੂਦਾ ਚੋਣ ਉਹ 'ਕਮਲ' ਦੇ ਨਿਸ਼ਾਨ ਤੋਂ ਲੜ ਰਹੇ ਹਨ। 'ਆਪ' ਉਮੀਦਵਾਰ ਪਵਨ ਟੀਨੂੰ ਪਹਿਲਾਂ ਬਸਪਾ ਵਿਚ ਸਨ। ਫਿਰ ਅਕਾਲੀ ਦਲ ਤਰਫ਼ੋਂ ਦੋ ਵਾਰ ਵਿਧਾਇਕ ਬਣੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਮਹਿੰਦਰ ਸਿੰਘ ਕੇ.ਪੀ. ਨੇ ਪੂਰੀ ਜ਼ਿੰਦਗੀ ਕਾਂਗਰਸ 'ਚ ਕੱਢ ਦਿੱਤੀ। ਆਖ਼ਰੀ ਪੜਾਅ 'ਤੇ ਦਲ ਬਦਲ ਕੇ 'ਤੱਕੜੀ' ਦਾ ਪੱਲਾ ਫੜ ਲਿਆ। ਸੰਗਰੂਰ ਹਲਕੇ ਤੋਂ ਕਾਂਗਰਸੀ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਪਹਿਲਾਂ ਕਾਂਗਰਸੀ ਸਨ। ਫਿਰ ਉਹ 'ਆਪ' ਵਿਚ ਸ਼ਾਮਲ ਹੋ ਗਏ। 2019 ਦੀਆਂ ਲੋਕ ਸਭਾ ਚੋਣਾਂ ਮੌਕੇ ਉਨ੍ਹਾਂ ਨੇ ਆਪਣੀ ਪਾਰਟੀ ਬਣਾ ਲਈ। ਅਖ਼ੀਰ ਮੁੜ ਕਾਂਗਰਸ ਵਿਚ ਸ਼ਾਮਲ ਹੋ ਗਏ। ਪਟਿਆਲਾ ਤੋਂ ਡਾ. ਧਰਮਵੀਰ ਗਾਂਧੀ ਨੇ ਪਹਿਲੀ ਲੋਕ ਸਭਾ ਚੋਣ 'ਝਾੜੂ' ਚੋਣ ਨਿਸ਼ਾਨ 'ਤੇ ਲੜੀ ਸੀ ਅਤੇ ਫਿਰ ਆਪਣੀ ਵੱਖਰੀ ਪਾਰਟੀ ਬਣਾ ਲਈ। ਹੁਣ ਉਹ ਕਾਂਗਰਸ ਵੱਲੋਂ ਮੈਦਾਨ ਵਿਚ ਹਨ। ਚਾਰ ਵਾਰ ਕਾਂਗਰਸੀ ਸੰਸਦ ਮੈਂਬਰ ਰਹਿ ਚੁੱਕੇ ਪ੍ਰਨੀਤ ਕੌਰ ਹੁਣ ਭਾਜਪਾ ਵੱਲੋਂ ਚੋਣ ਲੜ ਰਹੇ ਹਨ।

ਲੁਧਿਆਣਾ ਹਲਕੇ ਤੋਂ ਰਵਨੀਤ ਬਿੱਟੂ ਹੁਣ ਭਾਜਪਾ ਉਮੀਦਵਾਰ ਹਨ। ਉਹ ਕਾਂਗਰਸ ਦੀ ਟਿਕਟ 'ਤੇ ਤਿੰਨ ਵਾਰ ਸੰਸਦ ਮੈਂਬਰ ਬਣੇ ਹਨ। ਉਨ੍ਹਾਂ ਦੀ ਦਲ-ਬਦਲੀ ਦੇ ਕਾਰਨਾਂ ਦਾ ਭੇਤ ਬਰਕਰਾਰ ਹੈ। ਲੁਧਿਆਣਾ ਤੋਂ 'ਆਪ' ਦਾ ਉਮੀਦਵਾਰ ਅਸ਼ੋਕ ਪਰਾਸ਼ਰ ਵੀ ਪਹਿਲਾਂ ਕਾਂਗਰਸ ਦਾ ਜਨਰਲ ਸਕੱਤਰ ਹੁੰਦਾ ਸੀ। ਫ਼ਤਿਹਗੜ੍ਹ ਸਾਹਿਬ ਹਲਕੇ ਤੋਂ 'ਆਪ' ਉਮੀਦਵਾਰ ਗੁਰਪ੍ਰੀਤ ਸਿੰਘ ਜੀ.ਪੀ. ਵੀ ਕਾਂਗਰਸ ਤਰਫ਼ੋਂ ਵਿਧਾਇਕ ਰਹਿ ਚੁੱਕਾ ਹੈ। ਖਡੂਰ ਸਾਹਿਬ ਤੋਂ ਭਾਜਪਾ ਦਾ ਉਮੀਦਵਾਰ ਮਨਜੀਤ ਸਿੰਘ ਮੰਨਾ ਅਕਾਲੀ ਦਲ ਤਰਫ਼ੋਂ ਤਿੰਨ ਵਾਰ ਵਿਧਾਇਕ ਰਹਿ ਚੁੱਕਾ ਹੈ, ਜਦੋਂਕਿ 'ਆਪ' ਦਾ ਲਾਲਜੀਤ ਭੁੱਲਰ ਪਹਿਲਾਂ ਕਾਂਗਰਸ ਅਤੇ ਅਕਾਲੀ ਦਲ ਵਿਚ ਵੀ ਕੰਮ ਕਰ ਚੁੱਕਾ ਹੈ। ਅੰਮ੍ਰਿਤਸਰ ਹਲਕੇ ਤੋਂ ਅਕਾਲੀ ਉਮੀਦਵਾਰ ਅਨਿਲ ਜੋਸ਼ੀ ਪਹਿਲਾਂ ਭਾਜਪਾ ਵਿਚ ਸਨ ਅਤੇ ਇਸੇ ਤਰ੍ਹਾਂ 'ਆਪ' ਉਮੀਦਵਾਰ ਕੁਲਦੀਪ ਸਿੰਘ ਧਾਲੀਵਾਲ ਵੀ ਪਹਿਲਾਂ ਕਾਂਗਰਸ ਵਿਚ ਸੀ। ਹੁਸ਼ਿਆਰਪੁਰ ਤੋਂ 'ਆਪ' ਉਮੀਦਵਾਰ ਡਾ. ਰਾਜ ਕੁਮਾਰ ਚੱਬੇਵਾਲ ਕਾਂਗਰਸ 'ਚੋਂ ਆਏ ਹਨ, ਜਦੋਂਕਿ ਕਾਂਗਰਸ ਦੀ ਉਮੀਦਵਾਰ ਯਾਮਿਨੀ ਗੋਮਰ 'ਆਪ' 'ਚੋਂ ਆਏ ਹਨ। ਸ੍ਰੀ ਆਨੰਦਪੁਰ ਸਾਹਿਬ ਤੋਂ 'ਆਪ' ਉਮੀਦਵਾਰ ਮਾਲਵਿੰਦਰ ਸਿੰਘ ਕੰਗ ਪਹਿਲਾਂ ਭਾਜਪਾ ਵਿਚ ਹੁੰਦੇ ਸਨ। ਬਠਿੰਡਾ ਤੋਂ ਕਾਂਗਰਸੀ ਉਮੀਦਵਾਰ ਜੀਤਮਹਿੰਦਰ ਸਿੰਘ ਸਿੱਧੂ ਵੀ ਪਹਿਲਾਂ ਅਕਾਲੀ ਦਲ ਵਿਚ ਰਹੇ ਅਤੇ ਫਿਰ ਆਜ਼ਾਦ ਤੌਰ 'ਤੇ ਚੋਣ ਜਿੱਤੀ।

## ਰਾਹੁਲ ਗਾਂਧੀ ਨੇ ਨਾਮਜ਼ਦਗੀ ਪੱਤਰਾਂ 'ਚ 20 ਕਰੋੜ ਰੁਪਏ ਤੋਂ ਵੱਧ ਦੀ ਸੰਪਤੀ ਐਲਾਨੀ

**ਰਾਏ ਬਰੇਲੀ, (ਪੰਜਾਬ ਮੇਲ)**- ਕਾਂਗਰਸ ਆਗੂ ਰਾਹੁਲ ਗਾਂਧੀ ਨੇ ਰਾਏ



ਬਰੇਲੀ ਤੋਂ ਦਾਖ਼ਲ ਨਾਮਜ਼ਦਗੀ ਪੱਤਰਾਂ 'ਚ 20 ਕਰੋੜ ਰੁਪਏ ਤੋਂ ਵੱਧ ਦੀ ਸੰਪਤੀ ਐਲਾਨੀ ਹੈ। ਉਨ੍ਹਾਂ ਕੋਲ 3,81,33,572 ਰੁਪਏ ਦੇ ਸ਼ੇਅਰ, 26,25,157 ਰੁਪਏ ਦਾ ਬੈਂਕ ਬੈਲੇਂਸ ਅਤੇ 15,21,740 ਰੁਪਏ ਦੇ ਗੋਲਡ ਬਾਂਡ ਸਮੇਤ 9,24,59,264 ਰੁਪਏ ਦੀ ਚੱਲ ਸੰਪਤੀ ਹੈ। ਕਾਂਗਰਸ ਦੇ ਸਾਬਕਾ ਪ੍ਰਧਾਨ ਨੇ ਮੌਜੂਦਾ ਬਾਜ਼ਾਰੀ ਕੀਮਤ ਮੁਤਾਬਕ 11,15,02,598 ਰੁਪਏ ਦੀ ਅਚੱਲ ਸੰਪਤੀ ਵੀ ਐਲਾਨੀ ਹੈ। ਇਨ੍ਹਾਂ ਵਿੱਚੋਂ ਮੌਜੂਦਾ ਸਮੇਂ ਵਿੱਚ 9,04,89,000 ਰੁਪਏ ਦੀ ਸਵੈ-ਪ੍ਰਾਪਤ ਅਚੱਲ ਸੰਪਤੀ ਅਤੇ 2,10,13,598 ਰੁਪਏ ਦੀ ਵਿਰਾਸਤੀ ਸੰਪਤੀ ਸ਼ਾਮਲ ਹੈ। ਨਾਮਜ਼ਦਗੀ ਕਾਗਜ਼ਾਂ ਮੁਤਾਬਕ ਵਿੱਤੀ ਵਰ੍ਹੇ 2022-

# ਪੰਜਾਬ 'ਚ ਉਮੀਦਵਾਰਾਂ ਦੀ ਨਾਮਜ਼ਦਗੀ ਦਾਖਲ ਕਰਨ ਦੀ ਪ੍ਰਕਿਰਿਆ ਹੋਈ ਸ਼ੁਰੂ

**ਨਾਮਜ਼ਦਗੀ ਦਾਖ਼ਲ ਕਰਦਿਆਂ ਹੀ ਉਮੀਦਵਾਰਾਂ ਦੇ ਖ਼ਾਤੇ 'ਚ ਜੁੜਨਾ ਸ਼ੁਰੂ ਹੋ ਜਾਵੇਗਾ ਪ੍ਰਚਾਰ ਦਾ ਖ਼ਰਚ**

**ਲੁਧਿਆਣਾ, (ਪੰਜਾਬ ਮੇਲ)**- ਲੋਕ ਸਭਾ ਚੋਣਾਂ ਦੌਰਾਨ ਪੰਜਾਬ 'ਚ ਆਖ਼ਰੀ ਪੜਾਅ 'ਚ ਹੋਣ ਵਾਲੀ ਵੋਟਿੰਗ ਨੂੰ ਲੈ ਕੇ ਉਮੀਦਵਾਰਾਂ ਦੇ ਨਾਮਜ਼ਦਗੀ ਦਾਖ਼ਲ ਕਰਨ ਦੀ ਪ੍ਰਕਿਰਿਆ ਮੰਗਲਵਾਰ ਨੂੰ ਸ਼ੁਰੂ ਹੋ ਗਈ ਹੈ। ਭਾਵੇਂ ਪਹਿਲੇ ਦਿਨ ਲੁਧਿਆਣਾ 'ਚ ਕਿਸੇ ਉਮੀਦਵਾਰ ਵੱਲੋਂ ਨਾਮਜ਼ਦਗੀ ਦਾਖ਼ਲ ਨਹੀਂ ਕੀਤਾ ਗਿਆ ਹੈ ਪਰ ਚੋਣ ਕਮਿਸ਼ਨ ਵੱਲੋਂ ਸਪੱਸ਼ਟ ਕਰ ਦਿੱਤਾ ਗਿਆ ਹੈ ਕਿ ਨਾਮਜ਼ਦਗੀ ਦਾਖ਼ਲ ਕਰਨ ਦੇ ਨਾਲ ਹੀ ਉਮੀਦਵਾਰਾਂ ਦੇ ਖ਼ਾਤੇ 'ਚ ਪ੍ਰਚਾਰ ਦਾ ਖ਼ਰਚ ਜੁੜਨਾ ਸ਼ੁਰੂ ਹੋ ਜਾਵੇਗਾ। ਇਸ ਤੋਂ ਪਹਿਲਾਂ ਇਹ ਖ਼ਰਚ ਸਿਆਸੀ ਪਾਰਟੀਆਂ ਦੇ ਅਕਾਊਂਟ 'ਚ ਜੋੜਿਆ ਜਾ ਰਿਹਾ ਸੀ। ਇਸ ਸਬੰਧ 'ਚ ਡੀ.ਸੀ. ਸਾਕਸ਼ੀ ਸਾਹਨੀ ਦਾ ਕਹਿਣਾ ਹੈ ਕਿ ਚੋਣ ਪ੍ਰਚਾਰ 'ਤੇ ਹੋਣ ਵਾਲੇ ਖ਼ਰਚ ਨੂੰ ਲੈ ਕੇ ਚੋਣ ਕਮਿਸ਼ਨ ਵੱਲੋਂ ਫਾਈਨਲ ਕੀਤੀ ਗਈ ਰੇਟ ਲਿਸਟ ਪਹਿਲਾਂ ਹੀ ਸਿਆਸੀ ਪਾਰਟੀਆਂ ਨੂੰ ਦੇ ਦਿੱਤੀ ਗਈ ਹੈ ਅਤੇ ਹੁਣ ਨਾਮਜ਼ਦਗੀ ਦਾਖ਼ਲ ਕਰਨ ਸਮੇਂ ਵੀ ਉਮੀਦਵਾਰਾਂ ਨੂੰ ਦਿੱਤੀਆਂ ਜਾਣਗੀਆਂ, ਜਿਸ ਦੇ ਆਧਾਰ 'ਤੇ ਉਨ੍ਹਾਂ ਦੇ ਖ਼ਾਤੇ 'ਚ ਖ਼ਰਚ ਦਰਜ ਕਰਨ ਲਈ ਵਿਧਾਨ ਸਭਾ ਏਰੀਆ ਵਾਈਜ਼ ਐੱਸ.ਐੱਸ.ਟੀ. ਅਤੇ ਫਲਾਈਂਗ ਸਕੁਐਡ ਟੀਮਾਂ ਦੀ ਡਿਊਟੀ ਲਗਾਈ ਗਈ ਹੈ।

ਚੋਣ ਕਮਿਸ਼ਨ ਵੱਲੋਂ ਲੋਕ ਸਭਾ ਚੋਣਾਂ ਲਈ ਜੋ ਆਬਜ਼ਰਵਰਾਂ ਦੀ ਨਿਯੁਕਤੀ ਕੀਤੀ ਗਈ ਹੈ, ਉਹ ਲੁਧਿਆਣਾ ਪੁੱਜਣੇ ਸ਼ੁਰੂ ਹੋ ਗਏ ਹਨ।

# ਬਸਪਾ ਨੇ ਪ੍ਰਧਾਨ ਜਸਵੀਰ ਗੜ੍ਹੀ ਨੂੰ ਸ੍ਰੀ ਆਨੰਦਪੁਰ ਸਾਹਿਬ ਤੋਂ ਐਲਾਨਿਆ ਉਮੀਦਵਾਰ



**ਚੰਡੀਗੜ੍ਹ, (ਪੰਜਾਬ ਮੇਲ)**- ਬਸਪਾ ਨੇ ਆਪਣੀ ਪੰਜਾਬ ਇਕਾਈ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੂੰ ਸ੍ਰੀ ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਤੋਂ ਆਪਣਾ ਉਮੀਦਵਾਰ ਬਣਾਇਆ ਹੈ। ਇਸ ਸਬੰਧੀ ਐਲਾਨ ਬਸਪਾ ਦੇ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੇ ਇੰਚਾਰਜ ਰਣਧੀਰ ਸਿੰਘ ਬੈਨੀਵਾਲ ਨੇ ਕੀਤਾ। ਇਸ ਦੇ ਨਾਲ ਬਸਪਾ ਨੇ ਹੁਣ ਪੰਜਾਬ ਦੀਆਂ ਸਾਰੀਆਂ 13 ਲੋਕ ਸਭਾ ਸੀਟਾਂ ਲਈ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਸ੍ਰੀ ਆਨੰਦਪੁਰ ਸਾਹਿਬ ਸੀਟ ਦੀ ਨੁਮਾਇੰਦਗੀ ਇਸ ਵੇਲੇ ਕਾਂਗਰਸ ਦੇ ਸੰਸਦ ਮੈਂਬਰ ਮਨੀਸ਼ ਤਿਵਾੜੀ ਕਰ ਰਹੇ ਹਨ, ਜਿਨ੍ਹਾਂ ਨੂੰ ਹੁਣ ਚੰਡੀਗੜ੍ਹ ਲੋਕ ਸਭਾ ਸੀਟ ਤੋਂ ਉਮੀਦਵਾਰ ਬਣਾਇਆ ਗਿਆ ਹੈ। ਗੜ੍ਹੀ 'ਆਪ' ਦੇ ਮਾਲਵਿੰਦਰ ਕੰਗ, ਕਾਂਗਰਸ ਦੇ ਵਿਜੈ ਇੰਦਰ ਸਿੰਗਲਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰੇਮ ਸਿੰਘ ਚੰਦੂਮਾਜਰਾ ਨਾਲ ਮੁਕਾਬਲਾ ਕਰਨਗੇ। ਭਾਜਪਾ ਨੇ ਹਾਲੇ ਤੱਕ ਆਪਣੇ ਉਮੀਦਵਾਰ ਦਾ ਨਾਂ ਨਹੀਂ ਲਿਆ ਹੈ। ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਲਈ 1 ਜੂਨ ਨੂੰ ਵੋਟਾਂ ਪੈਣਗੀਆਂ।







# ਮਨੀ ਲਾਂਡਰਿੰਗ ਕੇਸ; ਸੁਪਰੀਮ ਕੋਰਟ ਤੋਂ ਕੇਜਰੀਵਾਲ ਨੂੰ ਨਹੀਂ ਮਿਲੀ ਰਾਹਤ

- ਦੋ ਮੈਂਬਰੀ ਬੈਂਚ ਬਿਨਾਂ ਕੋਈ ਫੈਸਲਾ ਸੁਣਾਏ ਉੱਠਿਆ
- ਤੁਸ਼ਾਰ ਮਹਿਤਾ ਨੇ ਕੇਜਰੀਵਾਲ ਨਾਲ ਨਰਮੀ ਵਰਤਣ ਦਾ ਕੀਤਾ ਵਿਰੋਧ



ਨਵੀਂ ਦਿੱਲੀ, (ਪੰਜਾਬ ਮੇਲ)- ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਸੁਪਰੀਮ ਕੋਰਟ ਤੋਂ ਵੀ ਕੋਈ ਰਾਹਤ ਨਹੀਂ ਮਿਲੀ ਕਿਉਂਕਿ ਦੋ ਜੱਜਾਂ ਦੀ ਸ਼ਮੂਲੀਅਤ ਵਾਲਾ ਬੈਂਚ ਕੇਜਰੀਵਾਲ ਨੂੰ ਅੰਤਰਿਮ ਜ਼ਮਾਨਤ ਦੇਣ ਸਬੰਧੀ ਕੋਈ ਫੈਸਲਾ ਸੁਣਾਏ ਬਿਨਾਂ ਹੀ ਉੱਠ ਗਿਆ। ਕਥਿਤ ਦਿੱਲੀ ਆਬਕਾਰੀ ਨੀਤੀ ਘੁਟਾਲੇ ਨਾਲ ਜੁੜੇ ਮਨੀ ਲਾਂਡਰਿੰਗ ਕੇਸ ਵਿਚ ਮੁਲਜ਼ਮ ਕੇਜਰੀਵਾਲ ਨੇ ਲੋਕ ਸਭਾ ਚੋਣਾਂ ਵਿਚ ਪ੍ਰਚਾਰ ਦੇ ਹਵਾਲੇ ਨਾਲ ਅੰਤਰਿਮ ਜ਼ਮਾਨਤ ਮੰਗੀ ਸੀ। ਜਸਟਿਸ ਸੰਜੀਵ ਖੰਨਾ ਤੇ ਜਸਟਿਸ ਦੀਪਾਂਕਰ ਦੱਤਾ ਦੇ ਬੈਂਚ ਨੇ ਅੰਤਰਿਮ ਜ਼ਮਾਨਤ ਦੀ ਮੰਗ ਕਰਦੀ ਪਟੀਸ਼ਨ ’ਤੇ ਸੁਣਵਾਈ ਮਗਰੋਂ ਫੈਸਲਾ ਰਾਖਵਾਂ ਰੱਖਦਿਆਂ ਕਿਹਾ ਸੀ ਕਿ ਬਾਅਦ ਦੁਪਹਿਰ 2 ਵਜੇ ਫੈਸਲਾ ਸੁਣਾਇਆ ਜਾਵੇਗਾ, ਪਰ ਬੈਂਚ ਆਪਣਾ ਫੈਸਲਾ ਦਿੱਤੇ ਬਿਨਾਂ ਹੀ ਉੱਠ ਗਿਆ।

ਬੈਂਚ ਨੇ ਸੀਨੀਅਰ ਵਕੀਲ ਅਭਿਸ਼ੇਕ ਸਿੰਘਵੀ ਤੇ ਵਧੀਕ ਸੌਲੀਸਿਟਰ ਜਨਰਲ ਐੱਸ.ਵੀ. ਰਾਜੂ, ਜੋ ਕ੍ਰਮਵਾਰ ਕੇਜਰੀਵਾਲ ਤੇ ਐੱਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਪੇਸ਼ ਹੋਏ ਸਨ, ਦੀਆਂ ਦਲੀਲਾਂ ਸੁਣਨ ਮਗਰੋਂ ਫੈਸਲਾ ਰਾਖਵਾਂ ਰੱਖ ਲਿਆ ਸੀ। ਜਾਂਚ ਏਜੰਸੀ ਵੱਲੋਂ ਪੇਸ਼ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਕੇਜਰੀਵਾਲ ਨਾਲ ਕਿਸੇ ਤਰ੍ਹਾਂ ਦੀ ਨਰਮੀ ਵਰਤੇ ਜਾਣ ਦਾ ਵਿਰੋਧ ਕੀਤਾ। ਮਹਿਤਾ ਨੇ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਨੂੰ ਅੰਤਰਿਮ ਜ਼ਮਾਨਤ ਦੇਣ ਦਾ ਮਤਲਬ ਸਿਆਸਤਦਾਨਾਂ ਲਈ ਵੱਖਰੀ ਜਮਾਤ ਸਿਰਜਣ ਵਾਂਗ ਹੋਵੇਗਾ। ਬੈਂਚ ਨੇ ਕੇਜਰੀਵਾਲ ਵੱਲੋਂ ਆਪਣੀ ਗ੍ਰਿਫ਼ਤਾਰੀ ਨੂੰ ਚੁਣੌਤੀ ਦਿੰਦੀ ਪਟੀਸ਼ਨ ਨੂੰ ਦੋ ਹਿੱਸਿਆਂ ਵਿਚ ਵੰਡਿਆ ਸੀ। ਕੇਜਰੀਵਾਲ ਦੀ ਮੁੱਖ ਪਟੀਸ਼ਨ ਈ.ਡੀ. ਵੱਲੋਂ ਕੀਤੀ ਗ੍ਰਿਫ਼ਤਾਰੀ ਨੂੰ ਗ਼ੈਰਕਾਨੂੰਨੀ ਐਲਾਨੇ ਜਾਣ ਦੀ ਮੰਗ ਕਰਦੀ ਹੈ, ਜਦੋਂਕਿ ਦੂਜਾ ਪਹਿਲੂ ਮੌਜੂਦਾ ਲੋਕ ਸਭਾ ਚੋਣਾਂ ਨੂੰ ਧਿਆਨ ’ਚ ਰੱਖ ਕੇ ਅੰਤਰਿਮ ਜ਼ਮਾਨਤ ਦੇਣ ਨਾਲ ਸਬੰਧਤ ਹੈ। ਸੁਪਰੀਮ ਕੋਰਟ ਨੇ ਅੰਤਰਿਮ ਜ਼ਮਾਨਤ ਦੇਣ ਦੇ ਮੁੱਦੇ ’ਤੇ ਫੈਸਲਾ ਰਾਖਵਾਂ ਰੱਖਿਆ ਹੈ।

**ਦਿੱਲੀ ਅਦਾਲਤ ਵੱਲੋਂ ਕੇਜਰੀਵਾਲ, ਸਿਸੋਦੀਆ ਤੇ ਕਵਿਤਾ ਦੀ ਨਿਆਂਇਕ ਹਿਰਾਸਤ ’ਚ ਵਾਧਾ :** ਦਿੱਲੀ ਦੀ ਅਦਾਲਤ ਨੇ ਕਥਿਤ ਆਬਕਾਰੀ ਨੀਤੀ ਨਾਲ ਜੁੜੇ ਕੇਸਾਂ ਵਿਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਉਨ੍ਹਾਂ ਦੇ ਪਾਰਟੀ ਆਗੂ ਮਨੀਸ਼ ਸਿਸੋਦੀਆ ਤੇ ਭਾਰਤ ਰਾਸ਼ਟਰ ਸਮਿਤੀ ਆਗੂ ਕੇ. ਕਵਿਤਾ ਦੀ ਨਿਆਂਇਕ ਹਿਰਾਸਤ ਵਧਾ ਦਿੱਤੀ ਹੈ। ਕੇਜਰੀਵਾਲ ਦੀ ਨਿਆਂਇਕ ਹਿਰਾਸਤ 20 ਮਈ ਜਦੋਂਕਿ ਸਿਸੋਦੀਆ ਤੇ ਕਵਿਤਾ ਦੀ ਨਿਆਂਇਕ ਹਿਰਾਸਤ ਕ੍ਰਮਵਾਰ 15 ਮਈ ਤੇ 14 ਮਈ ਤੱਕ ਵਧਾਈ ਗਈ ਹੈ। ਭ੍ਰਿਸ਼ਟਾਚਾਰ ਨਾਲ ਜੁੜੇ ਵੱਖਰੇ ਕੇਸ ਵਿਚ ਕਵਿਤਾ ਦੀ ਨਿਆਂਇਕ ਹਿਰਾਸਤ 20 ਮਈ ਤੱਕ ਵਧੀ ਹੈ। ਮਨੀ ਲਾਂਡਰਿੰਗ ਕੇਸ ਦੇ ਸਹਿ-ਮੁਲਜ਼ਮ ਚੰਨਪ੍ਰੀਤ ਸਿੰਘ ਦੀ ਨਿਆਂਇਕ ਹਿਰਾਸਤ ਵਿਚ ਵੀ 20 ਮਈ ਤੱਕ ਦਾ ਵਾਧਾ ਕੀਤਾ ਗਿਆ ਹੈ। ਇਨ੍ਹਾਂ ਕੇਸਾਂ ਦੀ ਸੀ.ਬੀ.ਆਈ. ਤੇ ਈ.ਡੀ. ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਕੋਰਟ ਨੇ ਕਵਿਤਾ ਵੱਲੋਂ ਭ੍ਰਿਸ਼ਟਾਚਾਰ ਤੇ ਮਨੀ ਲਾਂਡਰਿੰਗ ਨਾਲ ਜੁੜੇ ਕੇਸਾਂ ਵਿਚ ਦਾਇਰ ਜ਼ਮਾਨਤ ਅਰਜ਼ੀਆਂ 6 ਮਈ ਨੂੰ ਰੱਦ ਕਰ ਦਿੱਤੀਆਂ ਸਨ। ਇਸ ਦੌਰਾਨ ਜੱਜ ਨੇ ਸਿਸੋਦੀਆ ਖਿਲਾਫ਼ ਦਾਇਰ ਭ੍ਰਿਸ਼ਟਾਚਾਰ ਕੇਸ ਵਿਚ ਦੋਸ਼ ਆਇਦ ਕਰਨ ਨੂੰ ਲੈ ਕੇ ਜਿਰ੍ਹਾ ਲਈ 15 ਮਈ ਦੀ ਤਰੀਕ ਨਿਰਧਾਰਿਤ ਕੀਤੀ ਹੈ। ਕੇਜਰੀਵਾਲ ਨੂੰ ਰਿਮਾਂਡ ਦੀ ਮਿਆਦ ਖ਼ਤਮ ਹੋਣ ਮਗਰੋਂ ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਦੀ ਕੋਰਟ ਵਿਚ ਵਰਚੁਅਲੀ ਪੇਸ਼ ਕੀਤਾ ਗਿਆ ਸੀ। ਈ.ਡੀ. ਨੇ ਕੇਜਰੀਵਾਲ ਨੂੰ 21 ਮਾਰਚ ਨੂੰ ਗ੍ਰਿਫ਼ਤਾਰ ਕੀਤਾ ਸੀ।

## ਚੋਣ ਕਮਿਸ਼ਨ ਵੱਲੋਂ ਸੋਸ਼ਲ ਮੀਡੀਆ, ਪੇਡ ਨਿਊਜ਼ ਤੇ ਇਸ਼ਤਿਹਾਰਾਂ ’ਤੇ ਬਾਜ਼ ਨਜ਼ਰ ਰੱਖਣ ਦੀਆਂ ਹਦਾਇਤਾਂ

**ਜਲੰਧਰ, (ਪੰਜਾਬ ਮੇਲ)**- ਭਾਰਤ ਚੋਣ ਕਮਿਸ਼ਨ ਵੱਲੋਂ 04-ਜਲੰਧਰ ਲੋਕ ਸਭਾ ਹਲਕਾ (ਅ.ਜ.) ਲਈ ਨਿਯੁਕਤ ਖਰਚਾ ਨਿਗਰਾਨ 2009 ਬੈਚ ਦੇ ਆਈ.ਆਰ.ਐੱਸ. ਅਧਿਕਾਰੀ ਮਾਧਵ ਦੇਸ਼ਮੁਖ ਨੇ ਮੀਡੀਆ ਸਰਟੀਫਿਕੇਸ਼ਨ ਅਤੇ ਨਿਗਰਾਨ ਸੈੱਲ (ਐੱਮ.ਸੀ.ਐੱਮ.ਸੀ.) ਦਾ ਦੌਰਾ ਕਰਦਿਆਂ ਅਧਿਕਾਰੀਆਂ ਤੇ ਮੈਂਬਰਾਂ ਨੂੰ ਸੋਸ਼ਲ ਮੀਡੀਆ, ਪੇਡ ਨਿਊਜ਼ ਤੇ ਇਸ਼ਤਿਹਾਰਾਂ ’ਤੇ ਬਾਜ਼ ਨਜ਼ਰ ਰੱਖਣ ਦੀਆਂ ਹਦਾਇਤਾਂ ਦਿੱਤੀਆਂ। ਖ਼ਰਚਾ ਨਿਗਰਾਨ ਨੇ ਵਧੀਕ ਕਮਿਸ਼ਨਰ ਨਗਰ ਨਿਗਮ-ਕਮ-ਨੋਡਲ ਅਫ਼ਸਰ ਜ਼ਿਲ੍ਹਾ ਖਰਚਾ ਨਿਗਰਾਨ ਸੈੱਲ ਅਮਰਜੀਤ ਸਿੰਘ ਸਮੇਤ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਮਰਾ ਨੰ. 14 ਏ ਵਿਖੇ ਸਥਾਪਤ ਐੱਮ.ਸੀ.ਐੱਮ.ਸੀ. ਵਿਖੇ ਅਧਿਕਾਰੀਆਂ ਨਾਲ ਗੱਲਬਾਤ ਕਰਦਿਆਂ ਲੋਕ ਸਭਾ ਚੋਣਾਂ ਲੜਨ ਵਾਲੀਆਂ ਸਿਆਸੀ ਪਾਰਟੀਆਂ/ਉਮੀਦਵਾਰਾਂ ਵੱਲੋਂ ਸੋਸ਼ਲ ਮੀਡੀਆ, ਇਲੈਕਟ੍ਰਾਨਿਕ ਮੀਡੀਆ, ਪ੍ਰਿੰਟ ਮੀਡੀਆ ਰਾਹੀਂ ਕੀਤੇ ਜਾ ਰਹੇ ਪ੍ਰਚਾਰ, ਇਸ਼ਤਿਹਾਰਬਾਜ਼ੀ, ਪੇਡ ਨਿਊਜ਼, ਕੰਟੈਂਟ ਸਬੰਧੀ ਵੱਖ-ਵੱਖ ਪ੍ਰਵਾਨਗੀਆਂ ਸਬੰਧੀ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਸੈੱਲ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਕਿਹਾ ਕਿ ਅਖ਼ਬਾਰ, ਰੇਡੀਓ, ਟੀ.ਵੀ., ਸੋਸ਼ਲ ਮੀਡੀਆ ’ਤੇ ਤਿੱਖੀ ਨਜ਼ਰ ਰੱਖੀ ਜਾਵੇ ਅਤੇ ਜੇਕਰ ਕਿਸੇ ਉਮੀਦਵਾਰ ਦਾ ਇਸ਼ਤਿਹਾਰ/ਪੇਡ ਨਿਊਜ਼ ਮਿਲਦੀ ਹੈ, ਤਾਂ ਉਸ ਨੂੰ ਉਸਦੇ ਚੋਣ ਖ਼ਰਚੇ ’ਚ ਸ਼ਾਮਲ ਕਰਨ ਲਈ ਤੁਰੰਤ ਬਣਦੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ।

## ਜਾਅਲੀ ਕਾਗਜ਼ਾਂ ਰਾਹੀਂ ਬੈਂਕ ਤੋਂ 40 ਲੱਖ ਰੁਪਏ ਦਾ ਹੱਦ ਕਰਜ਼ਾ ਲੈਣ ਵਾਲੇ 7 ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ

- ਵਿਜੀਲੈਂਸ ਬਿਊਰੋ ਵੱਲੋਂ ਤਿੰਨ ਮੁਲਜ਼ਮ ਗ੍ਰਿਫਤਾਰ

ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਮੁਹਿੰਮ ਦੌਰਾਨ ਮਾਲ ਵਿਭਾਗ ਦੇ ਰਿਕਾਰਡ ਵਿਚ ਫੇਬਦਲ ਕਰਕੇ ਜਾਅਲੀ ਜਮਾਂਬੰਦੀਆਂ ਦੇ ਅਧਾਰ ਉਪਰ ਐੱਚ.ਡੀ.ਐੱਫ.ਸੀ. ਬੈਂਕ ਤੋਂ 40 ਲੱਖ ਰੁਪਏ ਦਾ ਖੇਤੀਬਾੜੀ ਹੱਦ ਕਰਜ਼ਾ ਹਾਸਲ ਕਰਨ ਖਿਲਾਫ ਸੱਤ ਵਿਅਕਤੀਆਂ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਅਧੀਨ ਮੁਕੱਦਮਾ ਦਰਜ ਕਰਕੇ ਉਨ੍ਹਾਂ ਮੁਲਜ਼ਮਾਂ ਵਿਚੋਂ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਇਸ ਮੁਕੱਦਮੇ ਦੀ ਹੋਰ ਜਾਂਚ ਜਾਰੀ ਹੈ।

ਇਹ ਜਾਣਕਾਰੀ ਦਿੰਦੇ ਹੋਏ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਸ ਕੇਸ ਵਿਚ ਨਵਦੀਪ ਸਿੰਘ ਵਾਸੀ ਪਿੰਡ ਕੋਹਰ ਸਿੰਘ ਵਾਲਾ, ਤਹਿਸੀਲ ਗੁਰੂਹਰਸਹਾਏ ਜ਼ਿਲ੍ਹਾ ਫਿਰੋਜਪੁਰ, ਵਿਨੋਦ ਕੁਮਾਰ ਤੇ ਅਮਰਜੀਤ ਸਿੰਘ, ਦੋਵੇਂ ਮਾਲ ਪਟਵਾਰੀ, ਹਲਕਾ ਬਹਾਦਰ ਕੇ, ਤਹਿਸੀਲ ਗੁਰੂਹਰਸਹਾਏ ਜ਼ਿਲ੍ਹਾ ਫਿਰੋਜਪੁਰ, ਜੋਗਿੰਦਰ ਸਿੰਘ ਉਰਫ ਬਿੱਟੂ, ਸਹਾਇਕ ਮਾਲ ਪਟਵਾਰੀ, ਪਰਮਿੰਦਰ ਸਿੰਘ, ਏ.ਐੱਸ.ਐੱਮ. ਫਰਦ ਕੇਂਦਰ ਗੁਰੂਹਰਸਹਾਏ, ਕੁਲਵਿੰਦਰ ਸਿੰਘ ਰਿਲੇਸ਼ਨਸਿਪ ਮੈਨੇਜਰ, ਐੱਚ.ਡੀ.ਐੱਫ.ਸੀ. ਬੈਂਕ ਬ੍ਰਾਂਚ ਗੁਰੂਹਰਸਹਾਏ, ਜਾਮਨ ਦਵਿੰਦਰ ਸਿੰਘ ਪੁੱਤਰ ਪਿੰਡ ਕੋਹਰ ਸਿੰਘ ਵਾਲਾ, ਜ਼ਿਲ੍ਹਾ ਫਿਰੋਜ਼ਪੁਰ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ। ਇਨ੍ਹਾਂ ਮੁਲਜ਼ਮਾਂ ਵਿਚੋਂ ਜੋਗਿੰਦਰ ਸਿੰਘ ਉਰਫ ਬਿੱਟੂ, ਅਮਰਜੀਤ ਸਿੰਘ ਮਾਲ ਪਟਵਾਰੀ ਅਤੇ ਦਵਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ।

ਹੋਰ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਦੱਸਿਆ ਕਿ ਉਕਤ ਮੁਕੱਦਮਾ ਸ਼ਿਕਾਇਤ ਨੰਬਰ 89/19 ਫਿਰੋਜ਼ਪੁਰ ਦੀ ਪੜਤਾਲ ਤੋਂ ਬਾਅਦ ਦਰਜ ਕੀਤਾ ਗਿਆ ਹੈ। ਇਸ ਸ਼ਿਕਾਇਤ ਦੀ ਪੜਤਾਲ ਤੋਂ ਪਾਇਆ ਗਿਆ ਕਿ ਉਕਤ ਨਵਦੀਪ ਸਿੰਘ, ਵਿਨੋਦ ਕੁਮਾਰ ਮਾਲ ਪਟਵਾਰੀ, ਜੋਗਿੰਦਰ ਸਿੰਘ ਉਰਫ ਬਿੱਟੂ ਅਤੇ ਪਰਮਿੰਦਰ ਸਿੰਘ ਏ.ਐੱਸ.ਐੱਮ. ਨੇ ਆਪਸ ਵਿਚ ਸਾਜ-ਬਾਜ ਹੋ ਕੇ ਮਾਲ ਵਿਭਾਗ ਦੇ ਰਿਕਾਰਡ ਵਿਚ ਜਾਅਲੀ ਇੰਦਰਾਜ ਕਰਕੇ ਫਰਜ਼ੀ ਜਮਾਂਬੰਦੀਆਂ ਤਿਆਰ ਕੀਤੀਆਂ, ਜਿਸ ਦੇ ਆਧਾਰ ਉੱਤੇ ਸਾਲ 2016 ਵਿਚ ਨਵਦੀਪ ਸਿੰਘ ਦੇ ਨਾਮ ਉਪਰ ਐੱਚ.ਡੀ.ਐੱਫ.ਸੀ. ਬੈਂਕ ਦੇ ਕਰਮਚਾਰੀਆਂ ਨਾਲ ਮਿਲੀਭੁਗਤ ਰਾਹੀਂ 40 ਲੱਖ ਰੁਪਏ ਦੇ ਕਰਜ਼ੇ ਦੀ ਲਿਮਟ ਹਾਸਲ ਕਰ ਲਈ। ਬੁਲਾਰੇ ਨੇ ਦੱਸਿਆ ਕਿ ਬਾਅਦ ਵਿਚ ਇਸ ਘਪਲੇਬਾਜ਼ੀ ਸਬੰਧੀ ਪਤਾ ਲੱਗਣ ਤੇ ਬੈਂਕ ਤੋਂ ਇਹ ਹਾਸਲ ਕੀਤੀ ਰਕਮ 40 ਲੱਖ ਰੁਪਏ ਸਾਲ 2019 ਵਿਚ ਜਮਾ ਕਰਵਾ ਦਿੱਤੀ। ਇਸੇ ਤਰ੍ਹਾਂ ਇੱਕ ਹੋਰ ਜੁਰਮ ਕਰਦਿਆਂ ਨਵਦੀਪ ਸਿੰਘ ਪਿੰਡ ਕੋਹਰ ਸਿੰਘ ਵਾਲਾ ਨੇ ਕੈਨਰਾ ਬੈਂਕ ਫਰੀਦਕੋਟ ਤੋਂ ਕਰਜ਼ਾ ਲੈਣ ਲਈ ਸਾਲ 2016 ਵਿਚ ਬੈਂਕ ਨੂੰ ਦਰਖਾਸਤ ਦਿੱਤੀ ਪਰ ਇਸ ਕਰਜ਼ੇ ਮੌਕੇ ਐੱਚ.ਡੀ.ਐੱਫ.ਸੀ. ਬੈਂਕ ਗੁਰੂਹਰਸਹਾਏ ਦੇ ਪਾਸ ਆੜ-ਰਹਿਣ ਦਿਖਾਏ ਹੋਏ ਜ਼ਮੀਨ ਦੇ ਖਸਰਾ ਨੰਬਰਾਂ ਦੇ ਆਧਾਰ ਦੇ ਕੇਸ ਅਪਲਾਈ ਕੀਤਾ ਪ੍ਰੰਤੂ ਸੁਰਿੰਦਰ ਕੁਮਾਰ ਕੇਨਰਾ ਬੈਂਕ ਫਰੀਦਕੋਟ ਵੱਲੋਂ ਇਸ ਕਰਜ਼ਾ ਮਨਜ਼ੂਰ ਨਹੀਂ ਕੀਤਾ ਗਿਆ।




# ਐਡਵੋਕੇਟ ਧਾਮੀ ਵੱਲੋਂ ਫਿਰੋਜ਼ਪੁਰ ਦੇ ਪਿੰਡ ਬੰਡਾਲਾ ’ਚ ਹੋਈ ਬੇਅਦਬੀ ਦੀ ਸਖ਼ਤ ਨਿੰਦਾ

■ ਸ਼੍ਰੋਮਣੀ ਕਮੇਟੀ ਦੀ ਟੀਮ ਨੇ ਘਟਨਾ ਵਾਲੀ ਥਾਂ ਤੋਂ ਸਮੁੱਚੀ ਰਿਪੋਰਟ ਭੇਜੀ



**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਬੰਡਾਲਾ ਵਿਖੇ ਗੁਰਦੁਆਰਾ ਸਾਹਿਬ ਬਾਬਾ ਬੀਰ ਸਿੰਘ ’ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੀਤੀ ਗਈ ਬੇਅਦਬੀ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਪਿਛਲੇ ਕੁਝ ਸਮੇਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ, ਪਰ ਪੁਲਿਸ ਪ੍ਰਸ਼ਾਸਨ ਅਤੇ ਸਰਕਾਰ ਅਜਿਹੀਆਂ ਘਟਨਾਵਾਂ ਨੂੰ ਰੋਕਣ ਵਿਚ ਪੂਰੀ ਤਰ੍ਹਾਂ ਅਸਫਲ ਰਹੇ ਹਨ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਕਿਸੇ ਵੱਡੀ ਸਾਜ਼ਿਸ਼ ਦਾ ਹਿੱਸਾ ਹਨ, ਜਿਸ ਪਿੱਛੇ ਕੰਮ ਕਰਦੀਆਂ ਸ਼ਕਤੀਆਂ ਨੂੰ ਸ਼ਾਹਮਣੇ ਲਿਆਉਣਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਅਤੇ ਪੁਲਿਸ ਵੱਲੋਂ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਅਤੇ ਮਿਸਾਲੀ ਸਜ਼ਾਵਾਂ ਨਾ ਦਿੱਤੇ ਜਾਣ ਦੇ ਕਾਰਨ ਹੀ ਸੰਗਤ ਅੰਦਰ ਭਾਰੀ ਰੋਸ ਅਤੇ ਰੋਹ ਪੈਦਾ ਹੋਇਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਆਪਣੇ ਤੰਤਰ ਰਾਹੀਂ ਫਿਰੋਜ਼ਪੁਰ ਦੀ ਬੇਅਦਬੀ ਘਟਨਾ ਪਿੱਛੇ ਕੰਮ ਕਰਦੀਆਂ ਸ਼ਕਤੀਆਂ ਨੂੰ ਨਸ਼ਰ ਕਰੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸੰਗਤ ਨੂੰ ਵੀ ਅਪੀਲ ਕੀਤੀ ਕਿ ਗੁਰਦੁਆਰਾ ਸਾਹਿਬਾਨ ਅੰਦਰ ਸੀ.ਸੀ.ਟੀ.ਵੀ. ਕੈਮਰੇ ਰਾਹੀਂ ਨਿਗਰਾਨੀ ਅਤੇ ਸੁਰੱਖਿਆ ਦੇ ਪੁਖਤਾ ਇਤਜ਼ਾਮ ਕਰਨ ਅਤੇ ਪਹਿਰੇਦਾਰੀ ਲਈ ਹਰ ਸਮੇਂ ਸੇਵਾਦਾਰ ਗੁਰਦੁਆਰਾ ਸਾਹਿਬਾਨ ’ਚ ਹਾਜ਼ਰ ਰਹਿਣ।

ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ਼੍ਰੋਮਣੀ ਕਮੇਟੀ ਵੱਲੋਂ ਹਲਕਾ ਮੈਂਬਰ ਸ. ਦਰਸ਼ਨ ਸਿੰਘ ਸ਼ੇਰ ਖਾਂ, ਗੁਰਦੁਆਰਾ ਜਾਮਨੀ ਸਾਹਿਬ ਬਜ਼ੀਦਪੁਰ ਫਿਰੋਜ਼ਪੁਰ ਤੋਂ ਐਡੀਸ਼ਨਲ ਮੈਨੇਜਰ ਸ. ਜਸਪਾਲ ਸਿੰਘ, ਹੈੱਡ ਗ੍ਰੰਥੀ ਗਿਆਨੀ ਬਲਵਿੰਦਰ ਸਿੰਘ, ਗ੍ਰੰਥੀ ਗਿਆਨੀ ਗੁਰਭਜਨ ਸਿੰਘ, ਪ੍ਰਚਾਰਕ ਸ. ਸੁਖਵਿੰਦਰ ਸਿੰਘ ਅਤੇ ਹੋਰ ਨੁਮਾਇੰਦੀਆਂ ਨੇ ਘਟਨਾ ਵਾਲੀ ਥਾਂ ਪਿੰਡ ਬੰਡਾਲਾ ਵਿਖੇ ਪੁੱਜ ਕੇ ਸਮੁੱਚੀ ਜਾਣਕਾਰੀ ਲੈਣ ਉਪਰੰਤ ਰਿਪੋਰਟ ਭੇਜੀ ਹੈ, ਜੋ ਅਗਲੀ ਕਾਰਵਾਈ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭੇਜ ਦਿੱਤੀ ਜਾਵੇਗੀ।

ਸ. ਪ੍ਰਤਾਪ ਸਿੰਘ ਨੇ ਕਿਹਾ ਕਿ ਮੌਕੇ ਤੋਂ ਪ੍ਰਾਪਤ ਕੀਤੀ ਸੀ.ਸੀ.ਟੀ.ਵੀ. ਕੈਮਰੇ ਦੀ ਰਿਕਾਰਡਿੰਗ ਤੋਂ ਬਿਲਕੁਲ ਸਪੱਸ਼ਟ ਹੁੰਦਾ ਹੈ ਕਿ 4 ਮਈ ਨੂੰ ਇਸ ਘਟਨਾ ਦੇ ਦੋਸ਼ੀ ਨੇ ਗੁਰੂ ਘਰ ਦੇ ਅੰਦਰ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਗ ਫਾੜੇ ਅਤੇ ਅੰਗ ਨਾਲ ਲੈ ਕੇ ਗੁਰੂ ਘਰ ਤੋਂ ਬਾਹਰ ਚਲਾ ਗਿਆ। ਉਨ੍ਹਾਂ ਕਿਹਾ ਕਿ ਦੋਸ਼ੀ ਵੱਲੋਂ ਖੰਡਿਤ ਕੀਤਾ ਗਿਆ ਪਾਵਨ ਸਰੂਪ ਵੀ ਆਉਂਦੇ ਦਿਨਾਂ ਵਿਚ ਮਰਿਯਾਦਾ ਅਨੁਸਾਰ ਸੁਰੱਖਿਅਤ ਰੱਖ ਲਿਆ ਜਾਵੇਗਾ।

## ਵਿਜੀਲੈਂਸ ਬਿਊਰੋ ਵੱਲੋਂ ਕਰਜ਼ਾ ਧੋਖਾਧੜੀ ’ਚ ਭਗੌੜਾ ਬੈਂਕ ਮੈਨੇਜਰ ਦਿੱਲੀ ਏਅਰਪੋਰਟ ਤੋਂ ਕਾਬੂ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਵਿਜੀਲੈਂਸ ਬਿਊਰੋ ਨੇ ਅਮਰੀਕਾ ਤੋਂ ਪਰਤੇ ਦੋਸ਼ੀ ਅਤੇ ਭਗੌੜਾ ਅਪਰਾਧੀ (ਪੀ.ਓ.) ਸੁਖਵੰਤ ਸਿੰਘ ਬੈਂਕ ਮੈਨੇਜਰ ਨੂੰ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡਾ ਨਵੀਂ ਦਿੱਲੀ ਤੋਂ ਗ੍ਰਿਫਤਾਰ ਕਰ ਲਿਆ ਹੈ।

ਇਹ ਪ੍ਰਗਟਾਵਾ ਕਰਦਿਆਂ ਇੱਥੇ ਰਾਜ ਵਿਜੀਲੈਂਸ ਬਿਓਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਦੋਸ਼ੀ ਆਈ.ਪੀ.ਸੀ. ਦੀ ਧਾਰਾ 409, 420, 467, 468, 471, 120-ਬੀ ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13 (2) ਅਤੇ 13 (ਡੀ) ਤਹਿਤ ਵਿਜੀਲੈਂਸ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਦਰਜ ਇੱਕ ਕੇਸ ਨੰ. 32 ਮਿਤੀ 24.08.2006 ਵਿਚ ਲੋੜੀਂਦਾ ਸੀ।

ਉਕਤ ਦੋਸ਼ੀ ਨੂੰ ਅਦਾਲਤ ਨੇ 06-04-2011 ਨੂੰ ਕੇਂਦਰੀ ਸਹਿਕਾਰੀ ਬੈਂਕ, ਬ੍ਰਾਂਚ ਗੁਰੂ-ਕਾ-ਬਾਗ, ਅੰਮ੍ਰਿਤਸਰ ਵਿਖੇ ਮੈਨੇਜਰ ਵਜੋਂ ਆਪਣੇ ਅਧਿਕਾਰਤ ਅਹੁਦੇ ਦੀ ਦੁਰਵਰਤੋਂ ਕਰਕੇ 2.50 ਕਰੋੜ ਰੁਪਏ ਦੇ ਕਰਜ਼ੇ ਵਿਚ ਧੋਖਾਧੜੀ ਕਰਨ ਦੇ ਦੋਸ਼ ਵਿਚ ਉਕਤ ਕੇਸ ਵਿਚ ਪੀ.ਓ. (ਭਗੌੜਾ) ਕਰਾਰ ਦਿੱਤਾ ਸੀ।

ਜ਼ਿਕਰਯੋਗ ਹੈ ਕਿ ਇਹ ਮੁਲਜ਼ਮ ਅਮਰੀਕਾ ਭੱਜ ਗਿਆ ਸੀ ਅਤੇ ਬਾਅਦ ਵਿਚ ਬਿਊਰੋ ਵੱਲੋਂ ਉਸ ਵਿਰੁੱਧ ਲੁੱਕ ਆਊਟ ਸਰਕੂਲਰ (ਐੱਲ.ਓ.ਸੀ.) ਜਾਰੀ ਕੀਤਾ ਗਿਆ ਸੀ। ਬੁਲਾਰੇ ਨੇ ਅੱਗੇ ਦੱਸਿਆ ਕਿ ਵਿਜੀਲੈਂਸ ਬਿਊਰੋ ਨੂੰ ਇੰਦਰਾ ਗਾਂਧੀ ਅੰਤਰਰਾਸ਼ਟਰੀ ਏਅਰਪੋਰਟ ਦੇ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਮੁਲਜ਼ਮ ਦੇ ਭਾਰਤ ਪਰਤਣ ਸਬੰਧੀ ਸੁਚੇਤ ਕੀਤਾ ਗਿਆ ਸੀ। ਇਸ ’ਤੇ ਫੌਰੀ ਕਾਰਵਾਈ ਕਰਦਿਆਂ ਵਿਜੀਲੈਂਸ ਟੀਮ ਨੂੰ ਰਵਾਨਾ ਕੀਤਾ ਗਿਆ ਅਤੇ ਦੋਸ਼ੀ ਨੂੰ ਏਅਰਪੋਰਟ ਤੋਂ ਗ੍ਰਿਫਤਾਰ ਕਰ ਲਿਆ।

## ਸੰਦੀਪ ਨੰਗਲ ਅੰਬੀਆਂ ਕਤਲਕਾਂਡ ਨਾਲ ਜੁੜਿਆ ਇਕ ਹੋਰ ਗੈਂਗਸਟਰ ਗ੍ਰਿਫ਼ਤਾਰ



**ਜਲੰਧਰ, (ਪੰਜਾਬ ਮੇਲ)-** ਅੰਤਰਰਾਸ਼ਟਰੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਕਤਲ ਮਾਮਲੇ ਨਾਲ ਜੁੜੀ ਵੱਡੀ ਖ਼ਬਰ ਸਾਹਮਣੇ ਆਈ ਹੈ। ਇਸ ਕਤਲਕਾਂਡ ਨਾਲ ਜੁੜੇ ਇਕ ਹੋਰ ਗੈਂਗਸਟਰ ਸਵਰਨਦੀਪ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਇਸੇ ਗੈਂਗਸਟਰ ਨੇ ਕਤਲਕਾਂਡ ਦੇ ਬਾਕੀ ਗੈਂਗਸਟਰਾਂ ਨੂੰ ਆਪਣੇ ਘਰ ’ਚ ਪਨਾਹ ਦਿੱਤੀ ਸੀ ਅਤੇ ਸੰਦੀਪ ਨੰਗਲ ਅੰਬੀਆਂ ਦੇ ਕਤਲ ਤੋਂ ਬਾਅਦ ਫ਼ਰਾਰ ਸੀ। ਕਤਲ ਦੇ 6 ਮਹੀਨਿਆਂ ਬਾਅਦ ਉਸ ਨੂੰ ਭਗੌੜਾ ਕਰਾਰ ਦੇ ਦਿੱਤਾ ਗਿਆ ਸੀ, ਜਿਸ ਤੋਂ ਬਾਅਦ ਹੁਣ ਗੋਇੰਦਵਾਲ ਪੁਲਿਸ ਨੇ ਉਸ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਜਲੰਧਰ ਪੁਲਿਸ ਨੇ ਉਸ ਨੂੰ ਪ੍ਰੋਡਕਸ਼ਨ ਵਾਰੰਟ ’ਤੇ ਲਿਆਂਦਾ ਹੈ।

ਜ਼ਿਕਰਯੋਗ ਹੈ ਕਿ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦਾ 14 ਮਾਰਚ, 2022 ਨੂੰ ਨਕੋਦਰ ਦੇ ਪਿੰਡ ਮੱਲੀਆਂ ਵਿਖੇ 5 ਹਮਲਾਵਰਾਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਇਹ ਘਟਨਾ ਸ਼ਾਮ 6 ਵਜੇ ਦੇ ਕਰੀਬ ਉਸ ਸਮੇਂ ਵਾਪਰੀ ਸੀ, ਜਦੋਂ ਸੰਦੀਪ ਪਿੰਡ ’ਚ ਚੱਲ ਰਹੇ ਟੂਰਨਾਮੈਂਟ ’ਚ ਪੁੱਜਾ ਸੀ। ਮੈਚ ਦੌਰਾਨ ਅੰਨ੍ਹੇਵਾਹ ਗੋਲੀਬਾਰੀ ਕਾਰਨ ਸਟੇਡੀਅਮ ਵਿਚ ਹਫੜਾ-ਦਫੜੀ ਮੱਚ ਗਈ ਸੀ।

## ਫਰਿਜ਼ਨੋ ’ਚ ਗੋਲੀਬਾਰੀ ਦੌਰਾਨ ਗਲੇਡਨੀ ਮਰਿਆ ਹੈ, ਗੋਲਡੀ ਨਹੀਂ: ਅਮਰੀਕੀ ਪੁਲਿਸ

**ਫਰਿਜ਼ਨੋ, (ਪੰਜਾਬ ਮੇਲ)-** ਫਰਿਜ਼ਨੋ ਵਿਚ ਗੋਲੀਬਾਰੀ ਤੋਂ ਬਾਅਦ ਅਮਰੀਕੀ ਪੁਲਿਸ ਨੇ ਕਿਹਾ ਹੈ ਕਿ ਇਹ ਘਟਨਾ ਕਿਸੇ ਵੀ ਤਰ੍ਹਾਂ ਭਾਰਤੀ ਦੀ ਹੱਤਿਆ ਨਾਲ ਸਬੰਧਤ ਨਹੀਂ ਹੈ। ਗੋਲੀਬਾਰੀ ਵਿਚ ਕਰਨ ਵਾਲੇ ਦੀ ਪਛਾਣ 37 ਸਾਲਾ ਜ਼ੇਵੀਅਰ ਗਲੇਡਨੀ ਵਜੋਂ ਹੋਈ ਹੈ। ਫਰਿਜ਼ਨੋ ਦੇ ਅਧਿਕਾਰੀਆਂ ਦਾ ਇਹ ਸਪੱਸ਼ਟੀਕਰਨ ਕਈ ਸੋਸ਼ਲ ਮੀਡੀਆ ਰਿਪੋਰਟਾਂ ਤੋਂ ਬਾਅਦ ਆਇਆ ਹੈ, ਜਿਸ ਵਿਚ ਦਾਅਵਾ ਕੀਤਾ ਗਿਆ ਸੀ ਕਿ ਗੋਲੀਬਾਰੀ ਦਾ ਸ਼ਿਕਾਰ ਭਾਰਤੀ ਗੈਂਗਸਟਰ ਗੋਲਡੀ ਬਰਾੜ ਹੈ, ਜੋ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਦਾ ਮੁਲਜ਼ਮ ਹੈ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com



# ਨਿੱਝਰ ਕਤਲ ਕਾਂਡ: ਗ੍ਰਿਫ਼ਤਾਰ ਕਾਤਲਾਂ ਦੇ ਜਲੰਧਰ ਤੇ ਕੋਟਕਪੂਰਾ ਨਾਲ ਸਬੰਧ

**ਸਰੀ, (ਪੰਜਾਬ ਮੇਲ)**- ਕੈਨੇਡਾ ਦੇ ਸਰੀ 'ਚ 18 ਜੂਨ 2023 ਨੂੰ ਹਰਦੀਪ ਸਿੰਘ ਨਿੱਝਰ ਦੀ ਗੋਲੀ ਮਾਰ ਕੇ ਹੋਈ ਹੱਤਿਆ ਦੇ ਮਾਮਲੇ 'ਚ ਗ੍ਰਿਫ਼ਤਾਰ ਕੀਤੇ ਗਏ ਦੋਸ਼ੀਆਂ ਬਾਰੇ ਵੱਡਾ ਖੁਲਾਸਾ ਹੋਇਆ ਹੈ। ਖੁਲਾਸੇ ਮੁਤਾਬਕ ਦੋਸ਼ੀਆਂ 'ਚੋਂ ਇਕ ਦੋਸ਼ੀ ਕਮਲਪ੍ਰੀਤ ਸਿੰਘ ਜਲੰਧਰ ਦੇ ਕਸਬਾ ਨਕੋਦਰ ਦੇ ਪਿੰਡ ਚੱਕ ਕਲਾਂ ਦਾ ਰਹਿਣ ਵਾਲਾ ਹੈ ਅਤੇ ਦੂਜਾ ਕਰਨ ਬਰਾੜ ਫਰੀਦਕੋਟ ਦੇ ਕਸਬਾ ਕੋਟਕਪੂਰਾ ਦਾ ਵਸਨੀਕ ਹੈ। ਕੈਨੇਡੀਅਨ ਪੁਲਿਸ ਵੱਲੋਂ ਜਾਰੀ ਕੀਤੇ ਗਏ ਮੁਲਜ਼ਮਾਂ ਬਾਰੇ ਜਾਣਕਾਰੀ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਗ੍ਰਿਫ਼ਤਾਰ ਕਰਨ ਬਰਾੜ ਕੋਟਕਪੂਰਾ ਦੇ ਚੌਕ ਕਾਜੀਆਂ



ਦਾ ਰਹਿਣ ਵਾਲਾ ਹੈ।

ਆਪਣੇ ਮਾਤਾ-ਪਿਤਾ ਦਾ ਇਕਲੌਤਾ ਪੁੱਤਰ ਕਰਨ ਅਪ੍ਰੈਲ 2020 ਵਿਚ ਸਟੱਡੀ ਵੀਜ਼ੇ 'ਤੇ ਕੈਨੇਡਾ ਗਿਆ ਸੀ ਅਤੇ ਹੁਣ ਅਲਬਰਟਾ ਦੇ ਸ਼ਹਿਰ ਐਡਮਿੰਟਨ ਵਿਚ ਰਹਿ ਰਿਹਾ ਸੀ। ਉਸ ਦੇ ਦਾਦਾ ਬਲਬੀਰ ਸਿੰਘ ਇੱਥੇ ਹਨ, ਜਦੋਂਕਿ ਉਸ ਦੀ ਮਾਂ ਰਮਨ ਸਿੰਗਾਪੁਰ ਵਿਚ ਹੈ। ਪਿਤਾ ਮਨਦੀਪ ਸਿੰਘ ਦੀ 18 ਅਪ੍ਰੈਲ ਨੂੰ ਮੌਤ ਹੋ ਗਈ ਸੀ। ਗ੍ਰਿਫਤਾਰ ਕਮਲਪ੍ਰੀਤ, ਕਰਮਪ੍ਰੀਤ ਦੇ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਗੈਂਗ ਨਾਲ ਵੀ ਸਬੰਧ ਹਨ। ਕੈਨੇਡੀਅਨ ਪੁਲਿਸ ਵੱਲੋਂ ਅਦਾਲਤ ਵਿਚ ਦਾਇਰ ਕੀਤੀ ਚਾਰਜਸ਼ੀਟ ਅਨੁਸਾਰ ਕਤਲ ਦੇ ਮੁਲਜ਼ਮ ਕੈਨੇਡਾ ਵਿਚ ਵਾਪਰੀਆਂ ਤਿੰਨ ਹੋਰ ਘਟਨਾਵਾਂ ਵਿਚ ਵੀ ਸ਼ਾਮਲ ਹਨ।

ਜਲੰਧਰ ਵਿਚ ਕਮਲਪ੍ਰੀਤ ਸਿੰਘ ਦੇ ਨਕੋਦਰ ਦੇ ਪਿੰਡ ਚੱਕ ਕਲਾਂ ਵਿਚ ਸੁਰੱਖਿਆ ਏਜੰਸੀਆਂ ਜਾਂਚ ਲਈ ਰਾਤ 10.30 ਵਜੇ ਪਹੁੰਚੀਆਂ। 23 ਸਾਲ ਕਮਲਪ੍ਰੀਤ ਤਿੰਨ ਸਾਲ ਸਟੱਡੀ ਵੀਜ਼ੇ 'ਤੇ ਕੈਨੇਡਾ ਗਿਆ ਸੀ। ਉਸ ਦੀ ਭੈਣ ਵਿਆਹ ਕਰ ਕੇ 2 ਸਾਲ ਪਹਿਲਾਂ ਕੈਨੇਡਾ ਚਲੀ ਗਈ ਸੀ। ਉਸ ਦਾ ਪਿਤਾ ਸਤਨਾਮ ਸਿੰਘ ਪਿੰਡ ਦਾ ਪੰਚ ਹੈ ਤੇ ਸ਼ੰਕਰ ਕਸਬੇ ਵਿਚ ਉਸ ਦਾ ਆੜ੍ਹਤ ਦਾ ਕਾਰੋਬਾਰ ਹੈ। ਕਰੀਬ 25 ਏਕੜ ਵਿਚ ਖੇਤੀ ਹੈ। ਕਮਲਜੀਤ ਦੇ ਘਰ ਪਿਤਾ ਤੋਂ ਇਲਾਵਾ ਮਾਂ ਸੁਖਵਿੰਦਰ ਕੌਰ ਅਤੇ ਦਾਦੀ ਹੈ। ਸੁਰੱਖਿਆ ਏਜੰਸੀਆਂ ਨੇ ਪਰਿਵਾਰ ਨਾਲ ਗੱਲ ਕੀਤੀ, ਪਰ ਪਰਿਵਾਰ ਨੇ ਕਿਹਾ-ਬੇਟਾ ਪੜ੍ਹਾਈ ਲਈ ਗਿਆ ਸੀ। ਉਹ ਲਾਰੈਂਸ ਗੈਂਗ ਨਾਲ ਕਿਵੇਂ ਜੁੜਿਆ। ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ।

# ਕੈਨੇਡੀਅਨ ਪੁਲਿਸ ਵੱਲੋਂ ਨਿੱਝਰ ਕਤਲ ਮਾਮਲੇ 'ਚ ਗ੍ਰਿਫ਼ਤਾਰ ਵਿਅਕਤੀਆਂ ਦੀਆਂ ਤਸਵੀਰਾਂ ਜਾਰੀ

**ਟੋਰਾਂਟੋ, (ਪੰਜਾਬ ਮੇਲ)**- ਕੈਨੇਡੀਅਨ ਪੁਲਿਸ ਨੇ ਸ਼ਨੀਵਾਰ ਨੂੰ ਹਰਦੀਪ ਸਿੰਘ ਨਿੱਝਰ ਦੀ ਹੱਤਿਆ 'ਚ ਗ੍ਰਿਫ਼ਤਾਰ ਕੀਤੇ ਗਏ ਤਿੰਨਾਂ ਵਿਅਕਤੀਆਂ ਦੀਆਂ ਤਸਵੀਰਾਂ ਜਾਰੀ ਕੀਤੀਆਂ ਹਨ। ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐੱਮ.ਪੀ.) ਨੇ ਇਕ ਬਿਆਨ ਵਿਚ ਤਿੰਨ ਭਾਰਤੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕਰਨ ਦੀ ਗੱਲ ਕਹੀ ਹੈ। ਇਨ੍ਹਾਂ ਮੁਲਜ਼ਮਾਂ ਦੀ ਪਛਾਣ ਕਰਨਪ੍ਰੀਤ ਸਿੰਘ (28) ਕਮਲਪ੍ਰੀਤ ਸਿੰਘ (22) ਅਤੇ ਕਰਨ ਬਰਾੜ (22) ਦੱਸੀ ਗਈ ਹੈ। ਤਿੰਨਾਂ ਨੂੰ ਅਲਬਰਟਾ ਦੇ ਐਡਮਿੰਟਨ ਸ਼ਹਿਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ।



■ਲਾਰੈਂਸ ਬਿਸ਼ਨੋਈ ਗੈਂਗ ਨਾਲ ਦੱਸਿਆ ਜਾ ਰਿਹਾ ਹੈ ਸਬੰਧ

ਸ਼ੁੱਕਰਵਾਰ ਨੂੰ ਸਰੀ, ਆਰ.ਸੀ.ਐੱਮ.ਪੀ. ਦੀ ਏਕੀਕ੍ਰਿਤ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ (ਆਈ.ਐੱਚ.ਆਈ.ਟੀ.) ਨੇ ਦੱਸਿਆ ਕਿ 3 ਮਈ ਦੀ ਸਵੇਰ ਨੂੰ, ਬ੍ਰਿਟਿਸ਼ ਕੋਲੰਬੀਆ ਅਤੇ ਅਲਬਰਟਾ ਆਰ.ਸੀ.ਐੱਮ.ਪੀ. ਅਤੇ ਐਡਮਿੰਟਨ ਪੁਲਸ ਦੀ ਸਹਾਇਤਾ ਨਾਲ, ਆਈ.ਐੱਚ.ਆਈ.ਟੀ. ਵੈਨਕੂਵਰ ਦੇ ਇਕ ਉਪਨਗਰ ਸਰੀ 'ਚ ਜੂਨ 2023 'ਚ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਦੋਸ਼ ਹੇਠ ਤਿੰਨ ਵਿਅਕਤੀਆਂ ਨੂੰ ਕਾਬੂ ਕੀਤਾ ਸੀ। ਤਿੰਨਾਂ 'ਤੇ ਹੁਣ ਕਤਲ ਦੇ ਸਬੰਧ 'ਚ ਫਸਟ ਡਿਗਰੀ ਕਤਲ ਅਤੇ ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ਼ ਲਾਏ ਗਏ ਹਨ। ਤਿੰਨਾਂ ਮੁਲਜ਼ਮਾਂ ਦੀਆਂ ਤਸਵੀਰਾਂ ਦੇ ਨਾਲ, ਕੈਨੇਡੀਅਨ ਪੁਲਿਸ ਨੇ ਕਾਰ ਦੀਆਂ ਤਸਵੀਰਾਂ ਵੀ ਜਾਰੀ ਕੀਤੀਆਂ ਹਨ, ਜਿਸ ਨੂੰ ਸ਼ੱਕੀ ਵਿਅਕਤੀਆਂ ਨੇ ਕਤਲ ਤੋਂ ਪਹਿਲਾਂ, ਸਰੀ ਅਤੇ ਇਸ ਦੇ ਆਸ-ਪਾਸ ਦੇ ਖੇਤਰ ਵਿਚ ਵਰਤਿਆ ਸੀ।

ਉੱਥੇ ਹੀ ਕੈਨੇਡੀਅਨ ਮੀਡੀਆ ਵੱਲੋਂ ਇਨ੍ਹਾਂ ਤਿੰਨਾਂ ਮੁਲਜ਼ਮਾਂ ਦਾ ਸਬੰਧ ਭਾਰਤ ਦੀ ਜੇਲ੍ਹ 'ਚ ਕੈਦ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਗੈਂਗ ਨਾਲ ਦੱਸਿਆ ਜਾ ਰਿਹਾ ਹੈ। ਇਹ ਤਿੰਨੋ ਅਸਥਾਈ ਵੀਜ਼ਾ 'ਤੇ ਕੈਨੇਡਾ ਗਏ ਸਨ। ਇਨ੍ਹਾਂ ਵਿਚੋਂ ਕੁਝ ਸਟੱਡੀ ਵੀਜ਼ਾ 'ਤੇ ਕੈਨੇਡਾ ਗਏ ਹੋਏ ਸਨ। ਹਾਲਾਂਕਿ ਇਨ੍ਹਾਂ ਵਿਚੋਂ ਕਿਸੇ ਨੇ ਵੀ ਕੈਨੇਡਾ ਵਿਚ ਪੜ੍ਹਾਈ ਨਹੀਂ ਕੀਤੀ।

# ਨਿੱਝਰ ਕਤਲ ਕਾਂਡ: ਭਾਰਤ ਦਾ ਹੱਥ ਹੋਣ ਦੇ ਟਰੂਡੋ ਦੇ ਦਾਅਵਿਆਂ 'ਤੇ ਕੈਨੇਡਾ ਪੁਲਿਸ ਦੇ ਹੱਥ ਖਾਲੀ

**ਟੋਰਾਂਟੋ, (ਪੰਜਾਬ ਮੇਲ)**- ਪਿਛਲੇ ਸਾਲ 18 ਸਤੰਬਰ ਨੂੰ ਕੈਨੇਡਾ ਦੀ ਸੰਸਦ 'ਚ ਖੜ੍ਹੇ ਹੋ ਕੇ ਹਰਦੀਪ ਸਿੰਘ ਨਿੱਝਰ ਦੇ ਕਤਲ ਦਾ ਦੋਸ਼ ਭਾਰਤ 'ਤੇ ਲਾਉਣ ਦੇ ਕੈਨੇਡਾ ਦੇ ਪ੍ਰਧਾਨ ਮੰਤਰੀ ਦੇ ਦਾਅਵਿਆਂ ਦੀ ਅਜੇ ਤੱਕ ਅਧਿਕਾਰਕ ਤੌਰ 'ਤੇ ਪੁਸ਼ਟੀ ਨਹੀਂ ਹੋ ਸਕੀ ਹੈ। ਇਸ ਮਾਮਲੇ 'ਚ ਕੈਨੇਡਾ ਦੀ ਪੁਲਿਸ ਨੇ 3 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਪਰ ਅਜੇ ਵੀ ਇਸ ਗੱਲ ਦਾ ਜਵਾਬ ਨਹੀਂ ਮਿਲਿਆ ਹੈ ਕਿ ਭਾਰਤ ਦੀ ਕਿਹੜੀ ਏਜੰਸੀ ਦਾ ਇਸ ਮਾਮਲੇ 'ਚ ਹੱਥ ਸੀ।

ਹਾਲਾਂਕਿ ਜਿਹੜੇ ਗ੍ਰਿਫ਼ਤਾਰ ਕੀਤੇ ਵਿਅਕਤੀ ਹਨ, ਉਹ ਭਾਰਤੀ ਨਾਗਰਿਕ ਹਨ ਤੇ ਇਨ੍ਹਾਂ ਨੂੰ ਕੈਨੇਡਾ ਦੀ ਨਾਗਰਿਕਤਾ ਨਹੀਂ ਮਿਲੀ ਹੋਈ ਸੀ ਪਰ ਕੀ ਇਨ੍ਹਾਂ ਦਾ ਕਿਸੇ ਭਾਰਤ ਦੀ ਜਾਂਚ ਏਜੰਸੀ ਨਾਲ ਸਬੰਧ ਹੈ? ਕੀ ਇਹ ਵਿਅਕਤੀ ਭਾਰਤ ਦੀ ਕਿਸੇ ਅੰਬੈਸੀ ਦੇ ਕਰਮਚਾਰੀ ਦੇ ਸੰਪਰਕ 'ਚ ਸਨ? ਜਾਂ ਕਿਸੇ ਭਾਰਤੀ ਰਾਜਦੂਤ ਦਾ ਨਾਂ ਇਸ ਮਾਮਲੇ 'ਚ ਅਜੇ ਤੱਕ ਸਾਹਮਣੇ ਨਹੀਂ ਆਇਆ ਹੈ।

ਇਨ੍ਹਾਂ ਸਾਰੇ ਦੋਸ਼ਾਂ ਦੇ ਚੱਲਦਿਆਂ ਹੀ ਭਾਰਤ ਤੇ ਕੈਨੇਡਾ ਵਿਚਾਲੇ ਸਬੰਧ ਖ਼ਰਾਬ ਹੋਏ ਸਨ, ਜੋ ਇਸ ਤੋਂ ਬਾਅਦ ਲਗਾਤਾਰ ਵਿਗੜਦੇ ਗਏ ਪਰ ਕਤਲ ਦੇ 10 ਮਹੀਨਿਆਂ ਬਾਅਦ ਕੈਨੇਡਾ ਪੁਲਿਸ ਦੀ ਪ੍ਰੈੱਸ ਕਾਨਫਰੰਸ 'ਚ ਅਜੇ ਵੀ ਇਹ ਖ਼ੁਲਾਸਾ ਨਹੀਂ ਹੋ ਸਕਿਆ ਹੈ ਕਿ ਕਿਸੇ ਭਾਰਤੀ ਅੰਬੈਸੀ ਜਾਂ ਏਜੰਸੀ ਦਾ ਕਰਮਚਾਰੀ ਜਾਂ ਅਧਿਕਾਰੀ ਇਨ੍ਹਾਂ ਤਿੰਨਾਂ ਮੁਲਜ਼ਮਾਂ ਦੇ ਸੰਪਰਕ 'ਚ ਸੀ ਜਾਂ ਨਹੀਂ।

ਫਿਲਹਾਲ ਪੁਲਿਸ ਜਾਂਚ ਦੀ ਗੱਲ ਕਰ ਰਹੀ ਹੈ ਪਰ ਅਜੇ ਤੱਕ ਨਾ ਤਾਂ ਸਿੱਧੇ ਤੌਰ 'ਤੇ ਸ਼ਮੂਲੀਅਤ ਦੀ ਗੱਲ ਸਾਹਮਣੇ ਆਈ ਹੈ, ਨਾ ਹੀ ਕਿਸੇ ਪਰਚੇ 'ਤੇ ਨਾਂ ਹੈ ਤੇ ਨਾ ਹੀ ਪ੍ਰੈੱਸ ਕਾਨਫਰੰਸ 'ਚ ਨਾਂ ਸਾਹਮਣੇ ਆਇਆ ਹੈ।

ਦੱਸ ਦੇਈਏ ਕਿ ਆਰ.ਸੀ.ਐੱਮ.ਪੀ. ਦੇ ਅਸਿਸਟੈਂਟ ਕਮਿਸ਼ਨਰ ਡੇਵਿਡ ਟੇਬੂਲ ਨੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਫੜੇ ਗਏ ਤਿੰਨੇ ਮੁਲਜ਼ਮ ਐਡਮਿੰਟਨ ਦੇ ਰਹਿਣ ਵਾਲੇ ਹਨ। ਕਮਲਪ੍ਰੀਤ ਸਿੰਘ ਤੇ ਕਰਨ ਬਰਾੜ ਦੀ ਉਮਰ 22 ਸਾਲ ਹੈ, ਜਦਕਿ ਕਰਮਪ੍ਰੀਤ ਸਿੰਘ ਦੀ ਉਮਰ 28 ਸਾਲ ਹੈ। ਇਹ ਤਿੰਨੇ ਵੱਖ-ਵੱਖ ਸਮਿਆਂ ਦੌਰਾਨ ਕੈਨੇਡਾ ਆਏ ਸਨ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਵਟਸਐਪ ਵੱਲੋਂ ਭਾਰਤ ਵਿਚ 79 ਲੱਖ ਤੋਂ ਵੱਧ ਖਾਤਿਆਂ 'ਤੇ ਪਾਬੰਦੀ

**ਨਵੀਂ ਦਿੱਲੀ, (ਪੰਜਾਬ ਮੇਲ)**- ਮੈਟਾ ਦੀ ਮਲਕੀਅਤ ਵਾਲੀ ਵਟਸਐਪ ਨੇ ਕਿਹਾ ਹੈ ਕਿ ਉਸਨੇ ਆਈ.ਟੀ. (ਇੰਟਰਮੀਡਰੀ ਗਾਈਡਲਾਈਨਜ਼ ਅਤੇ ਡਿਜੀਟਲ ਮੀਡੀਆ ਐਥਿਕਸ ਕੋਡ) ਨਿਯਮਾਂ, 2021 ਦੀ ਪਾਲਣਾ ਕਰਦੇ ਹੋਏ ਮਾਰਚ ਮਹੀਨੇ ਵਿਚ ਭਾਰਤ ਵਿਚ 79 ਲੱਖ ਤੋਂ ਵੱਧ ਖਾਤਿਆਂ 'ਤੇ ਪਾਬੰਦੀ ਲਗਾ ਦਿੱਤੀ ਹੈ।



ਕੰਪਨੀ ਨੇ ਆਪਣੀ ਮਾਸਿਕ ਅਨੁਪਾਲਨ ਰਿਪੋਰਟ ਵਿਚ ਕਿਹਾ ਕਿ 1 ਮਾਰਚ ਤੋਂ 31 ਦੀ ਮਿਆਦ ਦੇ ਵਿਚਕਾਰ, ਉਪਭੋਗਤਾਵਾਂ ਦੀ ਕਿਸੇ ਵੀ ਰਿਪੋਰਟ ਤੋਂ ਪਹਿਲਾਂ, 7,954,000 ਵਟਸਐਪਖਾਤਿਆਂ ਨੂੰ ਪਾਬੰਦੀਸ਼ੁਦਾ ਕੀਤਾ ਗਿਆ ਸੀ ਅਤੇ ਇਨ੍ਹਾਂ ਵਿਚੋਂ 1,430,000 ਖਾਤਿਆਂ ਨੂੰ ਸਰਗਰਮੀ ਨਾਲ ਪਾਬੰਦੀਸ਼ੁਦਾ ਕਰ ਦਿੱਤਾ ਗਿਆ ਸੀ। ਮੈਸੇਜਿੰਗ ਪਲੇਟਫਾਰਮ, ਜਿਸ ਦੇ ਭਾਰਤ ਵਿਚ 500 ਮਿਲੀਅਨ ਤੋਂ ਵੱਧ ਉਪਭੋਗਤਾ ਹਨ, ਨੂੰ ਦੇਸ਼ ਵਿਚ ਮਾਰਚ ਵਿਚ ਰਿਕਾਰਡ 12,782 ਸ਼ਿਕਾਇਤਾਂ ਪ੍ਰਾਪਤ ਹੋਈਆਂ, ਅਤੇ "ਕਾਰਵਾਈ" ਦੇ ਰਿਕਾਰਡ 11 ਸਨ।

"ਅਕਾਊਂਟਸ ਐਕਸ਼ਨਡ" ਦਾ ਅਰਥ ਹੈ, ਉਹ ਰਿਪੋਰਟਾਂ ਜਿੱਥੇ ਵਟਸਐਪ ਨੇ ਸ਼ਿਕਾਇਤ ਦੇ ਆਧਾਰ 'ਤੇ ਉਪਚਾਰਕ ਕਾਰਵਾਈ ਕੀਤੀ ਹੈ ਅਤੇ ਕਾਰਵਾਈ ਕਰਨਾ ਜਾਂ ਤਾਂ ਕਿਸੇ ਖਾਤੇ 'ਤੇ ਪਾਬੰਦੀ ਲਗਾਉਣਾ ਜਾਂ ਨਤੀਜੇ ਵਜੋਂ ਪਹਿਲਾਂ ਤੋਂ ਪਾਬੰਦੀਸ਼ੁਦਾ ਖਾਤੇ ਨੂੰ ਬਹਾਲ ਕਰਨਾ ਦਰਸਾਉਂਦਾ ਹੈ।

"ਅਸੀਂ ਪ੍ਰਾਪਤ ਹੋਈਆਂ ਸਾਰੀਆਂ ਸ਼ਿਕਾਇਤਾਂ ਦਾ ਜਵਾਬ ਦਿੰਦੇ ਹਾਂ, ਸਿਵਾਏ ਉਨ੍ਹਾਂ ਮਾਮਲਿਆਂ ਨੂੰ ਛੱਡ ਕੇ ਜਿੱਥੇ ਸ਼ਿਕਾਇਤ ਨੂੰ ਪਿਛਲੀ ਟਿਕਟ ਦੀ ਡੁਪਲੀਕੇਟ ਮੰਨਿਆ ਜਾਂਦਾ ਹੈ। ਕਿਸੇ ਖਾਤੇ 'ਤੇ 'ਕਾਰਵਾਈ' ਕੀਤੀ ਜਾਂਦੀ ਹੈ, ਜਦੋਂ ਕਿਸੇ ਖਾਤੇ 'ਤੇ ਪਾਬੰਦੀ ਲਗਾਈ ਜਾਂਦੀ ਹੈ ਜਾਂ ਕਿਸੇ ਸ਼ਿਕਾਇਤ ਦੇ ਨਤੀਜੇ ਵਜੋਂ ਪਹਿਲਾਂ ਤੋਂ ਪਾਬੰਦੀਸ਼ੁਦਾ ਖਾਤੇ ਨੂੰ ਬਹਾਲ ਕੀਤਾ ਜਾਂਦਾ ਹੈ," ਕੰਪਨੀ ਨੇ ਕਿਹਾ। 1-29 ਫਰਵਰੀ ਦੇ ਵਿਚਕਾਰ, ਕੰਪਨੀ ਨੇ "7,628,000 ਖਾਤਿਆਂ" 'ਤੇ ਪਾਬੰਦੀ ਲਗਾ ਦਿੱਤੀ ਸੀ।

ਇਨ੍ਹਾਂ ਵਿਚੋਂ ਲਗਭਗ 1,424,000 ਖਾਤਿਆਂ ਨੂੰ ਉਪਭੋਗਤਾਵਾਂ ਦੀ ਕਿਸੇ ਵੀ ਰਿਪੋਰਟ ਤੋਂ ਪਹਿਲਾਂ, ਸਰਗਰਮੀ ਨਾਲ ਪਾਬੰਦੀਸ਼ੁਦਾ ਕਰ ਦਿੱਤਾ ਗਿਆ ਸੀ। ਕੰਪਨੀ ਦੇ ਅਨੁਸਾਰ, ਸੁਰੱਖਿਆ ਵਿਸ਼ੇਸ਼ਤਾਵਾਂ ਅਤੇ ਨਿਯੰਤਰਣਾਂ ਤੋਂ ਇਲਾਵਾ, "ਅਸੀਂ ਇਨ੍ਹਾਂ ਯਤਨਾਂ ਦੀ ਨਿਗਰਾਨੀ ਕਰਨ ਲਈ ਇੰਜੀਨੀਅਰਾਂ, ਡੇਟਾ ਵਿਗਿਆਨੀਆਂ, ਵਿਸ਼ਲੇਸ਼ਕਾਂ, ਖੋਜਕਰਤਾਵਾਂ ਅਤੇ ਕਾਨੂੰਨ ਲਾਗੂ ਕਰਨ, ਔਨਲਾਈਨ ਸੁਰੱਖਿਆ ਅਤੇ ਤਕਨਾਲੋਜੀ ਵਿਕਾਸ ਵਿਚ ਮਾਹਿਰਾਂ ਦੀ ਇੱਕ ਟੀਮ ਨੂੰ ਨਿਯੁਕਤ ਕਰਦੇ ਹਾਂ।"

# ਅਮਰੀਕੀ ਹਵਾਈ ਸੈਨਾ ਨੇ ਏ.ਆਈ. ਸੰਚਾਲਿਤ ਐੱਫ-16 ਲੜਾਕੂ ਜਹਾਜ਼ ਉਡਾਇਆ

**ਕੈਲੀਫੋਰਨੀਆ, (ਪੰਜਾਬ ਮੇਲ)**- ਅਮਰੀਕੀ ਹਵਾਈ ਫੌਜ ਨੇ ਇਕ ਪ੍ਰਯੋਗਾਤਮਕ ਐੱਫ.-16 ਲੜਾਕੂ ਜਹਾਜ਼ ਉਡਾਇਆ ਪਰ ਇਸ ਜਹਾਜ਼ ਨੂੰ ਕਿਸੇ ਮਨੁੱਖੀ ਪਾਇਲਟ ਨੇ ਨਹੀਂ, ਸਗੋਂ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਨੇ ਕੰਟਰੋਲ ਕੀਤਾ ਸੀ ਅਤੇ ਦੇਸ਼ ਦੀ ਹਵਾਈ ਫੌਜ ਦੇ ਸਕੱਤਰ ਫਰੈਂਕ ਕੇਂਡਲ ਜਹਾਜ਼ 'ਚ ਸਵਾਰ ਸਨ। ਏ.ਆਈ. ਫੌਜੀ ਹਵਾਬਾਜ਼ੀ ਦੇ ਖੇਤਰ ਵਿਚ ਸਭ ਤੋਂ ਵੱਡੀ ਤਰੱਕੀ ਵਿਚੋਂ ਇੱਕ ਹੈ। ਹਾਲਾਂਕਿ ਇਸਦੀ ਤਕਨਾਲੋਜੀ ਪੂਰੀ ਤਰ੍ਹਾਂ ਵਿਕਸਤ ਨਹੀਂ ਹੈ, ਯੂ.ਐੱਸ. ਏਅਰ ਫੋਰਸ ਦਾ ਟੀਚਾ 2028 ਤੱਕ 1,000 ਤੋਂ ਵੱਧ ਏ.ਆਈ.-ਸੰਚਾਲਿਤ ਮਨੁੱਖ ਰਹਿਤ ਲੜਾਕੂ ਜਹਾਜ਼ਾਂ ਨੂੰ ਚਲਾਉਣ ਦਾ ਹੈ।



ਪ੍ਰਯੋਗਾਤਮਕ ਐੱਫ-16 ਲੜਾਕੂ ਜਹਾਜ਼ ਨੇ ਐਡਵਰਡਸ ਏਅਰ ਫੋਰਸ ਬੇਸ ਤੋਂ ਉਡਾਣ ਭਰੀ। ਕੇਂਡਲ ਨੇ ਭਵਿੱਖ ਦੇ ਹਵਾਈ ਯੁੱਧ ਵਿਚ ਏਆਈ-ਸੰਚਾਲਿਤ ਜੰਗੀ ਜਹਾਜ਼ਾਂ ਦੀ ਭੂਮਿਕਾ ਦੀ ਪੜਚੋਲ ਕਰਨ ਲਈ ਜਹਾਜ਼ ਵਿਚ ਉਡਾਣ ਭਰੀ। ਕੇਂਡਲ ਨੇ ਉਡਾਣ ਦੇ ਬਾਅਦ ਕਿਹਾ, "ਇਸ ਨੂੰ ਸੇਵਾ ਵਿਚ ਨਾ ਰੱਖਣਾ ਇੱਕ ਸੁਰੱਖਿਆ ਜ਼ੋਖਮ ਹੈ, ਇਸ ਲਈ ਸਾਨੂੰ ਯਕੀਨੀ ਤੌਰ 'ਤੇ ਇਸਦੀ ਲੋੜ ਹੈ।" ਜਹਾਜ਼ ਨੇ 550 ਮੀਲ ਪ੍ਰਤੀ ਘੰਟੇ ਤੋਂ ਵੱਧ ਦੀ ਰਫਤਾਰ ਨਾਲ ਉਡਾਣ ਭਰੀ।

# ਰੂਸ ਵੱਲੋਂ ਪ੍ਰਮਾਣੂ ਹਥਿਆਰਾਂ ਨਾਲ ਮਿਲਟਰੀ ਅਭਿਆਸ ਦਾ ਐਲਾਨ

**ਮਾਸਕੋ, (ਪੰਜਾਬ ਮੇਲ)**- ਰੂਸ ਨੇ ਪ੍ਰਮਾਣੂ ਹਥਿਆਰਾਂ ਨਾਲ ਮਿਲਟਰੀ ਅਭਿਆਸ ਦੀ ਯੋਜਨਾ ਬਣਾਈ ਹੈ। ਰੱਖਿਆ ਮੰਤਰਾਲੇ ਨੇ ਸੋਮਵਾਰ ਨੂੰ ਇਹ ਐਲਾਨ ਕੀਤਾ। ਰੂਸ ਦਾ ਇਹ ਕਦਮ ਅਜਿਹੇ ਸਮੇਂ 'ਚ ਆਇਆ ਹੈ, ਜਦੋਂ ਕੁਝ ਦਿਨ ਪਹਿਲਾਂ ਹੀ ਪੱਛਮੀ ਦੇਸ਼ਾਂ ਨੇ ਯੂਕ੍ਰੇਨ ਨਾਲ ਜੰਗ ਨੂੰ ਲੈ ਕੇ ਮਾਸਕੋ ਖ਼ਿਲਾਫ਼ ਟਿੱਪਣੀਆਂ ਕੀਤੀਆਂ ਸਨ। ਰੱਖਿਆ ਮੰਤਰਾਲੇ ਨੇ ਇੱਕ ਬਿਆਨ ਵਿਚ ਕਿਹਾ ਕਿ ਅਭਿਆਸ "ਰੂਸ ਬਾਰੇ ਕੁਝ ਪੱਛਮੀ ਦੇਸ਼ਾਂ ਦੇ ਅਧਿਕਾਰੀਆਂ ਦੁਆਰਾ ਭੜਕਾਊ ਬਿਆਨਾਂ ਅਤੇ ਧਮਕੀਆਂ" ਦੇ ਜਵਾਬ ਵਿਚ ਹੈ।

ਇਹ ਪਹਿਲੀ ਵਾਰ ਹੈ, ਜਦੋਂ ਰੂਸ ਨੇ ਜਨਤਕ ਤੌਰ 'ਤੇ ਪ੍ਰਮਾਣੂ ਹਥਿਆਰਾਂ ਨਾਲ ਜੁੜੇ ਅਭਿਆਸਾਂ ਦਾ ਐਲਾਨ ਕੀਤਾ ਹੈ। ਹਾਲਾਂਕਿ ਇਸਦਾ ਰਣਨੀਤਕ ਪਰਮਾਣੂ ਬਲ ਨਿਯਮਿਤ ਤੌਰ 'ਤੇ ਅਭਿਆਸ ਕਰਦਾ ਰਹਿੰਦਾ ਹੈ। ਇਹ ਘੋਸ਼ਣਾ ਯੂਕ੍ਰੇਨ ਦੇ ਪੱਛਮੀ ਸਹਿਯੋਗੀਆਂ ਲਈ ਚਿਤਾਵਨੀ ਪ੍ਰਤੀਤ ਹੁੰਦੀ ਹੈ, ਜੋ ਦੋ ਸਾਲਾਂ ਤੋਂ ਵੱਧ ਲੰਬੇ ਰੂਸ-ਯੂਕ੍ਰੇਨ ਯੁੱਧ 'ਤੇ ਗੰਭੀਰ ਚਿੰਤਾਵਾਂ ਜ਼ਾਹਰ ਕਰਦੇ ਹਨ। ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਪਿਛਲੇ ਹਫਤੇ ਦੁਹਰਾਇਆ ਸੀ ਕਿ ਉਹ ਯੂਕ੍ਰੇਨ ਵਿਚ ਫੌਜ ਭੇਜਣ ਤੋਂ ਇਨਕਾਰ ਨਹੀਂ ਕਰ ਰਹੇ ਹਨ। ਇਸ ਦੇ ਨਾਲ ਹੀ ਬ੍ਰਿਟੇਨ ਦੇ ਵਿਦੇਸ਼ ਮੰਤਰੀ ਡੇਵਿਡ ਕੈਮਰਨ ਨੇ ਕਿਹਾ ਕਿ ਕੀਵ ਦੀਆਂ ਫੌਜਾਂ ਰੂਸ ਦੇ ਅੰਦਰ ਟੀਚਿਆਂ 'ਤੇ ਹਮਲਾ ਕਰਨ ਲਈ ਬ੍ਰਿਟੇਨ ਦੇ ਲੰਬੀ ਦੂਰੀ ਦੇ ਹਥਿਆਰਾਂ ਦੀ ਵਰਤੋਂ ਕਰਨ ਦੇ ਯੋਗ ਹੋਣਗੀਆਂ।

# ਅਮਰੀਕਾ 'ਚ ਵੀ ਕੋਵਿਡ ਵੈਕਸੀਨ ਨਾਲ ਲੋਕਾਂ ਦੇ ਸਰੀਰਾਂ ਨੂੰ ਨੁਕਸਾਨ ਪਹੁੰਚਿਆ

**ਨਵੀਂ ਦਿੱਲੀ, (ਪੰਜਾਬ ਮੇਲ)**- ਕਹਿਰ ਬਣ ਕੇ ਸਾਹਮਣੇ ਆਈ ਕੋਵਿਡ-19 ਮਹਾਮਾਰੀ ਨੇ ਦੁਨੀਆਂ ਭਰ ਦੇ ਦੇਸ਼ਾਂ ਨੂੰ ਹਿਲਾ ਕੇ ਰੱਖ ਦਿੱਤਾ ਸੀ। ਇਸ ਤੋਂ ਬਾਅਦ ਦਸੰਬਰ 2020 ਵਿਚ ਜਾਰੀ ਹੋਏ ਕੋਵਿਡ-19 ਟੀਕਿਆਂ ਨੇ ਕੋਰੋਨਾ ਮਹਾਂਮਾਰੀ ਦੀ ਤਸਵੀਰ ਬਦਲ ਦਿੱਤੀ ਹੈ। ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਟੀਕਿਆਂ ਨੇ ਦੁਨੀਆਂ ਵਿਚ ਲਗਭਗ 144 ਕਰੋੜ ਤੋਂ ਵੱਧ ਮੌਤਾਂ ਨੂੰ ਰੋਕਿਆ ਸੀ। ਇਸ ਦੇ ਮੁਕਾਬਲੇ, ਬਹੁਤ ਘੱਟ ਲੋਕਾਂ ਦੇ ਮਾੜੇ ਪ੍ਰਭਾਵ ਹੋਏ ਹਨ। ਨਿਊਯਾਰਕ ਟਾਈਮਜ਼ ਨੇ ਪਿਛਲੇ ਸਾਲ 30 ਤੋਂ ਵੱਧ ਲੋਕਾਂ ਨਾਲ ਗੱਲ ਕੀਤੀ ਹੈ। ਇਨ੍ਹਾਂ ਲੋਕਾਂ ਨੂੰ ਲੱਗਦਾ ਹੈ ਕਿ ਕੋਵਿਡ ਵੈਕਸੀਨ ਨਾਲ ਉਨ੍ਹਾਂ ਨੂੰ ਨੁਕਸਾਨ ਪਹੁੰਚਿਆ ਹੈ। ਇੱਕ ਦਰਜਨ ਮਾਹਿਰਾਂ ਦਾ ਮੰਨਣਾ ਹੈ ਕਿ ਅਮਰੀਕੀ ਸਰਕਾਰ ਦੇ ਅਧਿਕਾਰੀਆਂ ਨੇ ਉਨ੍ਹਾਂ ਦੀਆਂ ਸ਼ਿਕਾਇਤਾਂ ਦੀ ਜਾਂਚ ਲਈ ਲੋੜੀਂਦੇ ਕਦਮ ਨਹੀਂ ਚੁੱਕੇ ਹਨ।

AstraZeneca ਕੰਪਨੀ ਨੇ ਅਦਾਲਤ ਵਿਚ ਮੰਨਿਆ ਹੈ ਕਿ ਭਾਰਤ ਸਮੇਤ ਕਈ ਦੇਸ਼ਾਂ ਵਿਚ ਲਗਾਏ ਜਾਣ ਵਾਲੇ ਟੀਕੇ Covishield ਨਾਲ ਖੂਨ ਦੇ ਜੰਮਣ ਵਰਗੇ ਮਾੜੇ ਪ੍ਰਭਾਵਾਂ ਦਾ ਪਤਾ ਲਗਾਇਆ ਗਿਆ ਹੈ। ਯੂਰਪੀ ਮੈਡੀਸਨ ਯੂਨੀਅਨ ਨੇ ਕੋਵਿਡ ਵੈਕਸੀਨ ਦੇ ਮਾੜੇ ਪ੍ਰਭਾਵਾਂ ਬਾਰੇ ਵੀ ਜਾਣਕਾਰੀ ਦਿੱਤੀ ਹੈ। ਹਾਲਾਂਕਿ, 13 ਹਜ਼ਾਰ ਤੋਂ ਵੱਧ ਲੋਕਾਂ ਨੇ ਕੋਵਿਡ ਵੈਕਸੀਨ ਕਾਰਨ ਹੋਏ ਨੁਕਸਾਨ ਲਈ ਸਰਕਾਰੀ ਫੰਡਾਂ ਤੋਂ ਮੁਆਵਜ਼ੇ ਦਾ ਦਾਅਵਾ ਕੀਤਾ ਹੈ।

# ਰੂਸ ਨੇ ਯੂਕਰੇਨੀ ਰਾਸ਼ਟਰਪਤੀ ਜ਼ੈਲੇਂਸਕੀ ਨੂੰ 'ਵਾਂਟੇਡ' ਲੋਕਾਂ ਦੀ ਸੂਚੀ 'ਚ ਪਾਇਆ

**ਮਾਸਕੋ, (ਪੰਜਾਬ ਮੇਲ)**- ਰੂਸ ਨੇ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੈਲੇਂਸਕੀ ਨੂੰ 'ਵਾਂਟੇਡ' ਲੋਕਾਂ ਦੀ ਸੂਚੀ ਵਿਚ ਪਾ ਦਿੱਤਾ ਹੈ। ਰੂਸ ਦੇ ਸਰਕਾਰੀ ਮੀਡੀਆ ਨੇ ਗ੍ਰਹਿ ਮੰਤਰਾਲੇ ਦੇ ਅੰਕੜਿਆਂ ਦੇ ਹਵਾਲੇ ਨਾਲ ਇਹ ਜਾਣਕਾਰੀ ਦਿੱਤੀ ਹੈ। ਰਿਪੋਰਟਾਂ ਮੁਤਾਬਕ ਜ਼ੈਲੇਂਸਕੀ ਅਤੇ ਸਾਬਕਾ ਰਾਸ਼ਟਰਪਤੀ ਪੈਟਰੋ ਪੋਰੋਸ਼ੈਂਕੋ ਨੂੰ ਅਪਰਾਧਕ ਦੋਸ਼ਾਂ ਤਹਿਤ ਰੂਸੀ ਮੰਤਰਾਲੇ ਦੀ 'ਵਾਂਟੇਡ' ਲੋਕਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। ਉਧਰ, ਰੂਸੀ ਅਧਿਕਾਰੀਆਂ ਨੇ ਜ਼ੈਲੇਂਸਕੀ ਅਤੇ ਪੋਰੋਸ਼ੈਂਕੋ ਖ਼ਿਲਾਫ਼ ਦੋਸ਼ਾਂ ਸਬੰਧੀ ਫਿਲਹਾਲ ਕੋਈ ਸਪੱਸ਼ਟੀਕਰਨ ਨਹੀਂ ਦਿੱਤਾ ਹੈ।



# ਇਜ਼ਰਾਇਲੀ ਹਮਲੇ 'ਚ 34 ਹਜ਼ਾਰ ਤੋਂ ਵਧਿਆ ਫਲਸਤੀਨੀਆਂ ਦੀ ਮੌਤ ਦਾ ਅੰਕੜਾ

**ਗਾਜ਼ਾ, (ਪੰਜਾਬ ਮੇਲ)**- ਗਾਜ਼ਾ ਪੱਟੀ 'ਚ ਇਜ਼ਰਾਇਲੀ ਹਮਲਿਆਂ 'ਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ 34,683 ਹੋ ਗਈ ਹੈ। ਹਮਾਸ ਦੁਆਰਾ ਚਲਾਏ ਜਾ ਰਹੇ ਸਿਹਤ ਅਧਿਕਾਰੀਆਂ ਵੱਲੋਂ ਜਾਰੀ ਬਿਆਨ ਅਨੁਸਾਰ ਪਿਛਲੇ ਅਕਤੂਬਰ ਤੋਂ ਚੱਲ ਰਹੀ ਫਲਸਤੀਨੀ-ਇਜ਼ਰਾਈਲੀ ਜੰਗ 'ਚ ਮਰਨ ਵਾਲਿਆਂ ਦੀ ਗਿਣਤੀ ਵੱਧ ਕੇ 34,683 ਹੋ ਗਈ ਹੈ, ਜਦੋਂ ਕਿ ਹੁਣ ਤੱਕ 78,018 ਲੋਕ ਜ਼ਖ਼ਮੀ ਹੋ ਚੁੱਕੇ ਹਨ।



ਜ਼ਿਕਰਯੋਗ ਹੈ ਕਿ 7 ਅਕਤੂਬਰ, 2023 ਨੂੰ ਦੱਖਣੀ ਇਜ਼ਰਾਈਲ ਸਰਹੱਦ ਰਾਹੀਂ ਹਮਾਸ ਵੱਲੋਂ ਕੀਤੇ ਗਏ ਹਮਲੇ ਦਾ ਜਵਾਬ ਦੇਣ ਲਈ ਇਜ਼ਰਾਈਲ ਗਾਜ਼ਾ ਪੱਟੀ 'ਚ ਵੱਡੇ ਪੱਧਰ 'ਤੇ ਹਮਲਾ ਕਰ ਰਿਹਾ ਹੈ, ਜਿਸ ਦੌਰਾਨ ਲਗਭਗ 1200 ਲੋਕ ਮਾਰੇ ਗਏ ਸਨ ਅਤੇ 200 ਤੋਂ ਵੱਧ ਲੋਕਾਂ ਨੂੰ ਬੰਧਕ ਬਣਾ ਲਿਆ ਗਿਆ ਸੀ।

# ਇੰਗਲੈਂਡ ਅਦਾਲਤ ਵੱਲੋਂ 5 ਪੰਜਾਬੀਆਂ ਸਮੇਤ 1 ਗੋਰੇ ਨੂੰ ਅਗਵਾ ਮਾਮਲੇ 'ਚ ਜੇਲ੍ਹ ਦੀ ਸਜ਼ਾ




**ਲੰਡਨ, (ਪੰਜਾਬ ਮੇਲ)**- ਨਾਟਿੰਘਮ ਕਰਾਊਨ ਕੋਰਟ ਨੇ ਪਰਿਵਾਰ ਦੇ ਵਿਅਕਤੀ ਨੂੰ ਅਗਵਾ ਕਰਨ ਅਤੇ ਬਲੈਕਮੇਲ ਕਰਨ ਦੀ ਸਾਜ਼ਿਸ਼ ਰਚਣ ਦੇ ਦੋਵਾਂ ਮਾਮਲਿਆਂ ਵਿਚ 5 ਪੰਜਾਬੀਆਂ ਅਤੇ ਇਕ ਗੋਰੇ ਨੂੰ ਦੋਸ਼ੀ ਮੰਨਦਿਆਂ ਹਰੇਕ ਨੂੰ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਨਾਟਿੰਘਮ ਪੁਲਿਸ ਤੋਂ ਡਿਟੈਕਟਿਵ ਚੀਫ਼ ਇੰਸਪੈਕਟਰ ਕਲੇਰ ਡੀਨ ਨੇ ਕਿਹਾ ਕਿ ਇੱਕ ਪਰਿਵਾਰਕ ਵਿਅਕਤੀ ਨੂੰ ਨਾਟਿੰਘਮ ਵਿਚ ਇੱਕ ਘਰ ਵਿਚ ਬੁਲਾਇਆ ਗਿਆ ਸੀ, ਜਿੱਥੇ ਉਸਨੂੰ ਬੰਨ੍ਹ ਕੇ ਉਸਦੀ ਸੁਰੱਖਿਅਤ ਵਾਪਸੀ ਲਈ 250,000 ਪੌਂਡ ਦੀ ਫਿਰੌਤੀ ਦੀ ਮੰਗ ਕੀਤੀ ਗਈ ਸੀ।

ਪੁਲਿਸ ਅਨੁਸਾਰ 43 ਸਾਲਾ ਪੀੜਤ ਆਪਣੇ ਪਿਤਾ ਦੇ 60ਵੇਂ ਜਨਮਦਿਨ ਦੇ ਤੋਹਫ਼ੇ ਲਈ ਹਾਲ ਬੁੱਕ ਕਰਨ ਗਿਆ ਸੀ, ਜਿਥੇ ਉਸ ਨੂੰ ਕਾਲੇ ਅਤੇ ਬਾਲਕਲਾਵ ਕੱਪੜੇ ਪਹਿਨੇ ਦੋ ਵਿਅਕਤੀਆਂ ਨੇ ਉਸ 'ਤੇ ਹਮਲਾ ਕੀਤਾ ਅਤੇ ਫਿਰ ਬੰਧਕ ਬਣਾ ਲਿਆ। ਜਿਸ ਤੋਂ ਉਨ੍ਹਾਂ ਨੇ ਉਸਦੀ ਪਤਨੀ ਅਤੇ ਪਿਤਾ ਤੋਂ ਵੱਡੀ ਫਿਰੌਤੀ ਦੀ ਮੰਗ ਕੀਤੀ। ਇਸ ਦੌਰਾਨ ਪੁਲਿਸ ਨੇ ਪੀੜਤ ਦੀ ਸੁਰੱਖਿਅਤ ਵਾਪਸੀ ਨੂੰ ਯਕੀਨੀ ਬਣਾਉਣ ਲਈ ਵਿਸ਼ੇਸ਼ ਤੌਰ 'ਤੇ ਸਿਖਲਾਈ ਪ੍ਰਾਪਤ ਅਧਿਕਾਰੀਆਂ ਅਤੇ ਜਾਸੂਸਾਂ ਦੀਆਂ ਸੇਵਾਵਾਂ ਨਾਲ 32 ਘੰਟੇ ਵਿਚ ਮਾਮਲਾ ਹੱਲ ਕਰ ਲਿਆ।

## 2.5 ਲੱਖ ਪੌਂਡ ਦੀ ਫਿਰੌਤੀ ਲਈ ਕੀਤਾ ਸੀ ਨੌਜਵਾਨ ਅਗਵਾ

ਅਗਵਾਕਾਰ ਪੁਲਿਸ ਨੂੰ ਵੇਖ ਪੀੜਤ ਨੂੰ ਗੌਥੌਰਨ ਸਟ੍ਰੀਟ ਵਿਚ ਬਾਹਾਂ ਬੰਨ੍ਹ, ਚਿਹਰੇ ਨੂੰ ਡਕਟ ਟੇਪ ਨਾਲ ਢੱਕਿਆ ਹੋਇਆ ਨੂੰ ਇੱਕ ਵਾਹਨ ਤੋਂ ਬਾਹਰ ਸੁੱਟ ਗਏ। ਜਿਸ ਤੋਂ ਬਾਅਦ ਉਸ ਦਾ ਇਲਾਜ ਕਰਵਾ ਕੇ ਉਸ ਨੂੰ ਘਰ ਭੇਜ ਦਿੱਤਾ ਗਿਆ। ਜਾਸੂਸਾਂ ਨੇ ਸ਼ੱਕੀ ਵਿਅਕਤੀਆਂ ਦਾ ਪਤਾ ਲਗਾਉਣ ਲਈ ਆਟੋਮੇਟਿਡ ਨੰਬਰ ਪਲੇਟ ਰੀਕੋਗਨੀਸ਼ਨ ਕੈਮਰਿਆਂ ਰਾਹੀਂ ਫੋਨ ਡਾਟਾ ਦੀ ਵਿਆਪਕ ਪੁੱਛਗਿੱਛ ਅਤੇ ਵਾਹਨਾਂ ਦੀ ਲਗਾਤਾਰ ਗਤੀਵਿਧੀ 'ਤੇ ਨਜ਼ਰ ਰੱਖ ਕੇ ਸਾਰੇ ਸ਼ੱਕੀਆਂ ਨੂੰ ਗ੍ਰਿਫ਼ਤਾਰ ਕਰ ਲਿਆ।

# ਬਾਇਡਨ ਵੱਲੋਂ ਭਾਰਤ, ਚੀਨ, ਰੂਸ ਤੇ ਜਪਾਨ ਚੋਣਾਂ ਦੌਰਾਨ 'ਓਪਰਿਆਂ ਤੋਂ ਡਰਨ ਵਾਲੇ' ਮੁਲਕ ਕਰਾਰ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਆਪਣੇ ਦੋ ਕੁਆਡ ਭਾਈਵਾਲਾਂ ਭਾਰਤ ਤੇ ਜਪਾਨ ਅਤੇ ਆਪਣੇ ਦੋ ਵਿਰੋਧੀਆਂ ਰੂਸ ਤੇ ਚੀਨ ਨੂੰ 'ਓਪਰਿਆਂ ਤੋਂ ਡਰਨ ਵਾਲੇ' ਮੁਲਕ ਕਰਾਰ ਦਿੱਤਾ ਅਤੇ ਕਿਹਾ ਕਿ ਇਨ੍ਹਾਂ 'ਚੋਂ ਕੋਈ ਵੀ ਮੁਲਕ ਅਮਰੀਕਾ ਦੀ ਤਰ੍ਹਾਂ ਪ੍ਰਵਾਸੀਆਂ ਦਾ ਸਵਾਗਤ ਨਹੀਂ ਕਰਦਾ। ਉਨ੍ਹਾਂ ਇੱਕ ਸਮਾਗਮ ਦੌਰਾਨ ਕਿਹਾ, 'ਇਹ ਚੋਣਾਂ ਆਜ਼ਾਦੀ, ਅਮਰੀਕਾ ਤੇ ਲੋਕਤੰਤਰ ਲਈ ਹਨ। ਇਸ ਲਈ ਮੈਨੂੰ ਤੁਹਾਡੀ ਬਹੁਤ ਜ਼ਰੂਰਤ ਹੈ। ਤੁਸੀਂ ਜਾਣਦੇ ਹੋ, ਸਾਡੇ ਅਰਥਚਾਰੇ ਦੇ ਵਧਣ ਦਾ ਇੱਕ ਕਾਰਨ ਤੁਸੀਂ ਤੇ ਕਈ ਹੋਰ ਲੋਕ ਹੋ। ਕਿਉਂ? ਕਿਉਂਕਿ ਅਸੀਂ ਪ੍ਰਵਾਸੀਆਂ ਦਾ ਸਵਾਗਤ ਕਰਦੇ ਹਾਂ।' ਉਨ੍ਹਾਂ ਕਿਹਾ, 'ਅਸੀਂ ਇਸ ਕਾਰਨ ਵੱਲ ਦੇਖਦੇ ਹਾਂ ਤੇ ਇਸ ਬਾਰੇ ਸੋਚਦੇ ਹਾਂ। ਚੀਨ ਆਰਥਿਕਤਾ ਪੱਖੋਂ ਇੰਨਾ ਮਾੜਾ ਕਿਉਂ ਹੈ? ਜਪਾਨ ਸੰਕਟ 'ਚ ਕਿਉਂ ਹੈ? ਰੂਸ ਕਿਉਂ? ਭਾਰਤ ਕਿਉਂ? ਕਿਉਂਕਿ ਉਹ 'ਓਪਰਿਆਂ ਤੋਂ ਡਰਦੇ' ਹਨ। ਉਹ ਪ੍ਰਵਾਸੀ ਨਹੀਂ ਚਾਹੁੰਦੇ।'



ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਭਾਰਤੀ-ਅਮਰੀਕੀ ਸੰਸਦ ਮੈਂਬਰ ਦੇ ਦਫ਼ਤਰ 'ਚ ਭੰਨਤੋੜ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ 'ਚ ਭਾਰਤੀ ਮੂਲ ਦੇ ਸਾਂਸਦ ਸ਼੍ਰੀ ਥਾਣੇਦਾਰ ਦੇ ਡੈਟਰਾਇਟ ਦਫਤਰ 'ਚ ਭੰਨਤੋੜ ਕੀਤੀ ਗਈ ਹੈ। ਸ਼੍ਰੀ ਥਾਣੇਦਾਰ ਨੇ ਇਹ ਜਾਣਕਾਰੀ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਇੱਕ ਪੋਸਟ ਵਿਚ ਦਿੱਤੀ। ਉਸ ਨੇ ਦਫਤਰ ਦੀਆਂ ਤਸਵੀਰਾਂ ਵੀ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀਆਂ ਹਨ, ਜਿਸ 'ਚ ਦੇਖਿਆ ਜਾ ਰਿਹਾ ਹੈ ਕਿ ਦਫਤਰ ਦੀਆਂ ਕੰਧਾਂ 'ਤੇ ਫਲਸਤੀਨ ਦੀ ਆਜ਼ਾਦੀ ਦੇ ਨਾਅਰੇ ਲਿਖੇ ਹੋਏ ਹਨ।




ਸ਼੍ਰੀ ਥਾਣੇਦਾਰ ਦਫ਼ਤਰ ਦੇ ਬੁਲਾਰੇ ਨੇ ਇਸ ਮਾਮਲੇ ਵਿਚ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਥਾਣੇਦਾਰ ਨੇ ਆਪਣੀ ਪੋਸਟ 'ਚ ਲਿਖਿਆ ਕਿ 'ਕਾਂਗਰਸ ਦਾ ਮੈਂਬਰ ਹੋਣ ਦੇ ਨਾਤੇ, ਮੈਂ ਹਮੇਸ਼ਾ ਗੱਲ ਕਰਨਾ ਅਤੇ ਚਰਚਾ ਕਰਨਾ ਚਾਹੁੰਦਾ ਹਾਂ, ਬਦਕਿਸਮਤੀ ਨਾਲ ਕਮਿਊਨਿਟੀ ਸੈਂਟਰ (ਦਫਤਰ) 'ਚ ਭੰਨਤੋੜ ਕੋਈ ਵੱਖਰੀ ਘਟਨਾ ਨਹੀਂ ਹੈ ਅਤੇ ਨਾ ਹੀ ਇਹ ਗੱਲ ਕਰਨ ਦਾ ਸਹੀ ਤਰੀਕਾ ਹੈ। ਇਹ ਸਭ ਸਿਰਫ ਡਰ ਫੈਲਾਉਣ ਅਤੇ ਲੋਕਾਂ ਨੂੰ ਵੰਡਣ ਦੀ ਕੋਸ਼ਿਸ਼ ਹੈ। ਥਾਣੇਦਾਰ ਨੇ ਲਿਖਿਆ ਕਿ ਉਹ ਪਹਿਲਾਂ ਵੀ ਇਸ ਤਰ੍ਹਾਂ ਦੇ ਵਿਰੋਧ ਦਾ ਸਾਹਮਣਾ ਕਰ ਚੁੱਕੇ ਹਨ। ਇਹ ਵਿਰੋਧ ਪਿਛਲੇ ਸਾਲ ਦਸੰਬਰ ਵਿਚ ਹਿੰਸਕ ਰੂਪ ਧਾਰਨ ਕਰ ਗਿਆ ਸੀ। ਇਨ੍ਹਾਂ ਘਟਨਾਵਾਂ ਕਾਰਨ ਲੋਕ ਜ਼ਖਮੀ ਹੋ ਗਏ ਅਤੇ ਮੇਰੇ ਪਰਿਵਾਰਕ ਮੈਂਬਰ ਇਸ ਕਾਰਨ ਡਰੇ ਹੋਏ ਹਨ।

# ਦਿੱਲੀ ਦੇ ਉਪ ਰਾਜਪਾਲ ਵੱਲੋਂ ਕੇਜਰੀਵਾਲ ਖ਼ਿਲਾਫ਼ ਐੱਨ.ਆਈ.ਏ. ਜਾਂਚ ਦੀ ਸਿਫਾਰਸ਼

- ਦਵਿੰਦਰ ਪਾਲ ਭੁੱਲਰ ਦੀ ਰਿਹਾਈ ਲਈ ਸਿੱਖਜ਼ ਫਾਰ ਜਸਟਿਸ ਤੋਂ ਫੰਡ ਲੈਣ ਦਾ ਦੋਸ਼
- ਸ਼ਿਕਾਇਤਕਰਤਾ ਨੇ ਗੁਰਪਤਵੰਤ ਪੰਨੂ ਦੀ ਵੀਡੀਓ ਦਾ ਦਿੱਤਾ ਹਵਾਲਾ
- 'ਆਪ' ਨੇ ਦੋਸ਼ਾਂ ਨੂੰ ਕੇਜਰੀਵਾਲ ਖ਼ਿਲਾਫ਼ ਭਾਜਪਾ ਦੀ ਇੱਕ ਹੋਰ ਸਾਜ਼ਿਸ਼ ਦੱਸਿਆ

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਦੇ ਉਪ ਰਾਜਪਾਲ ਵੀ.ਕੇ. ਸਕਸੈਨਾ ਨੇ ਪਾਬੰਦੀਸ਼ੁਦਾ ਜਥੇਬੰਦੀ 'ਸਿੱਖਜ਼ ਫਾਰ ਜਸਟਿਸ' ਤੋਂ ਕਥਿਤ ਤੌਰ 'ਤੇ ਫੰਡ ਹਾਸਲ ਕਰਨ ਦੇ ਮਾਮਲੇ 'ਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਖ਼ਿਲਾਫ਼ ਐੱਨ.ਆਈ.ਏ. ਜਾਂਚ ਦੀ ਸਿਫਾਰਸ਼ ਕੀਤੀ ਹੈ। ਰਾਜ ਨਿਵਾਸ ਦੇ ਸੂਤਰਾਂ ਨੇ ਇਹ ਜਾਣਕਾਰੀ ਦਿੱਤੀ। ਦੂਜੇ ਪਾਸੇ ਆਮ ਆਦਮੀ ਪਾਰਟੀ ਨੇ ਦੋਸ਼ ਲਾਇਆ ਕਿ ਇਹ ਸਿਫਾਰਸ਼ ਭਾਜਪਾ ਵੱਲੋਂ ਕੇਜਰੀਵਾਲ ਖ਼ਿਲਾਫ਼ ਇੱਕ ਹੋਰ ਸਾਜ਼ਿਸ਼ ਹੈ।



ਵੀ.ਕੇ. ਸਕਸੈਨਾ

ਕੇਂਦਰੀ ਗ੍ਰਹਿ ਸਕੱਤਰ ਨੂੰ ਲਿਖੇ ਪੱਤਰ 'ਚ ਉੱਪ ਰਾਜਪਾਲ ਸਕੱਤਰੇਤ ਨੇ ਕਿਹਾ ਕਿ ਸਕਸੈਨਾ ਨੂੰ ਸ਼ਿਕਾਇਤ ਮਿਲੀ ਸੀ ਕਿ ਕੇਜਰੀਵਾਲ ਦੀ ਅਗਵਾਈ ਹੇਠਲੀ 'ਆਪ' ਨੂੰ ਕਥਿਤ ਤੌਰ 'ਤੇ ਦਵਿੰਦਰਪਾਲ ਭੁੱਲਰ ਦੀ ਰਿਹਾਈ ਲਈ ਕੱਟੜਪੰਥੀ ਖਾਲਿਸਤਾਨੀ ਸਮੂਹਾਂ ਤੋਂ 1.6 ਕਰੋੜ ਡਾਲਰ ਦੀ ਵਿੱਤੀ ਮਦਦ ਪ੍ਰਾਪਤ ਹੋਈ ਸੀ। ਸਕਸੈਨਾ ਨੇ ਕਿਹਾ, 'ਸ਼ਿਕਾਇਤਕਰਤਾ ਵੱਲੋਂ ਦਿੱਤੇ ਗਏ ਇਲੈਕਟ੍ਰੌਨਿਕਸ ਸਬੂਤਾਂ ਦੀ ਫੋਰੈਂਸਿਕ ਪੜਤਾਲ ਸਮੇਤ ਹੋਰ ਜਾਂਚ ਦੀ ਲੋੜ ਹੈ।'

ਪੱਤਰ 'ਚ ਕਿਹਾ ਗਿਆ ਹੈ ਕਿ ਸ਼ਿਕਾਇਤ ਇੱਕ ਮੁੱਖ ਮੰਤਰੀ ਖ਼ਿਲਾਫ਼ ਕੀਤੀ ਗਈ ਹੈ ਅਤੇ ਇਹ ਇੱਕ ਪਾਬੰਦੀਸ਼ੁਦਾ ਜਥੇਬੰਦੀ ਤੋਂ ਪ੍ਰਾਪਤ ਸਿਆਸੀ ਫੰਡਾਂ ਨਾਲ ਸਬੰਧਤ ਹੈ। ਇਹ ਕਦਮ ਸੁਪਰੀਮ ਕੋਰਟ ਵੱਲੋਂ ਮੌਜੂਦਾ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਕੇਜਰੀਵਾਲ ਨੂੰ ਅੰਤਰਿਮ ਜ਼ਮਾਨਤ ਦੇਣ 'ਤੇ ਵਿਚਾਰ ਕੀਤੇ ਜਾਣ ਤੋਂ ਇੱਕ ਦਿਨ ਪਹਿਲਾਂ ਆਇਆ ਹੈ। ਕੇਜਰੀਵਾਲ ਦਿੱਲੀ ਆਬਕਾਰੀ ਨੀਤੀ ਨਾਲ ਸਬੰਧਤ ਮਨੀ ਲਾਂਡਰਿੰਗ ਕੇਸ 'ਚ ਤਿਹਾੜ ਜੇਲ੍ਹ ਵਿਚ ਬੰਦ ਹਨ।

ਸੂਤਰਾਂ ਨੇ ਕਿਹਾ ਕਿ ਸ਼ਿਕਾਇਤ ਗੁਰਪਤਵੰਤ ਸਿੰਘ ਪੰਨੂ ਵੱਲੋਂ ਜਾਰੀ ਇੱਕ ਵੀਡੀਓ ਦੇ ਹਵਾਲੇ ਨਾਲ ਕੀਤੀ ਗਈ ਹੈ, ਜਿਸ 'ਚ ਦੋਸ਼ ਲਾਇਆ ਗਿਆ ਹੈ ਕਿ ਕੇਜਰੀਵਾਲ ਦੀ ਅਗਵਾਈ ਹੇਠਲੀ 'ਆਪ' ਨੂੰ 2014 ਤੇ 2022 ਵਿਚਾਲੇ ਖਾਲਿਸਤਾਨ ਸਮੂਹਾਂ ਤੋਂ 16 ਮਿਲੀਅਨ ਡਾਲਰ ਮਿਲੇ ਸਨ। ਸ਼ਿਕਾਇਤ 'ਚ ਇਹ ਵੀ ਦੋਸ਼ ਲਾਇਆ ਗਿਆ ਹੈ ਕਿ ਕੇਜਰੀਵਾਲ ਨੇ 2014 'ਚ ਆਪਣੀ ਯਾਤਰਾ ਦੌਰਾਨ ਨਿਊਯਾਰਕ ਦੇ ਗੁਰਦੁਆਰਾ ਰਿਚਮੰਡ ਹਿੱਲਜ਼ 'ਚ ਖਾਲਿਸਤਾਨੀ ਆਗੂਆਂ ਨਾਲ ਬੰਦ ਕਮਰਾ ਮੀਟਿੰਗਾਂ ਵੀ ਕੀਤੀਆਂ ਸਨ। ਕੇਜਰੀਵਾਲ ਨੇ ਕਥਿਤ ਤੌਰ 'ਤੇ ਵਿੱਤੀ ਸਹਾਇਤਾ ਬਦਲੇ ਭੁੱਲਰ ਦੀ ਰਿਹਾਈ ਦੀ ਸਹੂਲਤ ਦੇਣ ਦਾ ਵਾਅਦਾ ਕੀਤਾ ਸੀ।

ਦੂਜੇ ਪਾਸੇ ਆਮ ਆਦਮੀ ਪਾਰਟੀ ਨੇ ਦੋਸ਼ ਲਾਇਆ ਕਿ ਉੱਪ ਰਾਜਪਾਲ ਵੱਲੋਂ ਕੇਜਰੀਵਾਲ ਖਿਲਾਫ਼ ਐੱਨ.ਆਈ.ਏ. ਜਾਂਚ ਦੀ ਸਿਫਾਰਸ਼ ਭਾਜਪਾ ਦੇ ਇਸ਼ਾਰੇ 'ਤੇ ਦਿੱਲੀ ਦੇ ਮੁੱਖ ਮੰਤਰੀ ਖ਼ਿਲਾਫ਼ ਇੱਕ ਹੋਰ ਸਾਜ਼ਿਸ਼ ਹੈ। 'ਆਪ' ਆਗੂ ਤੇ ਦਿੱਲੀ ਦੇ ਮੰਤਰੀ ਸੌਰਭ ਭਾਰਦਵਾਜ ਨੇ ਕਿਹਾ, 'ਇਹ ਭਾਜਪਾ ਦੇ ਇਸ਼ਾਰੇ 'ਤੇ ਕੇਜਰੀਵਾਲ ਖ਼ਿਲਾਫ਼ ਇੱਕ ਹੋਰ ਸਾਜ਼ਿਸ਼ ਹੈ। ਉਹ ਦਿੱਲੀ ਦੀਆਂ ਸਾਰੀਆਂ ਸੱਤ ਸੀਟਾਂ ਹਾਰ ਰਹੇ ਹਨ ਤੇ ਲੋਕ ਸਭਾ ਚੋਣਾਂ 'ਚ ਹਾਰ ਦੇ ਡਰੋਂ ਘਬਰਾ ਗਏ ਹਨ।' ਜ਼ਿਕਰਯੋਗ ਹੈ ਕਿ ਦਵਿੰਦਰਪਾਲ ਭੁੱਲਰ ਇਸ ਸਮੇਂ ਅੰਮ੍ਰਿਤਸਰ ਸੈਂਟਰਲ ਜੇਲ੍ਹ 'ਚ ਬੰਦ ਹੈ। ਉਸ ਨੂੰ 1993 'ਚ ਦਿੱਲੀ 'ਚ ਇੱਕ ਬੰਬ ਧਮਾਕੇ 'ਚ ਨੌਂ ਲੋਕਾਂ ਦੀ ਹੱਤਿਆ ਮਾਮਲੇ 'ਚ ਦੋਸ਼ੀ ਠਹਿਰਾਇਆ ਗਿਆ ਸੀ।

## ਟੀ-20 ਕ੍ਰਿਕਟ ਵਿਸ਼ਵ ਕੱਪ ਨੂੰ ਅੱਤਵਾਦੀ ਧਮਕੀ ਮਿਲੀ




**ਪੋਰਟ ਆਫ ਸਪੇਨ, (ਪੰਜਾਬ ਮੇਲ)-** ਵੈਸਟਇੰਡੀਜ਼ ਅਤੇ ਅਮਰੀਕਾ 'ਚ ਹੋਣ ਵਾਲੇ ਟੀ-20 ਵਿਸ਼ਵ ਕੱਪ ਨੂੰ ਅੱਤਵਾਦੀ ਧਮਕੀ ਮਿਲੀ ਹੈ। ਇਸ ਦਾ ਖੁਲਾਸਾ ਕਰਦੇ ਹੋਏ ਤ੍ਰਿਨੀਦਾਦ ਦੇ ਪ੍ਰਧਾਨ ਮੰਤਰੀ ਕੀਥ ਰੌਲੇ ਨੇ ਕਿਹਾ ਕਿ ਮੇਜ਼ਬਾਨ ਇਸ ਖਤਰੇ ਨਾਲ ਨਜਿੱਠਣ ਲਈ ਸੁਰੱਖਿਆ ਸਬੰਧੀ ਵਾਧੂ ਯਤਨ ਕਰੇਗਾ। ਅਗਲੇ ਮਹੀਨੇ ਤੋਂ ਹੋਣ ਵਾਲੇ ਟੀ-20 ਵਿਸ਼ਵ ਕੱਪ 'ਚ ਭਾਰਤ ਸਮੇਤ 20 ਟੀਮਾਂ ਹਿੱਸਾ ਲੈ ਰਹੀਆਂ ਹਨ। ਕੁਝ ਸ਼ੁਰੂਆਤੀ ਦੌਰ ਦੇ ਮੈਚਾਂ ਤੋਂ ਇਲਾਵਾ ਪੂਰੇ ਸੁਪਰ ਅੱਠ ਪੜਾ, ਸੈਮੀਫਾਈਨਲ ਅਤੇ ਫਾਈਨਲ ਵੈਸਟਇੰਡੀਜ਼ ਵਿਚ ਖੇਡੇ ਜਾਣਗੇ। ਇਹ ਟੂਰਨਾਮੈਂਟ 4 ਜੂਨ ਤੋਂ 30 ਜੂਨ ਤੱਕ ਖੇਡਿਆ ਜਾਣਾ ਹੈ।

## ਸੁਮੇਧ ਸੈਣੀ ਖਿਲਾਫ਼ ਤੀਹਰੇ ਕਤਲ ਕੇਸ ਦੀ ਜਲਦੀ ਮੁਕੰਮਲ ਕੀਤੀ ਜਾਵੇ ਸੁਣਵਾਈ : ਦਿੱਲੀ ਹਾਈ ਕੋਰਟ



**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਹਾਈ ਕੋਰਟ ਨੇ ਹੇਠਲੀ ਅਦਾਲਤ ਨੂੰ ਕਿਹਾ ਹੈ ਕਿ 1994 ਦੇ ਤੀਹਰੇ ਕਤਲ ਕੇਸ ਦੀ ਸੁਣਵਾਈ ਜਲਦੀ ਮੁਕੰਮਲ ਕੀਤੀ ਜਾਵੇ, ਜਿਸ ਵਿਚ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਮੁਲਜ਼ਮ ਹੈ। ਹਾਈ ਕੋਰਟ ਨੇ ਇਸ ਮਾਮਲੇ ਨੂੰ ਕਿਸੇ ਹੋਰ ਟਰਾਇਲ ਕੋਰਟ 'ਚ ਭੇਜਣ ਤੋਂ ਇਨਕਾਰ ਕਰ ਦਿੱਤਾ। ਜਸਟਿਸ ਜਯੋਤੀ ਸਿੰਘ ਨੇ ਹੁਕਮਾਂ ਵਿਚ ਕਿਹਾ, 'ਵਿਸ਼ੇਸ਼ ਜੱਜ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਜਾਂਦਾ ਹੈ ਕਿ ਇਸ ਮਾਮਲੇ ਵਿਚ ਬੇਲੋੜੀ ਦੇਰੀ ਨਾ ਕੀਤੀ ਜਾਵੇ।' ਇਸ ਤੋਂ ਪਹਿਲਾਂ ਵਿਸ਼ੇਸ਼ ਜੱਜ ਸੁਨੈਨਾ ਸ਼ਰਮਾ ਦੀ ਅਦਾਲਤ ਤੋਂ ਕੇਸ ਤਬਦੀਲ ਕਰਨ ਦੀ ਮੰਗ ਕੀਤੀ ਗਈ ਸੀ ਪਰ ਅਦਾਲਤ ਨੇ ਕਿਹਾ ਕਿ ਇਸ ਮਾਮਲੇ ਦੀ ਸੁਣਵਾਈ ਲੰਬੇ ਸਮੇਂ ਤੋਂ ਹੋ ਰਹੀ ਹੈ ਤੇ ਕੇਸ ਨੂੰ ਹੋਰ ਥਾਂ ਭੇਜਣ ਨਾਲ ਨਵੇਂ ਜੱਜ ਨੂੰ ਇਸ ਮਾਮਲੇ ਦੀ ਦੁਬਾਰਾ ਸੁਣਵਾਈ ਕਰਨੀ ਪਵੇਗੀ, ਜਿਸ ਕਾਰਨ ਹੋਰ ਦੇਰੀ ਹੋਵੇਗੀ। ਦੱਸਣਾ ਬਣਦਾ ਹੈ ਕਿ ਇਹ ਕੇਸ ਰਾਊਜ਼ ਐਵੇਨਿਊ ਕੋਰਟ 'ਚ ਸੁਣਵਾਈ ਅਧੀਨ ਹੈ। ਸੀ.ਬੀ.ਆਈ. ਨੇ ਦੋਸ਼ ਲਾਇਆ ਸੀ ਕਿ ਪੁਲਿਸ ਅਧਿਕਾਰੀਆਂ ਨੇ ਸੈਣੀ ਦੇ ਇਸ਼ਾਰੇ 'ਤੇ ਤਿੰਨਾਂ ਵਿਅਕਤੀਆਂ ਦੀ ਹੱਤਿਆ ਕੀਤੀ ਸੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਤੋਂ ਬਾਅਦ ਸੀ.ਬੀ.ਆਈ. ਨੇ 18 ਅਪ੍ਰੈਲ 1994 ਨੂੰ ਸੈਣੀ ਤੇ ਹੋਰਾਂ ਖ਼ਿਲਾਫ਼ ਅਗਵਾ ਕਰਨ, ਗਲਤ ਢੰਗ ਨਾਲ ਕੈਦ ਰੱਖਣ ਤੇ ਅਪਰਾਧਿਕ ਸਾਜ਼ਿਸ਼ ਰਚਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਸੀ ਤੇ ਸੁਪਰੀਮ ਕੋਰਟ ਦੀਆਂ ਹਦਾਇਤਾਂ ਤੋਂ ਬਾਅਦ ਸਾਲ 2004 ਵਿਚ ਇਹ ਕੇਸ ਦਿੱਲੀ ਤਬਦੀਲ ਕਰ ਦਿੱਤਾ ਗਿਆ ਸੀ।

## ਕੈਨੇਡਾ ਦੇ ਜਾਂਚ ਕਮਿਸ਼ਨ ਵੱਲੋਂ ਫੈਡਰਲ ਚੋਣਾਂ 'ਚ ਵਿਦੇਸ਼ੀ ਦਖਲ 'ਤੇ ਚਿੰਤਾ ਜ਼ਾਹਿਰ

**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ਦੀਆਂ 2019 ਤੇ 2021 ਦੀਆਂ ਫੈਡਰਲ ਚੋਣਾਂ 'ਤੇ ਵਿਦੇਸ਼ੀ ਦਖਲ ਦੀਆਂ ਉਂਗਲਾਂ ਉੱਠਣ ਤੋਂ ਬਾਅਦ 7 ਸਤੰਬਰ 2023 ਨੂੰ ਜਸਟਿਸ ਮੈਰੀ ਜੋਸ ਹੋਗ ਦੀ ਅਗਵਾਈ 'ਚ ਨਿਯੁਕਤ ਹੋਏ ਜਾਂਚ ਕਮਿਸ਼ਨ ਨੇ ਆਪਣੀ ਰਿਪੋਰਟ 'ਚ ਵਿਦੇਸ਼ੀ ਦਖਲ ਦੀਆਂ ਪਰਤਾਂ ਖੋਲ੍ਹਦਿਆਂ ਇਸ ਨੂੰ ਕੈਨੇਡੀਅਨ ਸਿਸਟਮ 'ਤੇ ਕਾਲਾ ਧੱਬਾ ਕਰਾਰ ਦਿੱਤਾ ਹੈ। ਕਮਿਸ਼ਨ ਨੇ ਕੈਨੇਡੀਅਨ ਚੋਣਾਂ ਵਿਚ ਦਿਲਚਸਪੀ ਲੈ ਕੇ ਅੰਦਰਖਾਤੇ ਭੂਮਿਕਾ ਨਿਭਾਉਣ ਵਾਲੇ ਹੋਰ ਦੇਸ਼ਾਂ ਦੇ ਨਾਂ ਲਿਖਣ ਤੋਂ ਗੁਰੇਜ਼ ਕੀਤਾ ਹੈ ਪ੍ਰੰਤੂ ਚੀਨ 'ਤੇ ਵਰ੍ਹਦਿਆਂ ਕਿਹਾ ਕਿ ਬੇਸ਼ੱਕ ਉਸ ਦੀ ਭੂਮਿਕਾ ਨੇ ਨਤੀਜਿਆਂ ਨੂੰ ਬਹੁਤਾ ਪ੍ਰਭਾਵਿਤ ਨਹੀਂ ਛੱਡਿਆ ਪਰ ਇਸ ਰੁਝਾਨ ਨੂੰ ਇੱਥੇ ਹੀ ਨੱਥ ਪਾਉਣ ਦੀ ਲੋੜ ਹੈ। ਇਸ ਲਈ ਸਰਕਾਰ ਨੂੰ ਗੰਭੀਰ ਕਦਮ ਚੁੱਕਣੇ ਚਾਹੀਦੇ ਹਨ। ਕਮਿਸ਼ਨ ਨੇ ਕੁਝ ਖਾਸ ਹਲਕਿਆਂ ਦਾ ਜ਼ਿਕਰ ਕਰਦਿਆਂ ਉੱਥੇ ਵੱਸਦੇ ਵਿਦੇਸ਼ੀ ਮੂਲ ਦੇ ਭਾਈਚਾਰਿਆਂ ਨੂੰ ਪ੍ਰਭਾਵਿਤ ਕੀਤੇ ਜਾਣ ਵਾਲੀਆਂ ਰਿਕਾਰਡ 'ਤੇ ਲਈਆਂ ਗਵਾਹੀਆਂ ਦੀ ਡੂੰਘੀ ਘੋਖ ਕਰਦਿਆਂ ਕਿਹਾ ਕਿ ਬਾਹਰਲੇ ਮੁਲਕਾਂ ਦੀਆਂ ਸਰਕਾਰਾਂ ਵਲੋਂ ਮਨਮਰਜ਼ੀ ਦੇ ਲੋਕਾਂ ਨੂੰ ਜਿਤਾਉਣ ਲਈ ਮਨੁੱਖੀ ਮਾਨਸਿਕਤਾ ਨੂੰ ਟੂਲ ਬਣਾ ਕੇ ਵਰਤਣ ਦੇ ਯਤਨ ਕੀਤੇ ਗਏ। ਕਮਿਸ਼ਨ ਨੇ ਬਾਹਰਲੇ ਮੁਲਕਾਂ ਵਲੋਂ ਵੋਟਰਾਂ ਨੂੰ ਭਰਮਾਉਣ ਲਈ ਪੈਸੇ ਦੀ ਵਰਤੋਂ ਨਾ ਹੋਣ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ। ਕਮਿਸ਼ਨ ਨੇ ਪ੍ਰਧਾਨ ਮੰਤਰੀ ਵਲੋਂ 2017 ਵਿਚ ਆਪੇ ਬਣਾਈ ਜਾਂਚ ਕਮੇਟੀ ਦੀ ਰਿਪੋਰਟ ਵਿਚ ਚੀਨ ਦੀ ਦਖਲਅੰਦਾਜ਼ੀ ਤੇ ਫਿਰ ਖੁਫੀਆਤੰਤਰ ਵਲੋਂ ਖਬਰਦਾਰ ਕੀਤੇ ਜਾਣ ਨੂੰ ਅਣਗੌਲਿਆ ਕੀਤੇ ਜਾਣ ਨੂੰ ਮੰਦਭਾਗਾ ਕਹਿੰਦਿਆਂ ਅੱਗੇ ਤੋਂ ਚੌਕਸ ਰਹਿਣ ਲਈ ਕਿਹਾ।

# ਬ੍ਰਿਟੇਨ 'ਚ ਸਿੱਖ ਭਾਈਚਾਰੇ ਲਈ ਪਹਿਲੀ ਸਿੱਖ ਅਦਾਲਤ ਸ਼ੁਰੂ

- ਪਰਿਵਾਰਕ ਅਤੇ ਸਿਵਲ ਵਿਵਾਦਾਂ 'ਚ ਫਸੇ ਕੇਸਾਂ 'ਤੇ ਹੋਵੇਗੀ ਸੁਣਵਾਈ



**ਲੰਡਨ, (ਪੰਜਾਬ ਮੇਲ)-** ਬ੍ਰਿਟੇਨ 'ਚ ਪਰਿਵਾਰਕ ਅਤੇ ਸਿਵਲ ਵਿਵਾਦਾਂ 'ਚ ਫਸੇ ਸਿੱਖ ਭਾਈਚਾਰੇ ਦੇ ਲੋਕਾਂ ਲਈ ਬ੍ਰਿਟਿਸ਼ ਸਿੱਖ ਵਕੀਲਾਂ ਵੱਲੋਂ ਨਵੀਂ ਅਦਾਲਤ ਦੀ ਸ਼ੁਰੂਆਤ ਕੀਤੀ ਗਈ ਹੈ। ਸਿੱਖ ਭਾਈਚਾਰੇ ਦੇ ਲੋਕਾਂ ਨੇ ਇਕਜੁੱਟ ਹੋ ਕੇ ਨਵੀਂ ਅਦਾਲਤ ਨੂੰ ਵਿਵਾਦ ਨਿਪਟਾਰਾ ਫੋਰਮ ਵਜੋਂ ਸਥਾਪਤ ਕੀਤਾ।

ਇਕ ਨਿਊਜ਼ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਲੰਡਨ ਦੇ ਲਿੰਕਨ ਇਨ ਦੇ ਪੁਰਾਣੇ ਹਾਲ ਵਿਚ ਇਕ ਸਮਾਰੋਹ ਵਿਚ ਧਾਰਮਿਕ ਸ਼ਬਦਾਂ ਨਾਲ ਸਿੱਖ ਅਦਾਲਤ ਦੀ ਸ਼ੁਰੂਆਤ ਕੀਤੀ ਗਈ। ਅਦਾਲਤ ਦੇ ਸੰਸਥਾਪਕਾਂ ਵਿਚੋਂ ਇਕ ਐਡਵੋਕੇਟ ਬਲਦੀਪ ਸਿੰਘ ਦਾ ਕਹਿਣਾ ਹੈ ਕਿ ਇਸ ਦਾ ਉਦੇਸ਼ ਝਗੜਿਆਂ ਅਤੇ ਵਿਵਾਦਾਂ ਨਾਲ ਨਜਿੱਠਦੇ ਹੋਏ ਲੋੜ ਦੇ ਸਮੇਂ ਸਿੱਖ ਪਰਿਵਾਰਾਂ ਦੀ ਸਹਾਇਤਾ ਕਰਨਾ ਹੈ।

ਦੱਸਿਆ ਗਿਆ ਹੈ ਕਿ ਨਵੀਂ ਅਦਾਲਤ ਨਿੱਜੀ ਤੌਰ 'ਤੇ ਚਲਾਈ ਜਾਵੇਗੀ ਅਤੇ ਇਸ ਵਿਚ ਲਗਭਗ 30 ਮੈਜਿਸਟ੍ਰੇਟ ਅਤੇ 15 ਜੱਜ ਹੋਣਗੇ। ਖ਼ਾਸ ਗੱਲ ਇਹ ਹੈ ਕਿ ਇਨ੍ਹਾਂ 'ਚ ਜ਼ਿਆਦਾਤਰ ਔਰਤਾਂ ਹੋਣਗੀਆਂ। ਅਦਾਲਤ ਵਿਚ ਮੈਜਿਸਟ੍ਰੇਟ ਦਾ ਕੰਮ ਇਕ ਸਮਝੌਤੇ 'ਤੇ ਪਹੁੰਚਣ ਲਈ ਧਿਰਾਂ ਵਿਚਕਾਰ ਵਿਚੋਲਗੀ ਕਰਨਾ ਹੋਵੇਗਾ।

ਸਿੱਖ ਜਥੇਬੰਦੀਆਂ ਨਾਲ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਅਦਾਲਤ ਘਰੇਲੂ ਹਿੰਸਾ, ਜੂਏਬਾਜ਼ੀ ਅਤੇ ਨਸ਼ਾਖੋਰੀ ਵਰਗੇ ਮਾਮਲਿਆਂ ਨਾਲ ਨਜਿੱਠੇਗੀ। ਜੇਕਰ ਇਨ੍ਹਾਂ ਮਾਮਲਿਆਂ ਵਿਚ ਵਿਚੋਲਗੀ ਅਸਫਲ ਰਹਿੰਦੀ ਹੈ ਤਾਂ ਕੇਸ ਅਦਾਲਤ ਦੇ ਜੱਜ ਸਾਹਮਣੇ ਲਿਆਂਦਾ ਜਾ ਸਕਦਾ ਹੈ। ਇਸ ਤੋਂ ਬਾਅਦ ਆਰਬਿਟਰੇਸ਼ਨ ਐਕਟ ਤਹਿਤ ਕਾਨੂੰਨੀ ਤੌਰ 'ਤੇ ਫ਼ੈਸਲਾ ਲਿਆ ਜਾਵੇਗਾ। ਬਲਦੀਪ ਸਿੰਘ ਨੇ ਕਿਹਾ ਕਿ ਜਿਨ੍ਹਾਂ ਮੁੱਦਿਆਂ ਨੂੰ ਅਸੀਂ ਨਜਿੱਠ ਨਹੀਂ ਸਕਦੇ, ਉਨ੍ਹਾਂ ਨੂੰ ਢੁੱਕਵੀਂ ਥਾਂ 'ਤੇ ਭੇਜਿਆ ਜਾਵੇਗਾ। ਨਵੇਂ ਅਦਾਲਤੀ ਨਿਯਮਾਂ ਦੇ ਤਹਿਤ ਕੇਸ ਦੇ ਦੋਵੇਂ ਧਿਰਾਂ ਨੂੰ ਹਿੱਸਾ ਲੈਣ ਲਈ ਸਹਿਮਤੀ ਦੇਣੀ ਚਾਹੀਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਅਦਾਲਤ ਦਾ ਮਕਸਦ ਅੰਗਰੇਜ਼ੀ ਅਦਾਲਤਾਂ ਨੂੰ ਆਪਣੇ ਕਬਜ਼ੇ ਵਿਚ ਲੈਣਾ ਅਤੇ ਤੰਗ ਕਰਨਾ ਨਹੀਂ ਹੈ।

## ਦਿੱਲੀ ਹਾਈ ਕੋਰਟ ਵੱਲੋਂ ਜੇਲ੍ਹ 'ਚ ਬੰਦ ਆਗੂਆਂ ਨੂੰ ਪ੍ਰਚਾਰ ਕਰਨ ਦੀ ਇਜਾਜ਼ਤ ਦੇਣ ਵਾਲੀ ਪਟੀਸ਼ਨ ਖ਼ਾਰਜ

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਹਾਈ ਕੋਰਟ ਨੇ ਚੋਣਾਂ ਦੌਰਾਨ ਜੇਲ੍ਹ ਵਿਚ ਬੰਦ ਆਗੂਆਂ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਪ੍ਰਚਾਰ ਕਰਨ ਦੀ ਇਜਾਜ਼ਤ ਦੇਣ ਦੀ ਮੰਗ ਕਰਨ ਵਾਲੀ ਪਟੀਸ਼ਨ ਨੂੰ ਰੱਦ ਕਰ ਦਿੱਤਾ ਹੈ। ਇੰਨਾ ਹੀ ਨਹੀਂ, ਹਾਈ ਕੋਰਟ ਨੇ ਇਸ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰਦੇ ਹੋਏ ਪਟੀਸ਼ਨਕਰਤਾ ਨੂੰ ਵੀ ਸਖ਼ਤ ਫਿਟਕਾਰ ਲਗਾਈ ਹੈ। ਦਿੱਲੀ ਹਾਈ ਕੋਰਟ ਨੇ ਕਿਹਾ ਕਿ ਪਟੀਸ਼ਨਕਰਤਾ ਚਾਹੁੰਦਾ ਹੈ ਕਿ ਜੇਲ੍ਹ 'ਚ ਬੰਦ ਨੇਤਾਵਾਂ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਪ੍ਰਚਾਰ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਅਦਾਲਤ ਨੇ ਕਿਹਾ ਕਿ ਜੇਕਰ ਅਜਿਹਾ ਕੀਤਾ ਜਾਂਦਾ ਹੈ, ਤਾਂ ਹਰ ਅਪਰਾਧੀ ਸਿਆਸੀ ਪਾਰਟੀ ਬਣਾ ਕੇ ਵੀਡੀਓ ਕਾਨਫਰੰਸਿੰਗ ਰਾਹੀਂ ਚੋਣ ਪ੍ਰਚਾਰ ਦੀ ਮੰਗ ਕਰੇਗਾ। ਦਿੱਲੀ ਹਾਈ ਕੋਰਟ ਨੇ ਕਿਹਾ ਕਿ ਇਹ ਕਾਨੂੰਨ ਦੇ ਮੂਲ ਸਿਧਾਂਤਾਂ ਦੇ ਉਲਟ ਹੈ। ਇਸ ਤੋਂ ਬਾਅਦ ਅਦਾਲਤ ਪਟੀਸ਼ਨਕਰਤਾ 'ਤੇ ਭਾਰੀ ਜੁਰਮਾਨਾ ਲਗਾਉਣ ਜਾ ਰਹੀ ਸੀ ਪਰ ਪਟੀਸ਼ਨਕਰਤਾ ਦੇ ਵਕੀਲ ਨੇ ਇਹ ਕਹਿ ਕੇ ਜੁਰਮਾਨਾ ਨਾ ਲਾਉਣ ਦੀ ਬੇਨਤੀ ਕੀਤੀ ਕਿ ਉਹ ਕਾਨੂੰਨ ਦਾ ਵਿਦਿਆਰਥੀ ਹੈ। ਅਦਾਲਤ ਨੇ ਕੋਈ ਜੁਰਮਾਨਾ ਨਹੀਂ ਲਗਾਇਆ ਪਰ ਆਪਣੇ ਮੁਵੱਕਿਲ ਨੂੰ ਸ਼ਕਤੀਆਂ ਦੀ ਵੰਡ ਬਾਰੇ ਸਮਝਾਉਣ ਲਈ ਆਖਿਆ।

## ਉੱਤਰਾਖੰਡ ਸਰਕਾਰ ਵੱਲੋਂ ਬਾਬਾ ਰਾਮਦੇਵ ਦੀ ਪਤੰਜਲੀ ਦੇ 14 ਉਤਪਾਦਾਂ ਨੂੰ ਬਣਾਉਣ ਦਾ ਲਾਇਸੈਂਸ ਰੱਦ

**ਨਵੀਂ ਦਿੱਲੀ, (ਪੰਜਾਬ ਮੇਲ)-** ਯੋਗਗੁਰੂ ਰਾਮਦੇਵ ਦੀਆਂ ਮੁਸੀਬਤਾਂ ਘੱਟ ਹੋਣ ਦੇ ਨਾਂ ਨਹੀਂ ਲੈ ਰਹੀਆਂ। ਸੁਪਰੀਮ ਕੋਰਟ ਦੀ ਸਖ਼ਤ ਫਿਟਕਾਰ ਤੋਂ ਬਾਅਦ ਉੱਤਰਾਖੰਡ ਸਰਕਾਰ ਦੀ ਲਾਇਸੈਂਸਿੰਗ ਅਥਾਰਟੀ ਨੇ ਬਾਬਾ ਰਾਮਦੇਵ ਦੀ ਦਿਵਿਆ ਫਾਰਮੇਸੀ ਅਤੇ ਪਤੰਜਲੀ ਆਯੁਰਵੇਦ ਦੇ ਖਿਲਾਫ ਵੱਡੀ ਕਾਰਵਾਈ ਕੀਤੀ ਹੈ ਇਸ ਦੇ ਨਾਲ ਹੀ ਬਾਬਾ ਰਾਮਦੇਵ ਦੀ ਇਕ ਹੋਰ ਕੰਪਨੀ ਪਤੰਜਲੀ ਫੂਡਜ਼ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ।

ਰਾਜ ਸਰਕਾਰ ਦੀ ਲਾਇਸੈਂਸਿੰਗ ਅਥਾਰਟੀ ਨੇ ਪਤੰਜਲੀ ਆਯੁਰਵੇਦ ਅਤੇ ਦਿਵਿਆ ਫਾਰਮੇਸੀ ਦੀਆਂ 14 ਦਵਾਈਆਂ ਅਤੇ ਉਤਪਾਦਾਂ ਦੇ ਨਿਰਮਾਣ ਲਾਇਸੈਂਸਾਂ 'ਤੇ ਪਾਬੰਦੀ ਲਗਾ ਦਿੱਤੀ ਹੈ। ਇਸ ਦੇ ਨਾਲ ਹੀ ਸਬੰਧਤ ਵਿਭਾਗਾਂ ਨੂੰ ਸਖ਼ਤ ਕਾਰਵਾਈ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ।

ਇਹ ਹੁਕਮ ਇਸ ਮਹੀਨੇ ਦੇ ਸ਼ੁਰੂ ਵਿਚ ਡਰੱਗਜ਼ ਐਂਡ ਮੈਜਿਕ ਰੈਮੇਡੀਜ਼ (ਇਤਰਾਜ਼ਯੋਗ ਇਸ਼ਤਿਹਾਰ) ਐਕਟ ਅਤੇ ਡਰੱਗਜ਼ ਐਂਡ ਕਾਸਮੈਟਿਕਸ ਐਕਟ ਦੀ ਉਲੰਘਣਾ ਵਿਚ ਇਨ੍ਹਾਂ ਉਤਪਾਦਾਂ ਦੇ ਗੁੰਮਰਾਹਕੁੰਨ ਇਸ਼ਤਿਹਾਰਾਂ ਬਾਰੇ ਕੰਪਨੀ ਦੀਆਂ ਸ਼ਿਕਾਇਤਾਂ ਦਾ ਨੋਟਿਸ ਲੈਂਦਿਆਂ ਜਾਰੀ ਕੀਤਾ ਗਿਆ ਹੈ।

ਹੁਕਮਾਂ ਮੁਤਾਬਕ ਦਿਵਿਆ ਫਾਰਮੇਸੀ ਦੇ ਉਤਪਾਦ ਜਿਨ੍ਹਾਂ ਦੇ ਨਿਰਮਾਣ ਲਾਇਸੈਂਸ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ, ਉਨ੍ਹਾਂ ਵਿਚ ਸ਼ਵਾਸਰੀ ਗੋਲਡ, ਸ਼ਵਾਸਰੀ ਵਟੀ, ਬ੍ਰੋਂਕੋਮ, ਸ਼ਵਾਸਰੀ ਪ੍ਰਵਾਹੀ, ਸ਼ਵਾਸਰੀ ਅਵਲੇਹਾ, ਮੁਕਤਾ ਵਟੀ ਐਕਸਟਰਾ ਪਾਵਰ, ਲਿਪੀਡਮ, ਬੀਪੀ ਗ੍ਰਿਟ, ਮਧੂਗ੍ਰਿਤ, ਪਤੰਜਲੀ ਦ੍ਰਿਸ਼ਟੀ ਆਈ ਡ੍ਰੌਪ, ਆਈਗ੍ਰਿਟ ਗੋਲਡ ਅਤੇ ਮਧੁਨਾਸ਼ਿਨੀ ਵਟੀ ਐਕਸਟ੍ਰਾ ਪਾਵਰ ਸ਼ਾਮਲ ਹਨ।

ਇਸ ਹੁਕਮ ਵਿਚ ਕਿਹਾ ਗਿਆ ਹੈ ਕਿ ਨਿਯਮਾਂ ਦੀ ਵਾਰ-ਵਾਰ ਉਲੰਘਣਾ ਕਰਨ ਕਾਰਨ ਲਾਇਸੈਂਸ ਰੱਦ ਕੀਤਾ ਗਿਆ ਹੈ। ਇਸ ਤੋਂ ਪਹਿਲਾਂ 10 ਅਪ੍ਰੈਲ ਨੂੰ ਸੂਬਾ ਸਰਕਾਰ ਨੇ ਕੰਪਨੀ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਸੀ। ਲਾਇਸੈਂਸਿੰਗ ਅਥਾਰਟੀ ਨੇ ਸੁਪਰੀਮ ਕੋਰਟ ਵਿਚ ਹਲਫ਼ਨਾਮਾ ਵੀ ਦਾਇਰ ਕੀਤਾ ਹੈ। ਦੂਜੇ ਪਾਸੇ ਗੁੱਡਜ਼ ਐਂਡ ਸਰਵਿਸਿਜ਼ ਟੈਕਸ (ਜੀ.ਐੱਸ. ਟੀ.) ਖੁਫੀਆ ਵਿਭਾਗ ਨੇ ਪਤੰਜਲੀ ਫੂਡਸ ਨੂੰ ਕਾਰਨ ਦੱਸੋ ਨੋਟਿਸ ਭੇਜ ਕੇ ਕੰਪਨੀ ਨੂੰ ਇਹ ਦੱਸਣ ਲਈ ਕਿਹਾ ਹੈ ਕਿ ਇਸ ਤੋਂ 27.46 ਕਰੋੜ ਰੁਪਏ ਦਾ ਇਨਪੁਟ ਟੈਕਸ ਕ੍ਰੈਡਿਟ ਕਿਉਂ ਨਾ ਵਸੂਲਿਆ ਜਾਵੇ। ਯੋਗ ਗੁਰੂ ਰਾਮਦੇਵ ਦੀ ਅਗਵਾਈ ਵਾਲੀ ਪਤੰਜਲੀ ਆਯੁਰਵੇਦ ਗਰੁੱਪ ਦੀ ਕੰਪਨੀ ਨੂੰ 26 ਅਪ੍ਰੈਲ ਨੂੰ ਰੈਗੂਲੇਟਰ ਕੋਲ ਕੰਪਨੀ ਵੱਲੋਂ ਦਾਇਰ ਕੀਤੇ ਵੇਰਵਿਆਂ ਮੁਤਾਬਕ ਜੀ.ਐੱਸ.ਟੀ. ਇੰਟੈਲੀਜੈਂਸ ਦੇ ਡਾਇਰੈਕਟੋਰੇਟ ਜਨਰਲ, ਚੰਡੀਗੜ੍ਹ ਜ਼ੋਨਲ ਯੂਨਿਟ ਤੋਂ ਇਕ ਨੋਟਿਸ ਮਿਲਿਆ ਹੈ। ਇਹ ਕੰਪਨੀ ਮੁੱਖ ਤੌਰ 'ਤੇ ਖਾਣ ਵਾਲੇ ਤੇਲ ਦਾ ਕਾਰੋਬਾਰ ਕਰਦੀ ਹੈ। ਕੰਪਨੀ ਨੇ ਕਿਹਾ ਕਿ ਕੰਪਨੀ ਨੂੰ ਕਾਰਨ ਦੱਸੋ ਨੋਟਿਸ ਮਿਲਿਆ ਹੈ। ਕੰਪਨੀ, ਇਸ ਦੇ ਅਧਿਕਾਰੀਆਂ ਅਤੇ ਅਧਿਕਾਰਤ ਹਸਤਾਖਰਕਰਤਾਵਾਂ ਨੂੰ ਕਾਰਨ ਦਿਖਾਉਣ ਲਈ ਕਿਹਾ ਗਿਆ ਹੈ ਕਿ 27,46,14,343 ਰੁਪਏ ਦੀ ਇਨਪੁੱਟ ਟੈਕਸ ਕ੍ਰੈਡਿਟ ਰਾਸ਼ੀ (ਵਿਆਜ ਸਮੇਤ) ਦੀ ਵਸੂਲੀ ਕਿਉਂ ਨਹੀਂ ਕੀਤੀ ਜਾਣੀ ਚਾਹੀਦੀ ਅਤੇ ਜੁਰਮਾਨਾ ਕਿਉਂ ਨਹੀਂ ਲਗਾਇਆ ਜਾਣਾ ਚਾਹੀਦਾ ਹੈ।

## ਏਅਰ ਇੰਡੀਆ ਵੱਲੋਂ ਦਿੱਲੀ-ਦੁਬਈ ਉਡਾਣ ਨਾਲ ਕੌਮਾਂਤਰੀ ਮਾਰਗ 'ਤੇ ਏ-350 ਸੇਵਾ ਸ਼ੁਰੂ

**ਨਵੀਂ ਦਿੱਲੀ, (ਪੰਜਾਬ ਮੇਲ)-** ਏਅਰ ਇੰਡੀਆ ਨੇ ਦਿੱਲੀ-ਦੁਬਈ ਉਡਾਣ ਮਾਰਗ 'ਤੇ ਪਹਿਲੀ ਵਾਰ ਏ350 ਸੇਵਾ ਸ਼ੁਰੂ ਕੀਤੀ। ਕੌਮਾਤਰੀ ਰੂਟ 'ਤੇ ਏ350 ਜਹਾਜ਼ ਨਾਲ ਏਅਰਲਾਈਨ ਦੀ ਇਹ ਪਹਿਲੀ ਉਡਾਣ ਹੈ। ਕੰਪਨੀ ਆਉਣ ਵਾਲੇ ਮਹੀਨਿਆਂ 'ਚ ਹੋਰ ਵਿਦੇਸ਼ੀ ਰੂਟਾਂ 'ਤੇ ਵੱਡੇ ਜਹਾਜ਼ਾਂ ਦੀ ਵਰਤੋਂ ਕਰਨ ਦੀ ਯੋਜਨਾ ਬਣਾ ਰਹੀ ਹੈ। ਟਾਟਾ ਸਮੂਹ ਦੀ ਮਲਕੀਅਤ ਵਾਲੀ ਏਅਰਲਾਈਨ ਹੁਣ ਦਿੱਲੀ ਅਤੇ ਦੁਬਈ ਵਿਚਕਾਰ ਰੋਜ਼ਾਨਾ ਸੇਵਾਵਾਂ ਦੇ ਰਹੀ ਹੈ। ਇਸ ਜਹਾਜ਼ ਵਿਚ 316 ਸੀਟਾਂ ਵਾਲੇ ਤਿੰਨ-ਕਲਾਸ ਕੈਬਿਨ ਹਨ। ਏਅਰ ਇੰਡੀਆ ਨੇ ਜਾਰੀ ਬਿਆਨ 'ਚ ਕਿਹਾ ਕਿ ਉਸ ਨੇ ਬੁੱਧਵਾਰ ਨੂੰ ਆਪਣੇ ਏ350-900 ਜਹਾਜ਼ ਨਾਲ ਦਿੱਲੀ-ਦੁਬਈ ਰੂਟ 'ਤੇ ਉਡਾਣ ਸੇਵਾ ਸ਼ੁਰੂ ਕੀਤੀ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਫਰਿਜ਼ਨੋ ਵਿਖੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ 301 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਹੋਏ ਵਿਸ਼ੇਸ਼ ਸਮਾਗਮ



**ਫਰਿਜ਼ਨੋ, (ਪੰਜਾਬ ਮੇਲ)-** ਗੁਰਦੁਆਰਾ ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਸਿੱਖ ਕੌਮ ਦੇ ਮਹਾਨ ਜਰਨੈਲ ਅਤੇ ਆਗੂ ਜੱਸਾ ਸਿੰਘ ਰਾਮਗੜ੍ਹੀਆ ਦੀ 301 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਗਏ। ਪਾਠ ਦੇ ਭੋਗ ਉਪਰੰਤ ਹਫਤਾਵਾਰੀ ਧਾਰਮਿਕ ਦੀਵਾਨ ਸਜਾਏ ਗਏ, ਜਿਨ੍ਹਾਂ ਦੀ ਸ਼ੁਰੂਆਤ ਗੁਰੂਘਰ ਅੰਦਰ ਚਲਾਏ ਜਾ ਰਹੇ ਪੰਜਾਬੀ ਸਕੂਲ ਦੇ ਬੱਚਿਆਂ ਨੇ ਸ਼ਬਦ ਗਾਇਨ ਕਰਨ ਨਾਲ ਕੀਤੀ। ਇਸ ਉਪਰੰਤ ਭਾਈ ਗੁਰਮੀਤ ਸਿੰਘ ਅਤੇ ਜੱਥੇ ਨੇ ਕੀਰਤਨ ਰਾਹੀਂ ਹਾਜ਼ਰੀ ਲਾਉਂਦੇ ਹੋਏ ਗੁਰਬਾਣੀ ਸਰਵਨ ਕਰਵਾਈ। ਇਸੇ ਤਰ੍ਹਾਂ ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਹਰਬਲਜੀਤ ਸਿੰਘ ਅਤੇ ਸਾਥੀਆਂ ਨੇ ਸੰਗਤਾਂ ਨੂੰ ਨਿਰੋਲ ਗੁਰਬਾਣੀ ਅਤੇ ਗੁਰਮਤਿ ਨਾਲ ਜੋੜਿਆ। ਇਸ ਉਪਰੰਤ ਸ. ਫੌਜਾ ਸਿੰਘ ਸਾਗਰ ਅਤੇ ਸਾਥੀਆਂ ਢਾਡੀ ਜੱਥੇ ਨੇ ਜੋਸ਼ੀਲੀਆਂ ਵਾਰਾਂ ਸੁਣਾਉਂਦੇ ਹੋਏ ਸਿੱਖ ਕੌਮ ਦੇ ਮਹਾਨ ਜਰਨੈਲ ਸ. ਜੱਸਾ ਸਿੰਘ ਰਾਮਗੜ੍ਹੀਆਂ ਦੇ ਜੀਵਨ ਅਤੇ ਇਤਿਹਾਸ ਨੂੰ ਸਾਂਝਾ ਕੀਤਾ। ਸਟੇਜ ਸਕੱਤਰ ਦੀ ਸੇਵਾ ਨਿਭਾਉਂਦੇ ਹੋਏ ਭਾਈ ਜਸਪਾਲ ਸਿੰਘ ਨੇ ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਵਿਦਵਾਨਾਂ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਅਤੇ ਜਿੱਥੇ ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੀ ਸਿੱਖ ਕੌਮ ਨੂੰ ਬਹਾਦਰ ਬਣਾਉਣ ਦੀ ਗੱਲ ਕੀਤੀ, ਉੱਥੇ ਸਮੂਹ ਪ੍ਰਬੰਧਕਾਂ ਅਤੇ ਸੰਗਤ ਦਾ ਧੰਨਵਾਦ ਵੀ ਕੀਤਾ। ਸਮੁੱਚੇ ਪ੍ਰੋਗਰਾਮ ਦੀ ਸੇਵਾ ਸ. ਰੇਸ਼ਮ ਸਿੰਘ, ਸਮੂਹ ਟਰੱਕਰਜ਼ ਅਤੇ ਸਹਿਯੋਗੀ ਸੰਗਤਾਂ ਵੱਲੋਂ ਨਿਭਾਈ ਗਈ। ਸਮੁੱਚੇ ਪ੍ਰੋਗਰਾਮ ਗੁਰੂ ਦੇ ਲੰਗਰ ਅਤੁੱਟ ਵਰਤੇ।

# ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਫਰਿਜ਼ਨੋ ਵੱਲੋਂ ਜੱਜ ਰਾਜ ਸਿੰਘ ਬਦੇਸ਼ਾ ਤੇ ਗੱਤਕਾ ਟੀਮਾਂ ਦਾ ਸਨਮਾਨ







**ਫਰਿਜ਼ਨੋ, (ਪੰਜਾਬ ਮੇਲ)–** ਦਮਦਮੀ ਟਕਸਾਲ ਦੀ ਰਹਿਨੁਮਾਈ ਹੇਠ ਸੇਵਾਵਾਂ ਦੇ ਰਹੇ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਦੀ ਕਮੇਟੀ ਵੱਲੋਂ ਬੀਤੇ ਐਤਵਾਰ ਦੇ ਵਿਸ਼ੇਸ਼ ਦੀਵਾਨ ਵਿਚ ਫਰਿਜ਼ਨੋ ਕਾਉਂਟੀ ਸੁਪੀਰੀਅਰ ਕੋਰਟ ਵਿਚ ਸਾਬਤ ਸੂਰਤ ਸਿੱਖੀ ਸਰੂਪ ਵਿਚ ਜੱਜ ਨਿਯੁਕਤ ਹੋਏ ਸ. ਰਾਜ ਸਿੰਘ ਬੰਦੇਸ਼ਾ ਅਤੇ ਕੈਲੀਫੋਰਨੀਆ ਗੱਤਕਾ ਦਲ ਦੀਆਂ ਟੀਮਾਂ ਨੂੰ ਸਨਮਾਨ ਚਿੰਨ੍ਹ 'ਤੇ ਸਿਰੋਪਾਓ ਦੇ ਕੇ ਸਨਮਾਨਿਆ ਗਿਆ। ਇਸ ਮੌਕੇ ਸੈਕਟਰੀ ਜਗਰੂਪ ਸਿੰਘ ਨੇ ਬੋਲਦਿਆਂ ਕਿਹਾ ਕਿ ਜੱਜ ਬਣੇ ਸ. ਰਾਜ ਸਿੰਘ ਬਦੇਸ਼ਾ ਨੇ ਸਾਡੀ ਨਵੀਂ ਪੀੜ੍ਹੀ ਵਾਸਤੇ ਬੜਾ ਖ਼ੂਬਸੂਰਤ ਪੂਰਨਾ ਪਾਇਆ ਕਿ ਸਿੱਖੀ ਸਰੂਪ ਵਿਚ ਰਹਿੰਦਿਆਂ ਕੀ ਨਹੀਂ ਕੀਤਾ ਜਾ ਸਕਦਾ। ਇਸ ਮੌਕੇ ਇੰਜੀਨੀਅਨਰ ਅਤੇ ਗੱਤਕਾ ਕੋਚ ਹਰਪ੍ਰੀਤ ਸਿੰਘ ਨੇ ਵੀ ਕੈਲੀਫੋਰਨੀਆ ਗੱਤਕਾ ਦਲ ਦੀਆਂ ਪ੍ਰਾਪਤੀਆਂ ਗਿਣਾਈਆਂ। ਉਨ੍ਹਾਂ ਕਿਹਾ ਕਿ ਸਾਡੀ ਮਿਹਨਤ ਦਾ ਮੁੱਲ ਮੁੜਿਆ ਕਿ ਕੈਲੀਫੋਰਨੀਆ ਗੱਤਕਾ ਦਲ ਦੀਆਂ 9 ਟੀਮਾਂ ਰਿਵਰਸਾਈਡ ਹੋਲੇ-ਮਹੱਲੇ ਤੋਂ ਜੇਤੂ ਰਹੀਆਂ।

ਇਸ ਮੌਕੇ ਜੱਜ ਸ. ਰਾਜ ਸਿੰਘ ਬਦੇਸ਼ਾ ਨੇ ਕਿਹਾ ਕਿ ਜੋ ਮਾਣ-ਸਤਿਕਾਰ ਸੰਗਤ ਵੱਲੋਂ ਮਿਲਿਆ, ਇਹ ਸਭ ਗੁਰੂ ਦੇ ਸਰੂਪ, ਗੁਰੂ ਦੇ ਬਾਣੇ ਦਾ ਹੀ ਨਤੀਜਾ ਹੈ। ਉਨ੍ਹਾਂ ਕਿਹਾ ਕਿ ਕੈਲੀਫੋਰਨੀਆ ਸਟੇਟ ਦਾ ਮੈਂ ਰਿਣੀ ਹਾਂ, ਜਿਨ੍ਹਾਂ ਨੇ ਗੁਰੂ ਦੇ ਬਾਣੇ ਤੇ ਬਾਣੀ ਨੂੰ ਸਤਿਕਾਰ ਦਿੰਦਿਆਂ ਮੈਨੂੰ ਜੱਜ ਨਿਯੁਕਤ ਕੀਤਾ। ਉਨ੍ਹਾਂ ਕਿਹਾ ਕਿ ਗੁਰੂ ਚੜ੍ਹਦੀ ਕਲਾ ਬਖਸ਼ੇ, ਤਾਂ ਜੋ ਮੈਂ ਅਮਰੀਕਨ ਲੋਕਾਂ ਦੀ ਸੇਵਾ ਤਨਦੇਹੀ ਨਾਲ ਕਰ ਸਕਾਂ। ਅਖੀਰ ਵਿਚ ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਦਲਬੀਰ ਸਿੰਘ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਉਨ੍ਹਾਂ ਜੇਤੂ ਰਹੀਆਂ ਗੱਤਕਾ ਟੀਮਾਂ ਅਤੇ ਜੱਜ ਬਣੇ ਭਾਈ ਰਾਜ ਸਿੰਘ ਬਦੇਸ਼ਾ ਨੂੰ ਵਧਾਈ ਦਿੱਤੀ। ਅਰਦਾਸ ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤੇ। ਇਸ ਮੌਕੇ ਢਾਡੀ ਭਾਈ ਸ਼ਿੰਗਾਰਾ ਸਿੰਘ ਬੱਲ ਦੇ ਜੱਥੇ ਨੇ ਢਾਡੀ ਵਾਰਾਂ ਨਾਲ ਖ਼ੂਬ ਰੰਗ ਬੰਨ੍ਹਿਆ।

# ਆਸਟ੍ਰੇਲੀਆ 'ਚ ਕਰਨਾਲ ਦੇ ਨੌਜਵਾਨ ਦੇ ਕਤਲ ਦੇ ਦੋਸ਼ ਹੇਠ ਦੋ ਭਰਾ ਗ੍ਰਿਫ਼ਤਾਰ

**ਮੈਲਬੌਰਨ, (ਪੰਜਾਬ ਮੇਲ)-** ਆਸਟ੍ਰੇਲੀਆ ਦੇ ਮੈਲਬੌਰਨ ਦੇ ਸ਼ਹਿਰ ਔਰਮੰਡ ਵਿਚ ਹਰਿਆਣਾ ਦੇ ਕਰਨਾਲ ਦੇ ਗਗਸੀਨਾ ਪਿੰਡ ਦੇ ਇੱਕ 22 ਸਾਲਾ ਨੌਜਵਾਨ ਵਿਦਿਆਰਥੀ ਨਵਜੀਤ ਸੰਧੂ ਦੀ ਕਥਿਤ ਤੌਰ 'ਤੇ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਨਵਜੀਤ ਸੰਧੂ 2022 'ਚ ਟੂਰਿਸਟ ਵੀਜ਼ੇ 'ਤੇ ਵਿਦੇਸ਼ ਗਿਆ ਸੀ। ਇਸ ਘਟਨਾ ਵਿਚ ਕਰਨਾਲ ਦੇ ਬਿਜਨਾ ਪਿੰਡ ਦੇ ਰਹਿਣ ਵਾਲੇ ਇਕ ਹੋਰ ਨੌਜਵਾਨ ਸ਼ਰਵਨ (30) ਵੀ ਜ਼ਖਮੀ ਹੋ ਗਿਆ। ਇਸ ਘਟਨਾ ਦੇ ਦੋ ਦਿਨ ਬਾਅਦ ਪੁਲਿਸ ਵੱਲੋਂ ਨਿਊ ਸਾਊਥ ਵੇਲਜ਼ ਦੇ ਗੌਲਬਰਨ ਤੋਂ ਘਟਨਾ 'ਚ ਲੋੜੀਂਦੇ ਦੋ ਭਰਾਵਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁਲਜ਼ਮਾਂ ਦੀ ਪਛਾਣ ਅਭਿਜੀਤ ਗਰਟਨ ਅਤੇ ਰੌਬਿਨ ਗਰਟਨ ਵਜੋਂ ਹੋਈ ਹੈ, ਜੋ ਕਰਨਾਲ ਦੇ ਬਸਤਾਰਾ ਪਿੰਡ ਦੇ ਰਹਿਣ ਵਾਲੇ ਹਨ।



ਸਥਾਨਕ ਪੁਲਿਸ ਨੇ ਦੱਸਿਆ ਕਿ ਨਵਜੀਤ ਸੰਧੂ ਨੂੰ ਗੰਭੀਰ ਸੱਟਾਂ ਲੱਗੀਆਂ ਸਨ ਅਤੇ ਉਸ ਦੀ ਮੌਕੇ 'ਤੇ ਮੌਤ ਹੋ ਗਈ ਸੀ। ਇਹ ਮੰਨਿਆ ਜਾਂਦਾ ਹੈ ਕਿ ਘਟਨਾ ਵਿਚ ਸ਼ਾਮਲ ਧਿਰਾਂ ਇੱਕ ਦੂਜੇ ਨੂੰ ਜਾਣਦੀਆਂ ਸਨ।

ਉਸ ਦੇ ਪਿਤਾ ਜਤਿੰਦਰ ਸਿੰਘ ਨੇ ਦੱਸਿਆ ਕਿ ਨਵਜੀਤ, ਜੋ ਕਿ ਐੱਮ. ਟੈਕ ਦੀ ਪੜ੍ਹਾਈ ਕਰ ਰਿਹਾ ਸੀ, ਨੂੰ ਉਸ ਸਮੇਂ ਮਾਰਿਆ ਗਿਆ, ਜਦੋਂ ਉਸਨੇ ਕਿਸੇ ਕਿਰਾਏ ਦੇ ਮੁੱਦੇ ਨੂੰ ਲੈ ਕੇ ਸ਼ਰਵਨ ਅਤੇ ਦੋ ਹੋਰਾਂ ਵਿਚਕਾਰ ਹੋਏ ਝਗੜੇ ਵਿਚ ਦਖਲ ਦੇਣ ਦੀ ਕੋਸ਼ਿਸ਼ ਕੀਤੀ।

ਰੋਜ਼ਾਨਾ ਖਬਰਾਂ ਪੜ੍ਹਨ ਲਈ ਕਲਿੱਕ ਕਰੋ : www.punjabmailusa.com

# ਨਿੱਝਰ ਹੱਤਿਆਕਾਂਡ: ਕੈਨੇਡਾ ਦੀ ਅਦਾਲਤ 'ਚ ਪੇਸ਼ ਹੋਏ ਹੱਤਿਆ ਦੇ ਦੋਸ਼ੀ

**ਓਟਾਵਾ, (ਪੰਜਾਬ ਮੇਲ)-** ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਦੋਸ਼ੀ ਤਿੰਨ ਭਾਰਤੀ ਨਾਗਰਿਕ ਮੰਗਲਵਾਰ ਨੂੰ ਪਹਿਲੀ ਵਾਰ ਵੀਡੀਓ ਰਾਹੀਂ ਕੈਨੇਡਾ ਦੀ ਅਦਾਲਤ 'ਚ ਪੇਸ਼ ਹੋਏ। ਇਨ੍ਹਾਂ ਦੋਸ਼ੀਆਂ ਨੂੰ ਪੁਲਿਸ ਨੇ ਸ਼ੁੱਕਰਵਾਰ ਨੂੰ ਗ੍ਰਿਫਤਾਰ ਕੀਤਾ ਸੀ ਅਤੇ ਉਨ੍ਹਾਂ 'ਤੇ ਹੱਤਿਆ ਦੀ ਸਾਜ਼ਿਸ਼ ਰਚਣ ਦੇ ਦੋਸ਼ ਸਨ।

'ਵੈਨਕੂਵਰ ਸਨ' ਦੀ ਰਿਪੋਰਟ ਮੁਤਾਬਕ ਮੁਲਜ਼ਮ ਕਰਨ ਬਰਾੜ (22), ਕਮਲਪ੍ਰੀਤ ਸਿੰਘ (22) ਅਤੇ ਕਰਨਪ੍ਰੀਤ ਸਿੰਘ (28) ਕਥਿਤ ਹਿੱਟ ਸਕੁਐਡ ਦੇ ਮੈਂਬਰ ਹਨ ਅਤੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਸਰੀ ਪ੍ਰੋਵਿੰਸ਼ੀਅਲ ਕੋਰਟ ਵਿਚ ਪੇਸ਼ ਹੋਏ। ਤਿੰਨਾਂ ਮੁਲਜ਼ਮਾਂ ਨੂੰ ਨਾਰਥ ਫਰੇਜ਼ਰ ਪ੍ਰੀਟਰੀਅਲ ਸੈਂਟਰ ਤੋਂ ਜਲ ਦੁਆਰਾ ਜਾਰੀ ਲਾਲ ਟੀ-ਸ਼ਰਟਾਂ, ਸਵੈਟ-ਸ਼ਰਟਾਂ ਅਤੇ ਸਵੈਟ ਪੈਂਟ ਪਹਿਨੇ ਹੋਏ ਦੇਖਿਆ ਗਿਆ।

ਰਿਪੋਰਟ ਵਿਚ ਕਿਹਾ ਗਿਆ ਕਿ ਤਿੰਨੋਂ ਅੰਗਰੇਜ਼ੀ ਵਿਚ ਅਦਾਲਤੀ ਕਾਰਵਾਈ ਨੂੰ ਸੁਣਨ ਲਈ ਸਹਿਮਤ ਹੋਏ ਅਤੇ ਉਨ੍ਹਾਂ ਵਿਚੋਂ ਹਰੇਕ ਨੇ ਸਿਰ ਹਿਲਾ ਕੇ ਜਵਾਬ ਦਿੱਤਾ ਕਿ ਉਹ ਨਿੱਝਰ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦੇ ਦੋਸ਼ਾਂ ਨੂੰ ਸਮਝਦੇ ਹਨ। ਇਸ ਦੌਰਾਨ ਸੈਂਕੜੇ ਖਾਲਿਸਤਾਨ ਸਮਰਥਕ ਅਦਾਲਤ ਵਿਚ ਪੇਸ਼ ਹੋਏ। ਅਦਾਲਤ ਦੇ ਅੰਦਰ 50 ਲੋਕਾਂ ਦੇ ਬੈਠਣ ਲਈ ਵੱਖਰਾ ਕਮਰਾ ਖੋਲ੍ਹਿਆ ਗਿਆ ਸੀ, ਜੋ ਸੁਣਵਾਈ ਦੇਖਣਾ ਚਾਹੁੰਦੇ ਸਨ। 100 ਦੇ ਕਰੀਬ ਲੋਕ ਅਦਾਲਤ ਦੇ ਬਾਹਰ ਮੌਜੂਦ ਸਨ। ਕੈਨੇਡਾ ਦੇ ਨਾਗਰਿਕ ਨਿੱਝਰ ਦੀ 18 ਜੂਨ 2023 ਨੂੰ ਹੱਤਿਆ ਕਰ ਦਿੱਤੀ ਗਈ ਸੀ।

ਦੋਸ਼ਾਂ ਅਨੁਸਾਰ 1 ਮਈ, 2023 ਅਤੇ ਨਿੱਝਰ ਦੇ ਕਤਲ ਦੀ ਮਿਤੀ ਦੇ ਵਿਚਕਾਰ ਸਰੀ ਅਤੇ ਐਡਮਿੰਟਨ ਦੋਵਾਂ ਵਿਚ ਸਾਜ਼ਿਸ਼ ਰਚੀ ਗਈ ਸੀ। ਸਥਾਨਕ ਪੁਲਿਸ ਅਨੁਸਾਰ ਕਥਿਤ ਕਾਤਲ ਪਿਛਲੇ ਪੰਜ ਸਾਲਾਂ ਦੇ ਅੰਦਰ ਕੈਨੇਡਾ ਵਿਚ ਦਾਖਲ ਹੋਏ ਸਨ ਅਤੇ ਉਨ੍ਹਾਂ 'ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਹਿੰਸਾ ਵਿਚ ਸ਼ਾਮਲ ਹੋਣ ਦਾ ਸ਼ੱਕ ਸੀ। ਭਾਰਤ ਨੇ ਵੀਰਵਾਰ ਨੂੰ ਨਿੱਝਰ ਦੀ ਹੱਤਿਆ 'ਤੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀਆਂ ਟਿੱਪਣੀਆਂ ਨੂੰ ਰੱਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਟਿੱਪਣੀ ਕੈਨੇਡੀਅਨ ਰਾਜਨੀਤੀ ਵਿਚ ਵੱਖਵਾਦ, ਕੱਟੜਪੰਥ ਅਤੇ ਹਿੰਸਾ ਨੂੰ ਦਿੱਤੀ ਗਈ ਜਗ੍ਹਾ ਨੂੰ ਦਰਸਾਉਂਦੀ ਹੈ। ਟਰੂਡੋ ਨੇ ਪਿਛਲੇ ਸਾਲ ਸਤੰਬਰ ਵਿਚ ਦੋਸ਼ ਲਾਇਆ ਸੀ ਕਿ ਨਿੱਝਰ ਦੇ ਕਤਲ ਵਿਚ ਭਾਰਤੀ ਏਜੰਟ ਸ਼ਾਮਲ ਹੋ ਸਕਦੇ ਹਨ। ਭਾਰਤ ਨੇ ਟਰੂਡੋ ਦੇ ਦੋਸ਼ਾਂ ਨੂੰ ਬੇਤੁਕਾ ਅਤੇ ਪ੍ਰੇਰਿਤ ਕਹਿ ਕੇ ਰੱਦ ਕਰ ਦਿੱਤਾ ਸੀ। ਇਸ ਤੋਂ ਬਾਅਦ ਦੋਹਾਂ ਦੇਸ਼ਾਂ ਦੇ ਰਿਸ਼ਤੇ ਤਣਾਅਪੂਰਨ ਹੋ ਗਏ।

PUNJAB MAIL USA
TV Channel, Newspaper, Radio
All over America, Canada, Australia & Europe
24 Hours 7 Days
Gold # 2867, Gem # 375, TV Zon # 6888,
Glow TV # 1828, Tashan # 131, Real TV etc.
You can also watch on our website: PunjabMailUSA.com
For any Information & Advertisement Call at
+1-916-280-8811 or +1-916-320-9444
E-mail: punjabmailtv@gmail.com Web: punjabmailusa.com

# ਕੈਨੇਡਾ ਪੁਲਿਸ ਵੱਲੋਂ ਸ਼ਰਾਬ ਲੁੱਟ ਕੇ ਭੱਜੇ ਚੋਰ ਦੀ ਪਛਾਣ ਗਗਨਦੀਪ ਸਿੰਘ ਵਜੋਂ ਕੀਤੀ

**ਟੋਰਾਂਟੋ, (ਰਾਜ ਗੋਗਨਾ/ਕੁਲਤਰਨ ਪਧਿਆਣਾ/ਪੰਜਾਬ ਮੇਲ)-** ਕੁੱਝ ਦਿਨ ਪਹਿਲਾ ਟੋਰਾਂਟੋ ਦੇ ਲਾਗੇ ਹਾਈਵੇਅ 401 'ਤੇ ਸ਼ਰਾਬ ਦੇ ਇਕ ਸਟੋਰ ਐੱਲ.ਸੀ.ਬੀ.ਓ. ਤੋਂ ਲੁੱਟ ਕਰਕੇ ਵੈਨ 'ਚ ਭੱਜੇ ਚੋਰ ਦੀ ਪਛਾਣ ਪੰਜਾਬੀ ਨੌਜਵਾਨ ਗਗਨਦੀਪ ਸਿੰਘ ਵਜੋਂ ਕੀਤੀ ਗਈ ਹੈ। ਜਿਸ ਦੀ ਪੁਲਿਸ ਵੱਲੋਂ ਪਿੱਛਾ ਕਰਨ ਦੀ ਕਾਰਵਾਈ ਦੌਰਾਨ ਹੋਏ ਹਾਦਸੇ ਵਿਚ ਮੌਤ ਹੋ ਗਈ ਸੀ। 21 ਸਾਲਾ ਗਗਨਦੀਪ ਸਿੰਘ ਅੰਤਰਰਾਸ਼ਟਰੀ ਵਿਦਿਆਰਥੀ ਵਜੋਂ ਕੈਨੇਡਾ 'ਚ ਪੜ੍ਹਾਈ ਕਰਨ ਲਈ ਆਇਆ ਸੀ ਪਰ ਇਥੇ ਆ ਕੇ ਉਹ ਸਟੋਰਾਂ 'ਤੇ ਲੁੱਟਾਂ-ਖੋਹਾਂ, ਡਰੱਗ ਰੱਖਣ ਅਤੇ ਗੱਡੀਆਂ ਖੋਹਣ ਵਰਗੇ ਸੰਗੀਨ ਜੁਰਮਾਂ 'ਚ ਸ਼ਾਮਲ ਹੋ ਗਿਆ ਸੀ। ਪੁਲਿਸ ਮੁਤਾਬਕ ਗਗਨਦੀਪ ਸਿੰਘ




ਉਪਰ ਪਹਿਲਾਂ ਵੀ ਦੋ ਹੋਰ ਸ਼ਰਾਬ ਦੇ ਸਟੋਰ ਲੁੱਟਣ ਦੇ ਮਾਮਲੇ ਅਤੇ ਹੋਰ ਸਟੋਰਾਂ 'ਤੇ ਚੋਰੀ, ਡਰੱਗ ਰੱਖਣ ਦੇ ਮਾਮਲੇ ਦਰਜ ਸਨ। ਤੇ ਉਹ ਜ਼ਮਾਨਤ 'ਤੇ ਬਾਹਰ ਆਇਆ ਸੀ। ਲੁੱਟ-ਖੋਹ ਦੇ ਹੀ ਇਕ ਹੋਰ ਮਾਮਲੇ 'ਚ ਉਸ ਦੀ 14 ਮਈ ਦੀ ਮਿਲਟਨ ਦੇ ਕੋਰਟ 'ਚ ਪੇਸ਼ੀ ਸੀ।

ਇੱਥੇ ਦੱਸਣਯੋਗ ਹੈ ਕਿ ਇਸ ਹਾਦਸੇ ਦੌਰਾਨ ਭਾਰਤੀ ਮੂਲ ਦੇ ਤਿੰਨ ਲੋਕ ਜਿਸ ਵਿਚ ਇੱਕ ਤਿੰਨ ਮਹੀਨਿਆਂ ਦਾ ਬੱਚਾ ਵੀ ਸ਼ਾਮਲ ਸੀ, ਮਾਰੇ ਗਏ ਸਨ। ਪੁਲਿਸ ਮੁਤਾਬਕ ਸ਼ਰਾਬ ਚੋਰੀ ਕਰਕੇ ਹਾਈਵੇਅ 'ਤੇ ਪੁੱਠੀ ਦਿਸ਼ਾ ਵੱਲ ਆਪਣੀ ਵੈਨ 'ਚ ਭੱਜੇ ਗਗਨਦੀਪ ਸਿੰਘ ਕੋਲ ਇਕ ਚਾਕੂ ਵੀ ਸੀ ਤੇ ਉਹ ਆਮ ਲੋਕਾਂ ਲਈ ਖਤਰਨਾਕ ਵੀ ਸੀ। ਹੁਣ ਸਵਾਲ ਉਠਾਏ ਜਾ ਰਹੇ ਹਨ ਕਿ ਕੈਨੇਡਾ ਦੇ ਜ਼ਮਾਨਤ ਸਬੰਧੀ ਸੌਖਾਲੇ ਨਿਯਮਾਂ 'ਤੇ ਜਿਸ ਬਾਰੇ ਵਿਰੋਧੀ ਧਿਰ ਵੀ ਆਵਾਜ਼ ਚੁੱਕ ਰਹੀ ਹੈ, ਅਗਰ ਜ਼ਮਾਨਤ ਦੇ ਕਾਨੂੰਨ ਸਖ਼ਤ ਹੁੰਦੇ, ਤਾਂ ਵਾਰ-ਵਾਰ ਚੋਰੀ ਕਰਨ ਵਾਲੇ, ਗੱਡੀਆ ਲੁੱਟਣ ਵਾਲੇ, ਫਰਾਡ ਕਰਨ ਵਾਲੇ ਅਤੇ ਹੋਰ ਸੰਗੀਨ ਦੋਸ਼ਾਂ ਹੇਠ ਚਾਰਜ਼ ਹੋਣ ਵਾਲੇ ਸੌਖਾਲੇ ਢੰਗ ਨਾਲ ਬਾਹਰ ਨਾ ਆਉਣ, ਅਤੇ ਨਾ ਹੀ ਹੋਰ ਸੰਗੀਨ ਜੁਰਮਾਂ 'ਚ ਮੁੜ ਸ਼ਾਮਲ ਹੋਣ, ਜਿਵੇਂ ਕਿ ਗਗਨਦੀਪ ਸਿੰਘ ਦੇ ਮਾਮਲੇ ਵਿਚ ਹੋਇਆ ਹੈ।

# ਰਾਜ ਸਿੰਘ ਬਦੇਸ਼ਾ ਫਰਿਜ਼ਨੋ ਕਾਊਂਟੀ ਸੁਪੀਰੀਅਰ ਕੋਰਟ ਦਾ ਪਹਿਲਾ ਸਿੱਖ ਜੱਜ ਬਣਿਆ

**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)-** ਫਰਿਜ਼ਨੋ ਸਿਟੀ ਅਟਾਰਨੀ ਦਫਤਰ 'ਚ ਮੁੱਖ ਸਹਾਇਕ ਸਿਟੀ ਅਟਾਰਨੀ ਵਜੋਂ ਕੰਮ ਕਰਨ ਵਾਲੇ ਪਹਿਲੇ ਸਿੱਖ ਰਾਜ ਸਿੰਘ ਬਦੇਸ਼ਾ ਨੂੰ ਕੈਲੀਫੋਰਨੀਆ ਸੂਬੇ ਦੀ ਫਰਿਜ਼ਨੋ ਸਿਟੀ ਦੀ ਸੁਪੀਰੀਅਰ ਕੋਰਟ ਵਿਚ ਜੱਜ ਵਜੋਂ ਸੇਵਾ ਨਿਯੁਕਤ ਕੀਤਾ ਗਿਆ ਹੈ। ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੇ 3 ਮਈ ਨੂੰ ਇੱਕ ਬਿਆਨ ਵਿਚ, 17 ਹੋਰ ਉੱਚ ਅਦਾਲਤ ਦੇ ਜੱਜਾਂ ਦੇ ਨਾਲ ਬਦੇਸ਼ਾ ਦੀ ਨਿਯੁਕਤੀ ਦਾ ਐਲਾਨ ਕੀਤਾ ਹੈ।

ਰਾਜ ਸਿੰਘ ਬਦੇਸ਼ਾ ਨੇ 2022 ਤੋਂ ਫਰਿਜ਼ਨੋ ਸਿਟੀ ਅਟਾਰਨੀ ਦੇ ਦਫਤਰ ਵਿਚ ਚੀਫ ਅਸਿਸਟੈਂਟ ਸਿਟੀ ਦੇ ਅਟਾਰਨੀ ਵਜੋਂ ਸੇਵਾ ਨਿਭਾਈ ਹੈ ਅਤੇ ਉਹ 2012 ਤੋਂ ਉੱਥੇ ਹੀ ਕਈ



ਅਹਿਮ ਭੂਮਿਕਾਵਾਂ ਨਿਭਾਅ ਚੁੱਕਿਆ ਹੈ। ਉਹ 2008 ਤੋਂ 2012 ਤੱਕ ਬੇਕਰ ਮੈਨੋਕ ਐਂਡ ਜੇਨਸਨ ਵਿਚ ਵੀ ਇੱਕ ਐਸੋਸੀਏਟ ਸੀ। ਬਦੇਸ਼ਾ ਨੇ ਯੂਨੀਵਰਸਿਟੀ ਆਫ ਕੈਲੀਫੋਰਨੀਆ ਕਾਲਜ ਆਫ ਦਾ ਲਾਅ, ਸਾਨ ਫਰਾਂਸਿਸਕੋ ਤੋਂ ਜੂਰੀਸ ਡਾਕਟਰ ਦੀ ਡਿਗਰੀ ਹਾਸਲ ਕੀਤੀ ਹੈ ਅਤੇ ਉਹ ਜੱਜ ਜੋਨ ਐਨ ਕਪੇਟਨ ਦੀ ਸੇਵਾਮੁਕਤੀ ਉਪਰੰਤ ਅਹੁਦੇ 'ਤੇ ਨਾਮਜ਼ਦ ਕੀਤਾ ਗਿਆ ਹੈ। ਸਿੱਖ ਨੌਜਵਾਨ ਰਾਜ ਸਿੰਘ ਬਦੇਸ਼ਾ ਇੱਕ ਲੋਕਤੰਤਰਵਾਦੀ ਹੈ। ਫਰਿਜਨੋ ਕਾਉਂਟੀ ਸੁਪੀਰੀਅਰ ਕੋਰਟ, ਜਿਸ ਨੂੰ ਕੈਲੀਫੋਰਨੀਆ ਦੀ ਸੁਪੀਰੀਅਰ ਕੋਰਟ, ਕਾਉਂਟੀ ਆਫ ਫਰਿਜ਼ਨੋ ਵੀ ਕਿਹਾ ਜਾਂਦਾ ਹੈ, ਫਰਿਜ਼ਨੋ ਕਾਉਂਟੀ ਦੇ ਅਧਿਕਾਰ ਖੇਤਰ ਵਾਲੀ ਕੈਲੀਫੋਰਨੀਆ ਦੀ ਉੱਚ ਅਦਾਲਤ ਦੀ ਸ਼ਾਖਾ ਹੈ। ਜਿੱਥੇ ਹਰੇਕ ਕਾਉਂਟੀ ਵਿਚ ਸਿਵਲ ਅਤੇ ਫੌਜਦਾਰੀ ਕੇਸਾਂ ਦੀ ਸੁਣਵਾਈ ਲਈ ਇਹ ਇੱਕ ਉੱਚ ਅਦਾਲਤ ਹੈ। ਉੱਚ ਅਦਾਲਤਾਂ ਦਾ ਆਕਾਰ 1 ਤੋਂ 55 ਸ਼ਾਖਾਵਾਂ ਤੱਕ ਹੁੰਦਾ ਹੈ। ਇੱਕ ਉੱਚ ਅਦਾਲਤ ਇੱਕ ਹੇਠਲੀ ਅਦਾਲਤ ਹੈ, ਜਿਸ ਵਿਚ ਇੱਕ ਜੱਜ ਜਾਂ ਜਿਊਰੀ ਗਵਾਹਾਂ ਦੀ ਗਵਾਹੀ ਅਤੇ ਹੋਰ ਸਬੂਤਾਂ ਦੁਆਰਾ ਪੇਸ਼ ਕੀਤੇ ਤੱਥਾਂ ਨੂੰ ਕਾਨੂੰਨ ਨੂੰ ਲਾਗੂ ਕਰਕੇ ਕੇਸਾਂ ਦਾ ਫੈਸਲਾ ਸੁਣਾਉਂਦੀ ਹੈ।

# ਅਮਰੀਕਾ 'ਚ ਡਾਕਟਰਾਂ ਦੀ ਕਮੀ ਪੂਰੀ ਕਰਨ ਲਈ ਵਿਸ਼ੇਸ਼ ਜੇ-1 ਵੀਜ਼ਾ ਜਾਰੀ

- **ਪਹਿਲੇ ਬੈਚ 'ਚ 5 ਹਜ਼ਾਰ ਦੇ ਕਰੀਬ ਭਾਰਤੀ ਡਾਕਟਰਾਂ ਨੂੰ ਮਿਲੇਗੀ ਐਂਟਰੀ**
- **ਮੈਡੀਸਨ ਦੀ ਪੜ੍ਹਾਈ ਕਰ ਰਹੇ ਭਾਰਤੀ ਵਿਦਿਆਰਥੀਆਂ ਨੂੰ ਵੀ ਕੰਮ ਦੌਰਾਨ ਮਿਲੇਗੀ ਵੀਜ਼ਾ ਛੋਟ**

**ਵਾਸ਼ਿੰਗਟਨ, (ਪੰਜਾਬ ਮੇਲ)-** ਹੁਣ ਅਮਰੀਕਾ 'ਚ ਡਾਕਟਰਾਂ ਦੀ ਕਮੀ ਨੂੰ ਭਾਰਤੀ ਡਾਕਟਰ ਪੂਰਾ ਕਰਨਗੇ। ਪੇਂਡੂ ਖੇਤਰਾਂ ਵਿਚ ਸਿਹਤ ਖੇਤਰ 'ਚ ਸੁਧਾਰ ਲਈ ਅਮਰੀਕਾ ਨੇ ਭਾਰਤੀ ਡਾਕਟਰਾਂ ਲਈ ਵਿਸ਼ੇਸ਼ ਜੇ-1 ਵੀਜ਼ਾ ਸ਼੍ਰੇਣੀ ਬਣਾਈ ਹੈ। ਇਸ ਤਹਿਤ ਪਹਿਲੇ ਬੈਚ 'ਚ ਕਰੀਬ 5 ਹਜ਼ਾਰ ਭਾਰਤੀ ਡਾਕਟਰਾਂ ਨੂੰ ਅਮਰੀਕਾ 'ਚ ਐਂਟਰੀ ਮਿਲੇਗੀ। ਜ਼ਿਕਰਯੋਗ ਹੈ ਕਿ ਅਮਰੀਕਾ ਨੂੰ 2030 ਤੱਕ ਇੱਕ ਲੱਖ ਡਾਕਟਰਾਂ ਦੀ ਲੋੜ ਪਵੇਗੀ।

ਸਾਨ ਡਿਆਗੋ ਯੂਨੀਵਰਸਿਟੀ ਦੇ ਇੱਕ ਅਧਿਐਨ ਅਨੁਸਾਰ ਸਿਰਫ 11 ਫੀਸਦੀ ਗੋਰੇ ਡਾਕਟਰ ਪੇਂਡੂ ਖੇਤਰਾਂ ਵਿਚ ਸੇਵਾ ਕਰਦੇ ਹਨ। ਅਧਿਐਨ ਵਿਚ ਸ਼ਾਮਲ ਪ੍ਰੋ. ਗੌਰਵ ਖੰਨਾ ਮੁਤਾਬਕ, ਕੋਨਰਾਡ 30 ਪ੍ਰੋਗਰਾਮ ਤਹਿਤ ਅਮਰੀਕਾ ਦੇ 30 ਰਾਜਾਂ ਵਿਚ ਭਾਰਤੀ ਡਾਕਟਰਾਂ ਲਈ ਵੀਜ਼ਾ ਰਿਆਇਤਾਂ ਸ਼ੁਰੂ ਹੋ ਜਾਣਗੀਆਂ। ਇਸ ਨਾਲ ਇੱਥੇ ਮੈਡੀਸਨ ਦੀ ਪੜ੍ਹਾਈ ਕਰ ਰਹੇ ਭਾਰਤੀ ਵਿਦਿਆਰਥੀਆਂ ਨੂੰ ਵੀ ਅਮਰੀਕਾ ਵਿੱਚ ਕੰਮ ਕਰਨ ਦੌਰਾਨ ਵੀਜ਼ਾ ਛੋਟ ਮਿਲੇਗੀ। ਅਮਰੀਕਾ 'ਚ ਲਗਭਗ 1.25 ਲੱਖ ਭਾਰਤੀ ਡਾਕਟਰ ਹਨ। ਇਹ ਇੱਥੇ ਕੁੱਲ ਡਾਕਟਰਾਂ ਦਾ 10 ਫ਼ੀਸਦੀ ਹੈ। ਭਾਰਤੀ ਡਾਕਟਰ ਹਰ ਸਾਲ ਅਮਰੀਕਾ ਵਿਚ ਲਗਭਗ 6 ਕਰੋੜ ਮਰੀਜ਼ਾਂ ਦੀ ਜਾਂਚ ਕਰਦੇ ਹਨ।

# ਅਮਰੀਕਾ 'ਚ ਬੇਰੋਜ਼ਗਾਰੀ ਵਧਣ ਕਾਰਨ ਭਾਰਤੀ ਵਿਦਿਆਰਥੀਆਂ ਦੀਆਂ ਵਧੀਆਂ ਮੁਸ਼ਕਲਾਂ

- **ਨੌਕਰੀਆਂ 'ਚ ਸਥਾਨਕ ਲੋਕਾਂ ਨੂੰ ਮਿਲ ਰਹੀ ਤਰਜੀਹ**

**ਵਾਸ਼ਿੰਗਟਨ, (ਪੰਜਾਬ ਮੇਲ)-** ਇਸ ਸਾਲ ਅਮਰੀਕਾ ਵਿਚ ਪੜ੍ਹ ਰਹੇ ਭਾਰਤੀ ਵਿਦਿਆਰਥੀਆਂ ਨੂੰ ਇੰਟਰਨਸ਼ਿਪ ਵੀ ਨਹੀਂ ਮਿਲ ਰਹੀ ਹੈ। ਅਮਰੀਕਾ ਵਿਚ ਬੇਰੋਜ਼ਗਾਰੀ ਵਧਣ, ਆਲਮੀ ਆਰਥਿਕ ਮੰਦੀ ਕਾਰਨ ਐਂਟਰੀ ਲੈਵਲ ਦੀਆਂ ਨੌਕਰੀਆਂ ਦੀ ਘਾਟ ਅਤੇ ਅਮਰੀਕਾ ਵਿਚ ਇਸ ਸਾਲ ਚੋਣਾਂ ਹੋਣ ਨਾਲ ਨੌਕਰੀਆਂ ਵਿਚ ਅਮਰੀਕੀ ਵਿਦਿਆਰਥੀਆਂ ਨੂੰ ਤਰਜੀਹ ਮਿਲ ਰਹੀ ਹੈ, ਉੱਥੇ ਹੀ ਆਈ.ਵੀ. ਲੀਗ ਵਰਗੀਆਂ ਵੱਕਾਰੀ ਸੰਸਥਾਵਾਂ ਵਿਚ ਪੜ੍ਹਨ ਵਾਲੇ ਹੁਸ਼ਿਆਰ ਭਾਰਤੀ ਵਿਦਿਆਰਥੀ ਵੀ ਇੰਟਰਨਸ਼ਿਪ ਪਾਉਣ ਲਈ ਸੰਘਰਸ਼ ਕਰ ਰਹੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਮਹਿੰਗਾਈ ਵਧਣ ਕਾਰਨ ਅਮਰੀਕਾ 'ਚ ਰਹਿਣ ਦਾ ਖ਼ਰਚ ਕਾਫ਼ੀ ਵੱਧ ਗਿਆ ਹੈ, ਨੌਕਰੀਆਂ 'ਚ ਸਥਾਨਕ ਲੋਕਾਂ ਨੂੰ ਤਰਜੀਹ ਅਤੇ ਸਪਾਂਸਰਸ਼ਿਪ ਦੀ ਕਮੀ ਨੇ ਭਾਰਤੀ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਨੂੰ ਹੋਰ ਵਧਾ ਦਿੱਤਾ ਹੈ।

ਸਿੱਖਿਆ ਸਲਾਹਕਾਰ ਕਾਲਜਿਫਾਈ ਦੇ ਆਦਰਸ਼ ਖੰਡੇਲਵਾਲ ਨੇ ਕਿਹਾ ਹਾਰਵਰਡ ਅਤੇ ਯੇਲ ਯੂਨੀਵਰਸਿਟੀ ਵਰਗੇ 8 ਆਈ.ਵੀ. ਲੀਗ ਕਾਲਜਾਂ ਸਮੇਤ ਅਮਰੀਕਾ ਦੀਆਂ ਚੋਟੀ ਦੀਆਂ ਯੂਨੀਵਰਸਿਟੀਆਂ ਵਿਚ ਪੜ੍ਹ ਰਹੇ ਭਾਰਤੀ ਵਿਦਿਆਰਥੀਆਂ ਨੂੰ ਮਿਲਣ ਵਾਲੀਆਂ ਨੌਕਰੀਆਂ ਦੇ ਮੌਕਿਆਂ ਵਿਚ ਗਿਰਾਵਟ ਆਈ ਹੈ। ਇੰਟਰਨਸ਼ਿਪ ਅਤੇ ਨੌਕਰੀ ਦੇ ਸੰਕਟ ਨੂੰ ਇਸ ਤੱਥ ਤੋਂ ਸਮਝਿਆ ਜਾ ਸਕਦਾ ਹੈ ਕਿ ਐੱਸ.ਟੀ.ਈ.ਐੱਮ. (ਸਾਇੰਸ, ਟੈਕ, ਇੰਜੀਨੀਅਰਿੰਗ, ਮੈਥਸ) ਵਿਚ ਗ੍ਰੈਜੂਏਸ਼ਨ ਕਰਨ ਵਾਲੇ ਭਾਰਤੀ ਵਿਦਿਆਰਥੀ ਵੀ ਇੰਟਰਨਸ਼ਿਪ ਪ੍ਰਾਪਤ ਕਰਨ ਦੇ ਯੋਗ ਨਹੀਂ ਹਨ।

# ਕਾਂਗਰਸ ਵੱਲੋਂ ਹਰੀਸ਼ ਚੌਧਰੀ ਪੰਜਾਬ 'ਚ ਵਿਸ਼ੇਸ਼ ਨਿਗਰਾਨ ਵਜੋਂ ਨਿਯੁਕਤ

**ਜਲੰਧਰ, (ਪੰਜਾਬ ਮੇਲ)-** ਕਾਂਗਰਸ ਪਾਰਟੀ ਵੱਲੋਂ ਪੰਜਾਬ 'ਚ ਲੋਕ ਸਭਾ ਚੋਣਾਂ ਦੌਰਾਨ ਸਪੈਸ਼ਲ ਆਬਜ਼ਰਵਰ ਦੇ ਤੌਰ 'ਤੇ ਹਰੀਸ਼ ਚੌਧਰੀ ਨੂੰ ਨਿਯੁਕਤ ਕੀਤਾ ਗਿਆ ਹੈ। ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸੈਕਟਰੀ ਕੇ.ਸੀ. ਵੇਣੂਗੋਪਾਲ ਨੇ ਇਕ ਪੱਤਰ ਜਾਰੀ ਕਰ ਕੇ ਇਹ ਜਾਣਕਾਰੀ ਦਿੱਤੀ ਹੈ।



ਇਸ ਚਿੱਠੀ 'ਚ ਉਨ੍ਹਾਂ ਲਿਖਿਆ ਹੈ ਕਿ ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਵੱਲੋਂ ਹਰੀਸ਼ ਚੌਧਰੀ ਨੂੰ ਪੰਜਾਬ 'ਚ ਵਿਸ਼ੇਸ਼ ਨਿਗਰਾਨ ਵਜੋਂ ਨਿਯੁਕਤ ਕਰਨ ਦੇ ਪ੍ਰਸਤਾਵ ਨੂੰ ਸਵੀਕਾਰ ਕਰ ਲਿਆ ਗਿਆ ਹੈ।

ਜ਼ਿਕਰਯੋਗ ਹੈ ਕਿ ਹਰੀਸ਼ ਚੌਧਰੀ ਰਾਜਸਥਾਨ ਦੇ ਬਾੜਮੇਰ ਜ਼ਿਲ੍ਹੇ ਦੇ ਬਾਇਤੂ ਹਲਕੇ ਤੋਂ ਵਿਧਾਇਕ ਹਨ ਤੇ ਕੈਬਨਿਟ 'ਚ ਵਿੱਤ ਮੰਤਰੀ ਮੰਤਰੀ ਵਜੋਂ ਵੀ ਸੇਵਾ ਨਿਭਾ ਚੁੱਕੇ ਹਨ। ਇਸ ਤੋਂ ਬਾਅਦ ਹਰੀਸ਼ ਚੌਧਰੀ ਨੇ ਆਪਣੇ 'ਐਕਸ' ਅਕਾਊਂਟ 'ਤੇ ਇਕ ਪੋਸਟ ਸਾਂਝੀ ਕਰਕੇ ਇਸ ਨਿਯੁਕਤੀ ਲਈ ਕਾਂਗਰਸ ਹਾਈਕਮਾਨ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਲਿਖਿਆ, "ਆਗਾਮੀ ਲੋਕ ਸਭਾ ਚੋਣਾਂ 'ਚ ਇੰਡੀਅਨ ਨੈਸ਼ਨਲ ਕਾਂਗਰਸ ਵੱਲੋਂ ਪੰਜਾਬ ਦੇ ਵਿਸ਼ੇਸ਼ ਨਿਗਰਾਨ ਦੀ ਜ਼ਿੰਮੇਵਾਰੀ ਸੌਂਪਣ ਲਈ ਕੌਮੀ ਪ੍ਰਧਾਨ ਮਲਿਕਾਰਜੁਨ ਖੜਗੇ ਤੇ ਸਾਡੇ ਆਗੂ ਰਾਹੁਲ ਗਾਂਧੀ ਦਾ ਧੰਨਵਾਦ। ਮੈਂ ਯਕੀਨ ਦਿਵਾਉਂਦਾ ਹਾਂ ਕਿ ਤੁਹਾਡੇ ਵੱਲੋਂ ਦਿੱਤੀ ਗਈ ਇਸ ਵੱਡੀ ਜ਼ਿੰਮੇਵਾਰੀ ਨੂੰ ਪਾਰਟੀ ਪ੍ਰਤੀ ਸਮੁੱਚੀ ਸਮਰਪਿਤ ਸੋਚ ਨਾਲ ਨਿਭਾਵਾਂਗਾ।"

# ਭਾਰਤੀ ਚੋਣ ਕਮਿਸ਼ਨ ਵੱਲੋਂ ਜਨਰਲ ਅਤੇ ਪੁਲਿਸ ਆਬਜ਼ਰਵਰਾਂ ਦੀ ਨਿਯੁਕਤੀ: ਸਿਬਿਨ ਸੀ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ 'ਚ ਲੋਕ ਸਭਾ ਚੋਣਾਂ 2024 ਲਈ ਨਾਮਜ਼ਦਗੀਆਂ ਦੀ ਸ਼ੁਰੂਆਤ 7 ਮਈ ਤੋਂ ਹੋ ਗਈ ਹੈ। ਇਨ੍ਹਾਂ ਚੋਣਾਂ ਨੂੰ ਸ਼ਾਂਤੀਪੂਰਵਕ, ਨਿਰਪੱਖ ਅਤੇ ਪਾਰਦਰਸ਼ੀ ਤਰੀਕੇ ਨਾਲ ਨੇਪਰੇ ਚਾੜ੍ਹਨ ਲਈ ਭਾਰਤੀ ਚੋਣ ਕਮਿਸ਼ਨ ਨੇ ਪੰਜਾਬ ਦੀਆਂ 13 ਸੀਟਾਂ ਲਈ ਜਨਰਲ ਅਤੇ ਪੁਲਿਸ ਆਬਜ਼ਰਵਰਾਂ ਦੀ ਨਿਯੁਕਤੀ ਕਰ ਦਿੱਤੀ ਹੈ। ਇਹ ਸਾਰੇ ਅਧਿਕਾਰੀ 14 ਮਈ ਤੋਂ ਆਪਣੀ ਡਿਊਟੀ ਸੰਭਾਲ ਲੈਣਗੇ।

ਇਸ ਬਾਬਤ ਜਾਣਕਾਰੀ ਦਿੰਦਿਆਂ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਵੱਖ-ਵੱਖ ਸੂਬਿਆਂ ਦੇ 13 ਆਈ.ਏ.ਐੱਸ. ਅਧਿਕਾਰੀਆਂ ਨੂੰ ਜਨਰਲ ਆਬਜ਼ਰਵਰ ਲਾਇਆ ਗਿਆ ਹੈ, ਜਦਕਿ 7 ਆਈ.ਪੀ.ਐੱਸ. ਅਧਿਕਾਰੀਆਂ ਨੂੰ ਪੁਲਿਸ ਆਬਜ਼ਰਵਰ ਨਿਯੁਕਤ ਕੀਤਾ ਗਿਆ ਹੈ। ਇਹ ਸਾਰੇ ਅਧਿਕਾਰੀ ਚੋਣਾਂ ਦੌਰਾਨ ਭਾਰਤੀ ਚੋਣ ਕਮਿਸ਼ਨ ਦੀਆਂ ਚੋਣ ਜ਼ਾਬਤੇ ਸਬੰਧੀ ਨਿਯਮਾਂ ਅਤੇ ਹਦਾਇਤਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਆਪਣੀ ਡਿਊਟੀ ਨਿਭਾਉਣਗੇ।

ਜਿਨ੍ਹਾਂ ਅਧਿਕਾਰੀਆਂ ਨੂੰ ਜਨਰਲ ਆਬਜ਼ਰਵਰ ਲਾਇਆ ਗਿਆ ਹੈ, ਉਨ੍ਹਾਂ ਵਿਚ ਗੁਰਦਾਸਪੁਰ ਲੋਕ ਸਭਾ ਸੀਟ ਲਈ ਕੇ. ਮਹੇਸ਼ (2009 ਬੈਚ), ਅੰਮ੍ਰਿਤਸਰ ਲਈ ਸਿਧਾਰਥ ਜੈਨ (2001), ਖਡੂਰ ਸਾਹਿਬ ਲਈ ਅਭੀਮੰਨਿਊ ਕੁਮਾਰ (2011), ਜਲੰਧਰ ਲਈ ਜੇ. ਮੇਘਾਨਾਥ ਰੈੱਡੀ (2013), ਹੁਸ਼ਿਆਰਪੁਰ ਲਈ ਡਾ. ਆਰ ਆਨੰਦਕੁਮਾਰ (2003), ਆਨੰਦਪੁਰ ਸਾਹਿਬ ਲਈ ਡਾ. ਹੀਰਾ ਲਾਲ (2010), ਲੁਧਿਆਣਾ ਲਈ ਦਿਵਿਆ ਮਿੱਤਲ (2013), ਫਤਹਿਗੜ੍ਹ ਸਾਹਿਬ ਲਈ ਰਾਕੇਸ਼ ਸ਼ੰਕਰ (2004), ਫਰੀਦਕੋਟ ਲਈ ਰੂਹੀ ਖਾਨ (2013), ਫਿਰੋਜ਼ਪੁਰ ਲਈ ਕਪਿਲ ਮੀਨਾ (2010), ਬਠਿੰਡਾ ਲਈ ਡਾ. ਐੱਸ. ਪ੍ਰਭਾਕਰ (2009), ਸੰਗਰੂਰ ਲਈ ਸ਼ਨਾਵਸ ਐੱਸ. (2012), ਅਤੇ ਪਟਿਆਲਾ ਲੋਕ ਸਭਾ ਸੀਟ ਲਈ ਓਮ ਪ੍ਰਕਾਸ਼ ਬਕੋਰੀਆ (2006) ਨੂੰ ਨਿਯੁਕਤ ਕੀਤਾ ਗਿਆ ਹੈ।

ਇਸੇ ਤਰ੍ਹਾਂ ਪੁਲਿਸ ਆਬਜ਼ਰਵਰਾਂ ਵਿਚ ਗੁਰਦਾਸਪੁਰ ਤੇ ਹੁਸ਼ਿਆਰਪੁਰ ਲੋਕ ਸਭਾ ਸੀਟਾਂ ਲਈ ਕੁਸ਼ਾਲ ਪਾਲ ਸਿੰਘ (2014 ਬੈਚ), ਅੰਮ੍ਰਿਤਸਰ ਤੇ ਖਡੂਰ ਸਾਹਿਬ ਲਈ ਸਵੇਤਾ ਸ੍ਰੀਮਾਲੀ (2010), ਜਲੰਧਰ ਤੇ ਲੁਧਿਆਣਾ ਲਈ ਸਤੀਸ਼ ਕੁਮਾਰ ਗਜਭੀਏ (2002), ਆਨੰਦਪੁਰ ਸਾਹਿਬ ਤੇ ਫਤਹਿਗੜ੍ਹ ਸਾਹਿਬ ਲਈ ਸੰਦੀਪ ਗਜਾਨਨ ਦੀਵਾਨ (2010), ਬਠਿੰਡਾ ਤੇ ਫਰੀਦਕੋਟ ਲਈ ਬੀ. ਸ਼ੰਕਰ ਜੈਸਵਾਲ (2001), ਫਿਰੋਜ਼ਪੁਰ ਲਈ ਏ.ਆਰ. ਦਮੋਧਰ (2013) ਅਤੇ ਸੰਗਰੂਰ ਤੇ ਪਟਿਆਲਾ ਲੋਕ ਸਭਾ ਸੀਟਾਂ ਲਈ ਅਮੀਰ ਜਾਵੇਦ (2012) ਨੂੰ ਨਿਯੁਕਤ ਕੀਤਾ ਗਿਆ ਹੈ।

# ਬ੍ਰਿਟੇਨ 'ਚ ਵੀਜ਼ਾ ਨਿਯਮਾਂ 'ਚ ਬਦਲਾਅ ਕਾਰਨ ਘਟੀ ਭਾਰਤੀ ਵਿਦਿਆਰਥੀਆਂ ਦੀ ਗਿਣਤੀ

- **ਜਨਤਕ ਸੇਵਾਵਾਂ 'ਤੇ ਵੀ ਵਧਿਆ ਬੋਝ**

**ਲੰਡਨ, (ਪੰਜਾਬ ਮੇਲ)-** ਬਰਤਾਨੀਆ 'ਚ ਵਿਦਿਆਰਥੀ ਵੀਜ਼ਾ ਨਿਯਮਾਂ 'ਚ ਬਦਲਾਅ ਤੋਂ ਬਾਅਦ ਵਿਦੇਸ਼ੀ ਵਿਦਿਆਰਥੀਆਂ ਦੇ ਨਾਲ ਪਤੀ, ਪਤਨੀ ਅਤੇ ਬੱਚਿਆਂ ਵਰਗੇ ਆਸ਼ਰਿਤਾਂ ਜਾਂ ਨਜ਼ਦੀਕੀ ਰਿਸ਼ਤੇਦਾਰਾਂ ਦੀ ਗਿਣਤੀ 'ਚ ਕਮੀ ਆਈ ਹੈ। ਬਰਤਾਨਵੀ ਸਰਕਾਰ ਨੇ ਇਸ ਦਾ ਸਵਾਗਤ ਕੀਤਾ ਹੈ। ਬਰਤਾਨੀਆ ਦੇ ਗ੍ਰਹਿ ਵਿਭਾਗ ਦਾ ਕਹਿਣਾ ਹੈ ਕਿ ਪਿਛਲੇ ਸਾਲ ਦੀ ਤੁਲਨਾ 'ਚ ਇਸ ਸਾਲ ਜਨਵਰੀ ਤੋਂ ਮਾਰਚ ਦੇ ਮਹੀਨਿਆਂ 'ਚ ਵਿਦਿਆਰਥੀਆਂ ਦੇ ਨਾਲ ਆਸ਼ਰਿਤਾਂ ਦੀ ਗਿਣਤੀ 'ਚ 80 ਫੀਸਦੀ ਦੀ ਕਮੀ ਆਈ ਹੈ।

ਇਸ ਤੋਂ ਇਲਾਵਾ ਇਸ ਵਾਰ 26,000 ਤੋਂ ਵੀ ਘੱਟ ਵਿਦਿਆਰਥੀਆਂ ਨੇ ਵੀਜ਼ਾ ਲਈ ਅਪਲਾਈ ਕੀਤਾ ਹੈ। ਹਾਲਾਂਕਿ, ਭਾਰਤੀ ਨਾਗਰਿਕਾਂ ਨੂੰ 2023 'ਚ 1,20,110 ਸਟੱਡੀ ਵੀਜ਼ੇ ਮਿਲੇ, ਜੋ ਕਿ 2022 ਦੇ ਮੁਕਾਬਲੇ 14 ਫੀਸਦੀ ਘੱਟ ਸਨ। ਜਨਵਰੀ ਤੋਂ ਲਾਗੂ ਨਿਯਮਾਂ




ਦੇ ਤਹਿਤ, ਜ਼ਿਆਦਾਤਰ ਅੰਤਰਰਾਸ਼ਟਰੀ ਵਿਦਿਆਰਥੀ ਖੋਜ ਕੋਰਸਾਂ ਨੂੰ ਛੱਡ ਕੇ ਰਿਸ਼ਤੇਦਾਰਾਂ ਨੂੰ ਨਾਲ ਨਹੀਂ ਲਿਆ ਸਕਦੇ ਹਨ। ਹੁਣ ਉਹ ਆਪਣਾ ਕੋਰਸ ਪੂਰਾ ਕਰਨ ਤੋਂ ਪਹਿਲਾਂ ਆਪਣਾ ਵੀਜ਼ਾ ਨਹੀਂ ਬਦਲ ਸਕਦੇ। ਹਾਲ ਹੀ ਦੇ ਸਾਲਾਂ ਵਿਚ ਅੰਤਰਰਾਸ਼ਟਰੀ ਵਿਦਿਆਰਥੀ ਵੀਜ਼ਿਆਂ 'ਚ ਭਾਰਤੀ ਸਭ ਤੋਂ ਅੱਗੇ ਰਹੇ ਹਨ ਅਤੇ ਇਹ ਅੰਕੜੇ ਦੱਸਦੇ ਹਨ ਕਿ ਇਸ ਸਾਲ ਦੇ ਸ਼ੁਰੂ 'ਚ ਆਈ ਗਿਰਾਵਟ ਦਾ ਮਤਲਬ ਹੋ ਸਕਦਾ ਹੈ ਕਿ ਘੱਟ ਭਾਰਤੀ ਵਿਦਿਆਰਥੀ ਯੂ.ਕੇ. ਦੀਆਂ ਯੂਨੀਵਰਸਿਟੀਆਂ ਨੂੰ ਚੁਣ ਰਹੇ ਹਨ। ਫਰਵਰੀ ਦੇ ਅਧਿਕਾਰਤ ਅੰਕੜਿਆਂ ਅਨੁਸਾਰ, 2019 ਅਤੇ 2023 ਦੇ ਵਿਚਕਾਰ ਸਟੱਡੀ ਵੀਜ਼ਾ ਪ੍ਰਾਪਤ ਕਰਨ ਵਾਲੇ ਭਾਰਤੀਆਂ ਦੀ ਗਿਣਤੀ ਵਿਚ 85,849 ਦਾ ਵਾਧਾ ਹੋਇਆ ਹੈ, ਜੋ ਕਿ ਯੂ.ਕੇ. ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸਭ ਤੋਂ ਵੱਧ ਗਿਣਤੀ ਹੈ।

ਬਰਤਾਨੀਆ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਇੰਟਰਨੈੱਟ ਮੀਡੀਆ 'ਤੇ ਇਕ ਬਿਆਨ 'ਚ ਕਿਹਾ ਕਿ ਅੰਕੜਿਆਂ ਦਾ ਮਤਲਬ ਹੈ ਕਿ ਉਨ੍ਹਾਂ ਨੇ ਦੇਸ਼ ਦੀ ਵੀਜ਼ਾ ਪ੍ਰਣਾਲੀ 'ਚ ਜੋ ਬਦਲਾਅ ਕੀਤੇ ਹਨ, ਉਹ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਬਰਤਾਨੀਆ 'ਚ ਰਿਸ਼ਤੇਦਾਰਾਂ ਅਤੇ ਆਸ਼ਰਿਤਾਂ ਨੂੰ ਲਿਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਇਹ ਉਚਿਤ ਨਹੀਂ ਸੀ। ਉਨ੍ਹਾਂ ਕਿਹਾ ਕਿ ਸਾਡੇ ਬਦਲਾਅ ਕੰਮ ਕਰ ਰਹੇ ਹਨ।

ਯੂ.ਕੇ. ਦੇ ਗ੍ਰਹਿ ਸਕੱਤਰ ਜੇਮਸ ਕਲੀਵਰਲੇ ਦੇ ਦਫ਼ਤਰ ਨੇ ਉਸ ਦੀ ਵੀਜ਼ਾ ਕਾਰਵਾਈ ਦੇ ਪ੍ਰਭਾਵ ਨੂੰ ਉਜਾਗਰ ਕਰਨ ਲਈ ਅੰਤਰਿਮ ਅੰਕੜੇ ਜਾਰੀ ਕੀਤੇ। ਚਤੁਰਾਈ ਨਾਲ ਕਿਹਾ ਕਿ ਲਗਾਤਾਰ ਵੱਧ ਰਹੀ ਗਿਣਤੀ ਬ੍ਰਿਟਿਸ਼ ਲੋਕਾਂ ਦਾ ਸਾਡੀ ਇਮੀਗ੍ਰੇਸ਼ਨ ਪ੍ਰਣਾਲੀ ਵਿਚ ਵਿਸ਼ਵਾਸ ਨੂੰ ਘਟਾ ਰਹੀ ਹੈ, ਜਨਤਕ ਸੇਵਾਵਾਂ 'ਤੇ ਬੋਝ ਪਾ ਰਹੀ ਹੈ ਅਤੇ ਤਨਖਾਹਾਂ ਨੂੰ ਘਟਾ ਰਹੀ ਹੈ।

# ਸ਼੍ਰੀਲੰਕਾ ਨੇ ਭਾਰਤ ਤੇ ਚੋਣਵੇਂ ਦੇਸ਼ਾਂ ਲਈ 'ਵੀਜ਼ਾ-ਮੁਕਤ' ਦਾਖਲੇ ਦੀ ਦਿੱਤੀ ਸਹੂਲਤ

**ਕੋਲੰਬੋ, (ਪੰਜਾਬ ਮੇਲ)-** ਸ਼੍ਰੀਲੰਕਾ ਨੇ ਟਾਪੂ ਦੇਸ਼ ਵਿੱਚ ਸੈਲਾਨੀਆਂ ਦੀ ਆਮਦ ਨੂੰ ਉਤਸ਼ਾਹਿਤ ਕਰਨ ਲਈ ਭਾਰਤ ਅਤੇ ਕਈ ਹੋਰ ਚੋਣਵੇਂ ਦੇਸ਼ਾਂ ਦੇ ਸੈਲਾਨੀਆਂ ਲਈ ਵੀਜ਼ਾ-ਮੁਕਤ ਦਾਖਲੇ ਦਾ ਨਵੀਨੀਕਰਣ ਕੀਤਾ ਹੈ। ਸ਼੍ਰੀਲੰਕਾ ਸਰਕਾਰ ਦੇ ਇਸ ਕਦਮ ਨਾਲ ਦੋਹਾਂ ਦੇਸ਼ਾਂ ਵਿਚਾਲੇ ਨਿਰਵਿਘਨ ਯਾਤਰਾ ਲਈ ਦਿਲਚਸਪ ਸੰਭਾਵਨਾਵਾਂ ਖੁੱਲ੍ਹ ਜਾਣਗੀਆਂ। ਦੇਸ਼ ਦੀ ਕੈਬਨਿਟ ਨੇ ਸੋਮਵਾਰ ਨੂੰ ਭਾਰਤ, ਚੀਨ, ਰੂਸ, ਜਾਪਾਨ, ਮਲੇਸ਼ੀਆ, ਥਾਈਲੈਂਡ ਅਤੇ ਇੰਡੋਨੇਸ਼ੀਆ ਦੇ ਨਾਗਰਿਕਾਂ ਨੂੰ ਮੁਫਤ ਵੀਜ਼ਾ ਐਂਟਰੀ ਦੇਣ ਦਾ ਫ਼ੈਸਲਾ ਕੀਤਾ ਹੈ, ਜੋ ਟਾਪੂ ਦੇਸ਼ ਦੀ 30 ਦਿਨਾਂ ਦੀ ਯਾਤਰਾ 'ਤੇ ਹਨ। ਇਹ ਸਕੀਮ ਅਕਤੂਬਰ ਵਿਚ ਦੇਸ਼ ਵਿਚ ਸੈਰ ਸਪਾਟਾ ਉਦਯੋਗ ਦੇ ਮੁੜ ਨਿਰਮਾਣ ਲਈ ਇੱਕ ਪਾਇਲਟ ਪ੍ਰੋਜੈਕਟ ਵਜੋਂ ਸ਼ੁਰੂ ਕੀਤੀ ਗਈ ਸੀ। ਇਮੀਗ੍ਰੇਸ਼ਨ ਅਤੇ ਇਮੀਗ੍ਰੇਸ਼ਨ ਵਿਭਾਗ ਅਨੁਸਾਰ ਜੋ ਵੀਜ਼ਾ-ਮੁਕਤ ਪ੍ਰਵੇਸ਼ ਨੂੰ ਸੰਭਾਲਦਾ ਹੈ, ਉਪਰੋਕਤ ਦੇਸ਼ਾਂ ਦੇ ਵਿਦੇਸ਼ੀਆਂ ਨੂੰ ਸ਼੍ਰੀਲੰਕਾ ਪਹੁੰਚਣ ਤੋਂ ਪਹਿਲਾਂ ਵੈਬਸਾਈਟ www.srilankaevisa.lk ਦੁਆਰਾ ਵੀਜ਼ਾ ਅਪਲਾਈ ਕਰਨਾ ਚਾਹੀਦਾ ਹੈ ਅਤੇ ਇਸ ਮੁਫਤ ਵੀਜ਼ੇ ਦੀ ਵੈਧਤਾ ਦੀ ਮਿਆਦ 30 ਦਿਨ ਹੈ।

## ਕੈਨੇਡਾ ’ਚ ਦੋ ਪੰਜਾਬੀ ਔਰਤਾਂ ਘਰੇਲੂ ਹਿੰਸਾ ਦੀ ਭੇਟ ਚੜ੍ਹੀਆਂ

**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ਵਿਚ ਦੋ ਪੰਜਾਬੀ ਔਰਤਾਂ ਘਰੇਲੂ ਹਿੰਸਾ ਦੀ ਭੇਟ ਚੜ੍ਹ ਗਈਆਂ। ਦੋਹਾਂ ਦੇ ਪਤੀਆਂ ਨੂੰ ਕਤਲ ਦੇ ਦੋਸ਼ਾਂ ਤਹਿਤ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਗਿਆ ਹੈ। ਪਹਿਲੀ ਘਟਨਾ ਸਰੀ ਸ਼ਹਿਰ ਦੀ ਹੈ, ਜਿਥੇ 26 ਅਪ੍ਰੈਲ ਨੂੰ 146 ਸਟਰੀਟ ’ਤੇ 72 ਐਵੇਨਿਊ ਸਥਿਤ ਘਰ ਵਿਚ ਹਿੰਸਾ ਦੀ ਸੂਚਨਾ ਮਿਲਣ ’ਤੇ ਪੁਲਿਸ ਪਹੁੰਚੀ, ਤਾਂ 33 ਸਾਲਾ ਪਵਿੱਤਰਪ੍ਰੀਤ ਕੌਰ ਸਿੱਧੂ ਗੰਭੀਰ ਜ਼ਖ਼ਮੀ ਹਾਲਤ ਵਿਚ ਸੀ, ਜੋ ਹਸਪਤਾਲ ਲਿਜਾਣ ਮੌਕੇ ਰਾਹ ’ਚ ਹੀ ਦਮ ਤੋੜ ਗਈ। ਘਟਨਾ ਤੋਂ ਬਾਅਦ ਉਸ ਦਾ ਪਤੀ ਹਰਦੀਪ ਸਿੰਘ ਸਿੱਧੂ (38) ਰੂਪੋਸ਼ ਹੋ ਗਿਆ ਸੀ। ਪੁਲਿਸ ਨੇ ਜਾਂਚ ਦੌਰਾਨ ਉਸ ਵਿਰੁੱਧ ਕਤਲ ਦੇ ਠੋਸ ਸਬੂਤ ਇਕੱਠੇ ਕੀਤੇ ਤੇ ਬਾਰਡਰ ਸੁਰੱਖਿਆ ਏਜੰਸੀ (ਸੀ.ਬੀ.ਐੱਸ.ਏ.) ਦੀ ਮਦਦ ਨਾਲ ਉਸ ਨੂੰ ਅਮਰੀਕਾ ਭੱਜਣ ਦਾ ਯਤਨ ਕਰਦਿਆਂ ਗ੍ਰਿਫਤਾਰ ਕਰ ਲਿਆ। ਅਲਬਰਟਾ ਸੂਬੇ ਦੇ ਸ਼ਹਿਰ ਕੈਲਗਰੀ ’ਚ 30 ਅਪ੍ਰੈਲ ਨੂੰ ਇਸੇ ਘਰ੍ਹਾਂ ਇਕ ਹੋਰ ਵਾਪਰੀ ਘਟਨਾ ਵਿਚ 25 ਸਾਲਾ ਮਨਪ੍ਰੀਤ ਕੌਰ ਦੀ ਵੀ ਉਸ ਦੇ ਪਤੀ ਮਨਿੰਦਰਪ੍ਰੀਤ ਸਿੰਘ (22) ਹੱਥੋਂ ਕੁੱਟਮਾਰ ਦੀ ਸ਼ਿਕਾਰ ਹੋਈ ਤੇ ਬਾਅਦ ’ਚ ਉਸ ਦੀ ਮੌਤ ਹੋ ਗਈ। ਮਨਿੰਦਰਪ੍ਰੀਤ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

## ਕੈਨੇਡਾ ਘੁੰਮਣ ਆਏ ਭਾਰਤੀ ਜੋੜੇ ਤੇ ਤਿੰਨ ਮਹੀਨਿਆਂ ਦੇ ਪੋਤੇ ਦੀ ਸੜਕ ਹਾਦਸੇ ’ਚ ਮੌਤ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ’ਚ ਘੁੰਮਣ ਆਏ ਭਾਰਤੀ ਜੋੜੇ ਅਤੇ ਉਨ੍ਹਾਂ ਦੇ ਤਿੰਨ ਮਹੀਨਿਆਂ ਦੇ ਪੋਤੇ ਸਮੇਤ ਚਾਰ ਵਿਅਕਤੀ ਸੜਕ ਹਾਦਸੇ ’ਚ ਉਦੋਂ ਮਾਰੇ ਗਏ, ਜਦੋਂ ਓਨਟਾਰੀਓ ਪੁਲਿਸ ਦੀ ਗੱਡੀ ਨੇ ਸ਼ਰਾਬ ਦੀ ਦੁਕਾਨ ਲੁੱਟਣ ਵਾਲੇ ਸ਼ੱਕੀ ਨੂੰ ਫੜਨ ਲਈ ਉਲਟੀ ਦਿਸ਼ਾ ਵੱਲ ਗੱਡੀ ਮੋੜ ਲਈ। ਇਸ ਕਾਰਨ ਕਈ ਵਾਹਨ ਆਪਸ ਵਿਚ ਟਕਰਾਅ ਗਏ। ਹਾਦਸੇ ਵਿਚ ਚਾਰਾਂ ਦੀ ਮੌਕੇ ’ਤੇ ਮੌਤ ਹੋ ਗਈ ਤੇ ਕਈ ਵਾਹਨਾਂ ਨੂੰ ਨੁਕਸਾਨ ਪਹੁੰਚਿਆ। ਹਾਦਸੇ ਵਿਚ ਮਰਨ ਵਾਲਿਆਂ ਵਿਚ 60 ਸਾਲਾ ਵਿਅਕਤੀ ਅਤੇ 55 ਸਾਲਾ

### ■ ਨੂੰਹ-ਪੁੱਤ ਗੰਭੀਰ ਜ਼ਖ਼ਮੀ

ਔਰਤ ਸ਼ਾਮਲ ਹੈ, ਜੋ ਭਾਰਤ ਤੋਂ ਆਏ ਸਨ। ਮ੍ਰਿਤਕਾਂ ਦੇ ਨਾਂ ਜਾਰੀ ਨਹੀਂ ਕੀਤੇ ਗਏ। ਹਾਦਸੇ ਵਿਚ ਜੋੜੇ ਦੇ ਤਿੰਨ ਮਹੀਨਿਆਂ ਦੇ ਪੋਤੇ ਦੀ ਵੀ ਮੌਤ ਹੋ ਗਈ। ਸੋਮਵਾਰ ਨੂੰ ਹੋਏ ਹਾਦਸੇ ਤੋਂ ਬਾਅਦ ਹਾਈਵੇਅ 401 ਕਈ ਘੰਟਿਆਂ ਤੱਕ ਬੰਦ ਰਿਹਾ। ਨਵਜੰਮੇ ਬੱਚੇ ਦੇ 33 ਸਾਲਾ ਪਿਤਾ ਅਤੇ 27 ਸਾਲਾ ਮਾਂ ਜ਼ਖ਼ਮੀ ਹੋ ਗਏ। ਔਰਤ ਦੀ ਹਾਲਤ ਗੰਭੀਰ ਹੈ। ਹਾਦਸੇ ਵਿਚ ਲੁੱਟ ਕਰਨ ਵਾਲੇ 21 ਸਾਲਾ ਨੌਜਵਾਨ ਦੀ ਮੌਤ ਹੋ ਗਈ।

## ਭਾਰਤੀ ਅਮਰੀਕੀਆਂ ਵੱਲੋਂ ਅੰਮ੍ਰਿਤਸਰ ਦੇ ਵਿਕਾਸ ਲਈ 10 ਕਰੋੜ ਡਾਲਰ ਦੇਣ ਦਾ ਐਲਾਨ

**ਵਾਸ਼ਿੰਗਟਨ, (ਪੰਜਾਬ ਮੇਲ)-** ਪ੍ਰਮੁੱਖ ਭਾਰਤੀ ਅਮਰੀਕੀਆਂ ਦੇ ਸਮੂਹ ਨੇ ਅੰਮ੍ਰਿਤਸਰ ਦੇ ਸਮਾਜਿਕ-ਆਰਥਿਕ ਵਿਕਾਸ ਲਈ ‘ਸਟਾਰਟਅੱਪਸ’ ਨੂੰ 10 ਕਰੋੜ ਡਾਲਰ ਦੇਣ ਦਾ ਐਲਾਨ ਕੀਤਾ ਹੈ। ਅਮਰੀਕਾ ਵਿਚ ਰਹਿੰਦੇ ਭਾਰਤੀ ਭਾਈਚਾਰੇ ਵੱਲੋਂ ਭਾਰਤੀ ਸ਼ਹਿਰ ਲਈ ਅਜਿਹਾ ਐਲਾਨ ਆਪਣੇ ਆਪ ਵਿਚ ਨਵੀਂ ਪਹਿਲ ਹੈ। ਅਮਰੀਕਾ-ਭਾਰਤ ਰਣਨੀਤਕ ਭਾਈਵਾਲੀ ਫੋਰਮ (ਯੂ.ਐੱਸ.ਆਈ.ਐੱਸ.ਪੀ.ਐੱਫ.), ਉੱਘੇ ਭਾਰਤੀ-ਅਮਰੀਕੀਆਂ ਅਤੇ ਅਮਰੀਕਾ ਵਿਚ ਰਹਿ ਰਹੇ ਭਾਰਤੀਆਂ ਦੇ ਸਮੂਹ ਨੇ ‘ਫੈਡਰੇਸ਼ਨ ਆਫ ਇੰਡੀਅਨ ਚੈਂਬਰਜ਼ ਆਫ ਕਾਮਰਸ ਐਂਡ ਇੰਡਸਟਰੀ’ (ਫਿੱਕੀ) ਦੇ ਨਾਲ ਮੈਰੀਲੈਂਡ ਵਿਚ ਮੀਟਿੰਗ ਕੀਤੀ, ਜਿਥੇ ਵਿਕਸਿਤ ਅੰਮ੍ਰਿਤਸਰ ਪਹਿਲ ਦਾ ਐਲਾਨ ਕੀਤਾ ਗਿਆ। ਇਸ ਪਹਿਲਕਦਮੀ ਦੇ ਮੋਢੀ ਮੈਂਬਰਾਂ ਨੇ ਦੱਸਿਆ ਕਿ ਇਸ ਸ਼ਾਨਦਾਰ ਯੋਜਨਾ ਦੇ ਪ੍ਰੇਰਨਾ ਸਰੋਤ ਅਮਰੀਕਾ ਵਿਚ ਭਾਰਤ ਦੇ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਹਨ, ਜੋ ਵਾਸ਼ਿੰਗਟਨ ਵਿਚ ਚਾਰ ਸਾਲ ਦੀ ਕੂਟਨੀਤਕ ਸੇਵਾ ਕਰਨ ਤੋਂ ਬਾਅਦ ਮਿਸ਼ਨ ਵੱਲੋਂ ਮਦਦ ਦੇ ਵਾਅਦੇ ਨਾਲ ਆਪਣੇ ਵਤਨ ਪਰਤੇ ਹਨ। ਇਸ ਪਹਿਲਕਦਮੀ ਦਾ ਉਦੇਸ਼ ਨਾ ਸਿਰਫ ਅੰਮ੍ਰਿਤਸਰ ਨੂੰ ਆਰਥਿਕ ਅਤੇ ਉਦਯੋਗਿਕ ਵਿਕਾਸ ਦੇ ਲਿਹਾਜ਼ ਨਾਲ ਦੁਨੀਆਂ ਦੇ ਸਭ ਤੋਂ ਵਧੀਆ ਸ਼ਹਿਰਾਂ ਵਿਚੋਂ ਇੱਕ ਵਜੋਂ ਵਿਕਸਿਤ ਕਰਨਾ ਹੈ, ਸਗੋਂ ਇਸ ਸ਼ਹਿਰ ਨੂੰ ਵਿਸ਼ਵ ਵਿਚ ਸੈਰ-ਸਪਾਟਾ ਸਥਾਨ ਵਜੋਂ ਵਿਕਸਿਤ ਕਰਨਾ ਹੈ।

## ਮੱਧ ਪ੍ਰਦੇਸ਼ ’ਚ ਚੋਣਾਂ ਪੂਰੀ ਕਰਕੇ ਵਾਪਸ ਪਰਤ ਰਹੇ ਪੋਲਿੰਗ ਕਰਮੀਆਂ ਦੀ ਬੱਸ ਨੂੰ ਲੱਗੀ ਭਿਆਨਕ ਅੱਗ

**ਬੈਤੁਲ, (ਪੰਜਾਬ ਮੇਲ)-** ਮੱਧ ਪ੍ਰਦੇਸ਼ ਦੇ ਬੈਤੁਲ ’ਚ ਪੋਲਿੰਗ ਕਰਮਚਾਰੀਆਂ ਨੂੰ ਵਾਪਸ ਲਿਆਉਣ ਵਾਲੀ ਬੱਸ ਨੂੰ ਅਚਾਨਕ ਅੱਗ ਲੱਗ ਗਈ। ਬੱਸ ਵੋਟਿੰਗ ਸਮੱਗਰੀ (ਈ.ਵੀ.ਐੱਮ. ਅਤੇ ਵੀ.ਵੀ.ਪੀ.ਏ.ਟੀ.) ਅਤੇ ਛੇ ਪੋਲਿੰਗ ਸਟੇਸ਼ਨਾਂ ਦੇ ਕਰਮਚਾਰੀਆਂ ਨੂੰ ਲੈ ਕੇ ਬੈਤੂਲ ਜ਼ਿਲ੍ਹਾ ਹੈੱਡਕੁਆਰਟਰ ਆ ਰਹੀ ਸੀ, ਜਦੋਂ ਇਹ ਘਟਨਾ ਵਾਪਰੀ। ਹਾਦਸੇ ’ਚ ਸਾਰੇ ਪੋਲਿੰਗ ਕਰਮਚਾਰੀ ਸੁਰੱਖਿਅਤ ਹਨ। ਵੋਟਿੰਗ ਸਮੱਗਰੀ ਨੂੰ ਲੈ ਕੇ ਸਥਿਤੀ ਅਜੇ ਸਪੱਸ਼ਟ ਨਹੀਂ ਹੈ। ਡਰਾਈਵਰ ਨੇ ਬਲਦੀ ਬੱਸ ਤੋਂ ਛਾਲ ਮਾਰ ਦਿੱਤੀ। ਚੋਣਾਂ ਪੂਰੀ ਕਰਕੇ ਵਾਪਸ ਪਰਤ ਰਹੇ ਪੋਲਿੰਗ ਮੁਲਾਜ਼ਮਾਂ ਨੇ ਵੀ ਸੜੀ ਹੋਈ ਬੱਸ ਤੋਂ ਛਾਲ ਮਾਰ ਕੇ ਬੜੀ ਮੁਸ਼ਕਲ ਨਾਲ ਆਪਣੀ ਜਾਨ ਬਚਾਈ।

ਇਹ ਹਾਦਸਾ ਸਈਂਖੇੜਾ ਥਾਣਾ ਖੇਤਰ ਦੇ ਪਿੰਡ ਬਿਸਨੂਰ ਅਤੇ ਪੌਨੀ ਗੌਲਾ ਵਿਚਕਾਰ ਹੋਇਆ, ਜਿਸ ਦੀ ਸੂਚਨਾ

### ■ ਈ.ਵੀ.ਐੱਮ. ਤੇ ਵੀ.ਵੀ.ਪੀ.ਏ.ਟੀ. ਮਸ਼ੀਨਾਂ ਵੀ ਸਨ ਨਾਲ

ਮਿਲਣ ’ਤੇ ਪੁਲਿਸ ਅਧਿਕਾਰੀ ਮੌਕੇ ’ਤੇ ਪਹੁੰਚ ਗਏ। ਬੈਤੁਲ, ਮੁਲਤਾਈ ਅਤੇ ਅਠਨੇਰ ਤੋਂ ਫਾਇਰ ਬ੍ਰਿਗੇਡ ਨੂੰ ਬੁਲਾਇਆ ਗਿਆ। ਫਾਇਰ ਫਾਈਟਰਜ਼ ਨੇ ਬੱਸ ਦੀ ਅੱਗ ਬੁਝਾਈ ਅਤੇ ਅੰਦਰ ਰੱਖੀ ਵੋਟਿੰਗ ਸਮੱਗਰੀ ਨੂੰ ਬਾਹਰ ਕੱਢ ਲਿਆ। ਪੋਲਿੰਗ ਕਰਮੀਆਂ ਅਤੇ ਈ.ਵੀ.ਐੱਮ.-ਵੀ.ਵੀ.ਪੀ.ਏ.ਟੀ. ਮਸ਼ੀਨਾਂ ਨੂੰ ਲਿਆਉਣ ਲਈ ਇੱਕ ਹੋਰ ਬੱਸ ਦਾ ਪ੍ਰਬੰਧ ਕੀਤਾ ਗਿਆ। ਲੋਕ ਸਭਾ ਚੋਣਾਂ 2024 ਦੇ ਤੀਜੇ ਪੜਾਅ ਦੇ ਤਹਿਤ, 7 ਮਈ ਨੂੰ ਮੱਧ ਪ੍ਰਦੇਸ਼ ਦੀਆਂ 9 ਸੀਟਾਂ - ਮੁਰੈਨਾ, ਭਿੰਡ (ਐੱਸ.ਸੀ.-ਰਾਖਵੇਂ), ਗਵਾਲੀਅਰ, ਗੁਨਾ, ਸਾਗਰ, ਵਿਦਿਸ਼ਾ, ਭੋਪਾਲ, ਰਾਜਗੜ੍ਹ ਅਤੇ ਬੈਤੂਲ (ਐੱਸ.ਟੀ.-ਰਾਖਵੇਂ) ’ਤੇ ਵੋਟਿੰਗ ਹੋਈ।

ਚੋਣ ਕਮਿਸ਼ਨ ਅਨੁਸਾਰ ਸ਼ਾਮ 6 ਵਜੇ ਤੱਕ ਰਾਜ ਵਿਚ 66.12 ਫੀਸਦੀ ਵੋਟਿੰਗ ਦਰਜ ਕੀਤੀ ਗਈ ਅਤੇ ਕਿਧਰੋਂ ਵੀ ਕੋਈ ਅਣਸੁਖਾਵੀਂ ਘਟਨਾ ਦੀ ਸੂਚਨਾ ਨਹੀਂ ਮਿਲੀ। ਚੋਣ ਕਮਿਸ਼ਨ ਅੰਤਿਮ ਵੋਟ ਪ੍ਰਤੀਸ਼ਤਤਾ ਜਾਰੀ ਕਰੇਗਾ। ਇਸ ਗੇੜ ਵਿਚ ਕੁੱਲ 127 ਉਮੀਦਵਾਰ ਮੈਦਾਨ ਵਿਚ ਸਨ, ਜਿਨ੍ਹਾਂ ਵਿਚ ਰਾਜ ਦੇ ਦੋ ਸਾਬਕਾ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ (ਭਾਜਪਾ) ਅਤੇ ਦਿਗਵਿਜੇ ਸਿੰਘ (ਕਾਂਗਰਸ), ਕੇਂਦਰੀ ਮੰਤਰੀ ਜੋਤੀਰਾਦਿੱਤਿਆ ਸਿੰਧੀਆ ਸ਼ਾਮਲ ਹਨ। ਪਿਛਲੀਆਂ ਲੋਕ ਸਭਾ ਚੋਣਾਂ ’ਚ ਇਨ੍ਹਾਂ ਸੀਟਾਂ ’ਤੇ 66.63 ਫੀਸਦੀ ਵੋਟਿੰਗ ਦਰਜ ਕੀਤੀ ਗਈ ਸੀ। ਸੂਬੇ ਦੀਆਂ ਕੁੱਲ 29 ਸੀਟਾਂ ’ਚੋਂ 12 ਸੀਟਾਂ ’ਤੇ 19 ਅਤੇ 26 ਅਪ੍ਰੈਲ ਨੂੰ ਦੋ ਪੜਾਵਾਂ ’ਚ ਵੋਟਿੰਗ ਹੋਈ, ਤੀਜੇ ਪੜਾਅ ’ਚ 9 ਸੀਟਾਂ ’ਤੇ 7 ਮਈ ਨੂੰ ਅਤੇ ਚੌਥੇ ਪੜਾਅ ’ਚ ਬਾਕੀ 8 ਸੀਟਾਂ ’ਤੇ 13 ਮਈ ਨੂੰ ਵੋਟਿੰਗ ਹੋਵੇਗੀ।

ਸਫਾ 1 ਦਾ ਬਾਕੀ

### ਟਰੰਪ ਜਿੱਤਣ ਤੋਂ ਬਾਅਦ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ...

ਹੋਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਵਿਚ ਉਤਰਾਅ-ਚੜ੍ਹਾਅ ਅਤੇ ਰਿਕਾਰਡ ਤੋੜ ਸੰਖਿਆ ਦੇ ਮੱਦੇਨਜ਼ਰ ਟਰੰਪ ਦੀ ਮੁਹਿੰਮ ਦਾ 20 ਮਿਲੀਅਨ ਦਾ ਦਾਅਵਾ “ਇੱਕ ਗੈਰ-ਵਾਜਬ ਅਨੁਮਾਨ ਨਹੀਂ” ਹੈ।

ਯੂ.ਐੱਸ. ਜਨਗਣਨਾ ਬਿਊਰੋ ਦੇ 11 ਮਿਲੀਅਨ ਦੇ ਅਧਿਕਾਰਤ ਅੰਦਾਜ਼ੇ ਦੇ ਉਲਟ, ਸੰਭਵ ਤੌਰ ’ਤੇ 15 ਅਤੇ 20 ਮਿਲੀਅਨ ਦੇ ਵਿਚਕਾਰ ਹੈ, ਜੋ ਕਿ ਅਸੀਂ ਆਉਣ ਵਾਲੇ ਲੋਕਾਂ ਦੀ ਗਿਣਤੀ ਨੂੰ ਵੇਖਦੇ ਹਾਂ। ਬਾਇਡਨ ਆਈ.ਸੀ.ਈ. ਅਧਿਕਾਰੀ ਜਿਸ ਨੇ ਪ੍ਰਵਾਸੀਆਂ ਨੂੰ ਕਾਂਗਰਸ ਦੀ ਗ੍ਰਿਲਿੰਗ ਦਾ ਸਾਹਮਣਾ ਕਰਨ ਲਈ ‘ਨਜ਼ਰਬੰਦੀ ਦੇ ਵਿਕਲਪਾਂ’ ਦੀ ਗੱਲ ਕੀਤੀ। ਟਰੰਪ ਦੇ ਅਧੀਨ ਆਈ.ਸੀ.ਈ. ਦੇ ਸਾਬਕਾ ਕਾਰਜਕਾਰੀ ਨਿਰਦੇਸ਼ਕ ਟੌਮ ਹੋਮਨ ਨੇ ਕਿਹਾ ਕਿ ਏਜੰਸੀ ਕੋਲ “ਲੋਕਾਂ ਦੀ ਪਛਾਣ ਕਰਨ ਲਈ ਬਹੁਤ ਵਧੀਆ ਪ੍ਰਣਾਲੀਆਂ ਹਨ, ਪਰ ਦੇਸ਼ ਨਿਕਾਲੇ ਦੀ ਗਤੀ ਹੱਥ ਦੇ ਸਰੋਤਾਂ ’ਤੇ ਨਿਰਭਰ ਕਰੇਗੀ।” ਹੋਮਨ ਨੇ ਕਿਹਾ, “ਇਸ ਦਾ ਬਹੁਤ ਸਾਰਾ ਹਿੱਸਾ ਕਾਂਗਰਸ ’ਤੇ ਨਿਰਭਰ ਕਰੇਗਾ। ਸਾਨੂੰ ਅਫਸਰਾਂ ਦੀ ਜ਼ਰੂਰਤ ਹੈ, ਸਾਨੂੰ ਨਜ਼ਰਬੰਦੀ ਦੀ ਜ਼ਰੂਰਤ ਹੈ, ਸਾਨੂੰ ਆਵਾਜਾਈ ਦੇ ਠੇਕਿਆਂ ਦੀ ਜ਼ਰੂਰਤ ਹੈ। ਕਿਉਂਕਿ (ਸਾਡੇ ਕੋਲ) ਦੇਸ਼ ਤੋਂ ਬਾਹਰ ਜਾਣ ਵਾਲੀਆਂ ਹੋਰ ਉਡਾਣਾਂ ਹਨ ਅਤੇ ਸਰਹੱਦ ’ਤੇ ਹੋਰ ਬੱਸਾਂ ਨੂੰ ਹਟਾਉਣਾ ਹੈ।” ਅਸੀਂ ਅਜੇ ਵੀ ਅਪਰਾਧੀਆਂ ਅਤੇ ਰਾਸ਼ਟਰੀ ਸੁਰੱਖਿਆ ਖਤਰਿਆਂ ਨੂੰ ਪਹਿਲ ਦੇਵਾਂਗੇ, ਉਹ ਦੇਸ਼ ਲਈ ਸਭ ਤੋਂ ਖ਼ਤਰਨਾਕ ਹਨ।

## ਪੰਜਾਬ ਸਰਕਾਰ ਵੱਲੋਂ ਆਈ.ਏ.ਐੱਸ. ਪਰਮਪਾਲ ਕੌਰ ਦਾ ਅਸਤੀਫ਼ਾ ਨਾਮਨਜ਼ੂਰ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਲੋਕ ਸਭਾ ਹਲਕਾ ਬਠਿੰਡਾ ਤੋਂ ਭਾਜਪਾ ਉਮੀਦਵਾਰ ਤੇ ਆਈ.ਏ.ਐੱਸ. ਅਧਿਕਾਰੀ ਪਰਮਪਾਲ ਕੌਰ ਦੀਆਂ ਮੁਸ਼ਕਲਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਕੇਂਦਰ ਸਰਕਾਰ ਵੱਲੋਂ ਆਈ.ਏ.ਐੱਸ. ਅਧਿਕਾਰੀ ਦਾ ਅਸਤੀਫ਼ਾ ਪ੍ਰਵਾਨ ਕੀਤੇ ਜਾਣ ਤੋਂ ਬਾਅਦ ਪੰਜਾਬ ਸਰਕਾਰ ਨੇ ਆਈ.ਏ.ਐੱਸ. ਅਧਿਕਾਰੀ ਪਰਮਪਾਲ ਕੌਰ ਦਾ ਅਸਤੀਫ਼ਾ ਨਾਮਨਜ਼ੂਰ ਕਰ ਦਿੱਤਾ ਹੈ। ਪੰਜਾਬ ਸਰਕਾਰ ਨੇ ਆਈ.ਏ.ਐੱਸ. ਅਧਿਕਾਰੀ ਨੂੰ ਨੋਟਿਸ ਜਾਰੀ ਕਰਦਿਆਂ ਡਿਊਟੀ ’ਤੇ ਹਾਜ਼ਰ ਹੋਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਦੇ ਪਰਸੋਨਲ ਵਿਭਾਗ ਨੇ ਪੱਤਰ ਵਿਚ ਕਿਹਾ ਹੈ ਕਿ ਆਈ.ਏ.ਐੱਸ. ਅਧਿਕਾਰੀ ਨੇ ਵੀ.ਆਰ.ਐੱਸ. ਅਪਲਾਈ ਕਰਦੇ ਹੋਏ ਤਿੰਨ ਮਹੀਨੇ ਦੇ ਨੋਟਿਸ ਪੀਰੀਅਡ ਨੂੰ ਮੁਆਫ ਕਰਨ ਦੀ ਮੰਗ ਕੀਤੀ ਸੀ। ਇਸ ਪੱਤਰ ਵਿਚ ਉਨ੍ਹਾਂ ਦਾ ਕਹਿਣਾ ਸੀ ਕਿ ਉਨ੍ਹਾਂ ਦੀ ਮਾਂ 81 ਸਾਲ ਦੇ ਹਨ, ਜਿਨ੍ਹਾਂ ਦੀ ਸਿਹਤ ਠੀਕ ਨਹੀਂ ਰਹਿੰਦੀ ਅਤੇ ਘਰ ਵਿਚ ਕੋਈ ਹੋਰ ਨਾ ਹੋਣ ਕਰਕੇ ਦੇਖਭਾਲ ਕਰਨ ਵਿਚ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਵੀ.ਆਰ.ਐੱਸ. ਲਈ ਤਿੰਨ ਮਹੀਨੇ ਦਾ ਨੋਟਿਸ ਪੀਰੀਅਡ ਮੁਆਫ ਕੀਤਾ ਜਾਵੇ।

ਸਫਾ 1 ਦਾ ਬਾਕੀ

### ਕੈਨੇਡਾ ’ਚ ਪ੍ਰਵਾਸੀ ਭਾਰਤੀਆਂ ਨੂੰ ਲੁੱਟਣ ਵਾਲੀ ਔਰਤ...

ਮਨੀਤ ਮਲਹੋਤਰਾ ਵਿਰੁੱਧ ਜਾਂਚ ਸ਼ੁਰੂ ਕੀਤੀ ਸੀ। ਤਫ਼ਤੀਸ਼ ਦੌਰਾਨ ਦੋ ਮਾਮਲੇ ਪੁਲਿਸ ਦੇ ਧਿਆਨ ਵਿਚ ਆਏ, ਜਿਸ ਵਿਚ ਦੋ ਵਿਅਕਤੀਆਂ ਨੂੰ ਅਲਬਰਟਾ ਵਿਚ ਕੰਮ ਦਿਵਾਉਣ ਲਈ ਮਨੀਤ ਨੇ ਕੁੱਲ 75 ਹਜ਼ਾਰ ਡਾਲਰ ਲਏ। ਹਾਲਾਂਕਿ ਇਹ ਸਪੱਸ਼ਟ ਨਹੀਂ ਕੀਤਾ ਗਿਆ ਹੈ ਕਿ ਇਹ ਰਕਮ ਵਰਕ ਵੀਜ਼ਾ ਲਈ ਲਈ ਗਈ ਸੀ ਜਾਂ ਨੌਕਰੀ ਦਿਵਾਉਣ ਲਈ।

ਮਨੀਤ ਮਲਹੋਤਰਾ ਜਿਸ ਤੋਂ ਪੈਸੇ ਲੈ ਕੇ ਉਨ੍ਹਾਂ ਨੂੰ ਨੌਕਰੀ ਦੇਣ ਦੀ ਬਜਾਏ ਉਨ੍ਹਾਂ ਨੂੰ ਨਾਜਾਇਜ਼ ਕੰਮ ਕਰਵਾ ਰਹੀ ਸੀ। ਇਸ ਤੋਂ ਇਲਾਵਾ ਕੈਨੇਡੀਅਨ ਪੁਲਿਸ ਦਾ ਇਹ ਵੀ ਦਾਅਵਾ ਹੈ ਕਿ ਮੁਲਜ਼ਮ ਨੇ ਇਮੀਗ੍ਰੇਸ਼ਨ ਸਰਵਿਸ ਤੋਂ ਇਲਾਵਾ ਜਾਅਲੀ ਨੌਕਰੀ ਦੇ ਪੇਸ਼ਕਸ਼ ਪੱਤਰ ਅਤੇ ਜਾਅਲੀ ਦਸਤਾਵੇਜ਼ ਬਣਾ ਕੇ ਕਈ ਲੋਕਾਂ ਤੋਂ ਪੈਸੇ ਹੜੱਪ ਲਏ ਹਨ। ਮਨੀਤ ਇਮੀਗ੍ਰੇਸ਼ਨ ਦਾ ਕੰਮ ਖੁਦ ਕਰਦੀ ਸੀ, ਪਰ ਨਾ ਤਾਂ ਉਹ ਰਜਿਸਟਰਡ ਇਮੀਗ੍ਰੇਸ਼ਨ ਸਲਾਹਕਾਰ ਹੈ ਅਤੇ ਨਾ ਹੀ ਵਕੀਲ ਹੈ। ਦਸੰਬਰ 2019 ਵਿਚ, ਕੈਨੇਡੀਅਨ ਪੁਲਿਸ ਨੇ ਇੱਕ ਸਰਚ ਵਾਰੰਟ ਪ੍ਰਾਪਤ ਕੀਤਾ ਅਤੇ ਮਨੀਤ ਦੇ ਦਫਤਰ ਦੀ ਤਲਾਸ਼ੀ ਲਈ, ਜਿਸ ਵਿਚ ਇਮੀਗ੍ਰੇਸ਼ਨ ਅਤੇ ਗਾਹਕ ਦੀ ਜਾਣਕਾਰੀ ਨਾਲ ਸਬੰਧਤ ਕਈ ਜਾਅਲੀ ਦਸਤਾਵੇਜ਼ ਮਿਲੇ।

ਸਫਾ 1 ਦਾ ਬਾਕੀ

### ਮਸ਼ਹੂਰ ਬਿਊਟੀ ਕੁਈਨ ਦਾ ਗੋਲੀਆਂ ਮਾਰ ਕੇ ਕਤਲ...

’ਚ ਸੋਗ ਦੇ ਬੱਦਲ ਛਾ ਗਏ।

ਨਿਊਯਾਰਕ ਪੋਸਟ ਦੀ ਰਿਪੋਰਟ ਮੁਤਾਬਕ ਇਕਵਾਡੋਰ ਦੀ ਸੁੰਦਰਤਾ ਲੈਂਡੀ ਪੈਰਾਗਾ ਗੋਇਬਰੋ ਦਾ ਬਦਨਾਮ ਗੈਂਗ ਦੇ ਗੁਰਗੇ ਨਾਲ ਅਫੇਅਰ ਸੀ। ਇਹ ਖੌਫਨਾਕ ਘਟਨਾ ਸੀ.ਸੀ.ਟੀ.ਵੀ. ਫੁਟੇਜ ਵਿਚ ਕੈਦ ਹੋ ਗਈ ਹੈ। ਫੁਟੇਜ ’ਚ ਦਿਖ ਰਿਹਾ ਹੈ ਕਿ ਦੋ ਬੰਦੂਕਧਾਰੀ ਰੈਸਟੋਰੈਂਟ ’ਚ ਪਹੁੰਚੇ ਅਤੇ ਉਥੇ ਮੌਜੂਦ ਲੈਂਡੀ ਦੇ ਨਾਲ-ਨਾਲ ਇਕ ਵਿਅਕਤੀ ਨੂੰ ਵੀ ਗੋਲੀ ਮਾਰ ਦਿੱਤੀ। ਇੱਕ ਬੰਦੂਕਧਾਰੀ ਨੇ ਗੋਲੀ ਚਲਾ ਦਿਤੀ, ਜਦੋਂ ਕਿ ਦੂਜੇ ਨੇ ਦਰਵਾਜ਼ੇ ’ਤੇ ਖੜ੍ਹੇ ਹੋ ਕੇ ਪਹਿਰਾ ਦਿੱਤਾ। ਫਾਇਰਿੰਗ ਕਰਨ ਤੋਂ ਬਾਅਦ ਦੋਵੇਂ ਉਥੋਂ ਫਰਾਰ ਹੋ ਗਏ। ਰਿਪੋਰਟ ਮੁਤਾਬਕ ਸਥਾਨਕ ਮੀਡੀਆ ਆਊਟਲੇਟ ਇਕਵਾਵਿਸਾ ਨੇ ਦੱਸਿਆ ਕਿ ਲੈਂਡੀ ਪੈਰਾਗਾ ਗੋਇਬੁਰੋ ਇਕ ਦਿਨ ਪਹਿਲਾਂ ਇਕ ਵਿਆਹ ਵਿਚ ਸ਼ਾਮਲ ਹੋਣ ਲਈ ਆਈ ਸੀ। ਅਗਲੇ ਦਿਨ ਉਸ ਨੂੰ ਗੋਲੀ ਮਾਰ ਦਿੱਤੀ ਗਈ। ਇਸ ਹਮਲੇ ਦੇ ਪਿੱਛੇ ਕੀ ਮਕਸਦ ਸੀ, ਇਸ ਦਾ ਅਜੇ ਤੱਕ ਖੁਲਾਸਾ ਨਹੀਂ ਹੋਇਆ ਹੈ। ਫਿਲਹਾਲ ਪੁਲਿਸ ਨੇ ਦੋਸ਼ੀਆਂ ਦੀ ਪਛਾਣ ਕਰਨ ਅਤੇ ਗ੍ਰਿਫਤਾਰ ਕਰਨ ਲਈ ਜਾਂਚ ਸ਼ੁਰੂ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ 23 ਸਾਲ ਦੀ ਛੋਟੀ ਉਮਰ ’ਚ ਲੈਂਡੀ ਪੈਰਾਗਾ ਗੋਇਬੁਰੋ ਸਾਬਕਾ ਬਿਊਟੀ ਕਵੀਨ ਦੇ ਰੂਪ ’ਚ ਚਰਚਾ ’ਚ ਆਈ ਸੀ। ਸੋਸ਼ਲ ਮੀਡੀਆ ’ਤੇ ਉਨ੍ਹਾਂ ਦੇ 10 ਲੱਖ ਤੋਂ ਵੱਧ ਫਾਲੋਅਰਜ਼ ਸਨ। ਇਸ ਤੋਂ ਇਲਾਵਾ ਲੈਂਡੀ ਨੇ ਆਪਣੀ ਸਪੋਰਟਸਵੇਅਰ ਲਾਈਨ ਵੀ ਚਲਾਈ ਸੀ। ਉਨ੍ਹਾਂ ਦੇ ਅਚਾਨਕ ਦਿਹਾਂਤ ਨਾਲ ਉਨ੍ਹਾਂ ਦੇ ਪ੍ਰਸ਼ੰਸਕਾਂ ਨੂੰ ਵੱਡਾ ਸਦਮਾ ਲੱਗਾ ਹੈ। ਫਿਲਹਾਲ ਪੁਲਿਸ ਇਸ ਹਮਲੇ ਪਿੱਛੇ ਬਦਨਾਮ ਗਿਰੋਹ ਅਤੇ ਇਸ ਦੇ ਆਗੂ ਦੀ ਜਾਂਚ ਵਿਚ ਜੁਟੀ ਹੋਈ ਹੈ

ਸਫਾ 1 ਦਾ ਬਾਕੀ

### ਪੰਜਾਬ ਦੇ 13 ਲੋਕ ਸਭਾ ਹਲਕਿਆਂ ’ਚ ਕੁੱਲ 2.14 ਕਰੋੜ ਵੋਟਰ: ਸਿਬਿਨ ਸੀ...

ਨਿਪਟਾਰਾ 14 ਮਈ ਤੱਕ ਕੀਤਾ ਜਾਣ ਹੈ, ਇਸ ਲਈ ਕੁੱਲ ਵੋਟਰਾਂ ਦੀ ਅੰਤਿਮ ਪ੍ਰਕਾਸ਼ਨਾ ਇਸ ਮਿਤੀ ਤੋਂ ਬਾਅਦ ਸਾਹਮਣੇ ਆਵੇਗੀ।

ਮੁੱਖ ਚੋਣ ਅਧਿਕਾਰੀ ਨੇ ਦੱਸਿਆ ਕਿ 5 ਲੱਖ 28 ਹਜ਼ਾਰ 864 ਵੋਟਰ 18-19 ਸਾਲ ਗਰੁੱਪ ਨਾਲ ਸਬੰਧ ਰੱਖਦੇ ਹਨ, ਜੋ ਕਿ ਪਹਿਲੀ ਵਾਰ ਵੋਟ ਪਾਉਣਗੇ। ਇਨ੍ਹਾਂ ਵਿਚ 3 ਲੱਖ 16 ਹਜ਼ਾਰ 670 ਮੁੰਡੇ, 2 ਲੱਖ 12 ਹਜ਼ਾਰ 178 ਕੁੜੀਆਂ ਅਤੇ 16 ਹੋਰ ਵੋਟਰ ਹਨ। ਇਸੇ ਤਰ੍ਹਾਂ 1 ਲੱਖ 89 ਹਜ਼ਾਰ 832 ਵੋਟਰ 85 ਸਾਲ ਤੋਂ ਜ਼ਿਆਦਾ ਉਮਰ ਦੇ ਹਨ, ਜਿਨ੍ਹਾਂ ਵਿਚ 88,169 ਮਰਦ, 1,01,661 ਮਹਿਲਾਵਾਂ ਅਤੇ 2 ਹੋਰ ਵੋਟਰ ਹਨ।

ਸਿਬਿਨ ਸੀ ਨੇ ਦੱਸਿਆ ਕਿ 13 ਲੋਕ ਸਭਾ ਸੀਟਾਂ ਲਈ ਕੁੱਲ 24,451 ਪੋਲਿੰਗ ਸਟੇਸ਼ਨ ਹੋਣਗੇ, ਜਿਨ੍ਹਾਂ ਵਿਚੋਂ 16,517 ਪਿੰਡਾਂ ਵਿਚ ਅਤੇ 7,934 ਸ਼ਹਿਰਾਂ ਵਿਚ ਬਣਾਏ ਗਏ ਹਨ। ਪੰਜਾਬ ਵਿਚ 100 ਫੀਸਦੀ ਫੋਟੋ ਪਹਿਚਾਣ ਪੱਤਰ ਬਣਾਏ ਗਏ ਹਨ। ਉਨ੍ਹਾਂ ਕਿਹਾ ਕਿ ਪੋਲਿੰਗ ਬੂਥਾਂ ’ਤੇ ਵੋਟਰਾਂ ਦੀ ਸਹੂਲਤ ਲਈ ਸਾਰੇ ਬੰਦੋਬਸਤ ਕਰਨ ਲਈ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਧਿਕਾਰੀਆਂ ਨੂੰ ਪਹਿਲਾਂ ਹੀ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ। ਉਨ੍ਹਾਂ ਅਪੀਲ ਕੀਤੀ ਕਿ ‘ਇਸ ਵਾਰ 70 ਪਾਰ’ ਦੇ ਟੀਚੇ ਦੀ ਪੂਰਤੀ ਲਈ ਵੋਟਰ ਵੱਧ-ਚੜ੍ਹ ਕੇ ਵੋਟਾਂ ਪਾਉਣ।

**ਕਿਸ ਲੋਕ ਸਭਾ ਹਲਕੇ ਵਿਚ ਕਿੰਨੇ ਵੋਟਰ:** ਲੋਕ ਸਭਾ ਹਲਕਾ ਗੁਰਦਾਸਪੁਰ ਵਿਚ ਕੁੱਲ 16 ਲੱਖ 3 ਹਜ਼ਾਰ 628 ਵੋਟਰ ਹਨ, ਜਿਨ੍ਹਾਂ ਵਿਚ 8 ਲੱਖ, 48 ਹਜ਼ਾਰ, 196 ਮਰਦ ਵੋਟਰ, 7 ਲੱਖ 55 ਹਜ਼ਾਰ 396 ਮਹਿਲਾ ਵੋਟਰ ਅਤੇ 36 ਟਰਾਂਸਜੈਂਡਰ ਵੋਟਰ ਹਨ। ਅੰਮ੍ਰਿਤਸਰ ਵਿਚ 16 ਲੱਖ 8 ਹਜ਼ਾਰ 391 ਕੁੱਲ ਵੋਟਰ ਹਨ, ਜਿਨ੍ਹਾਂ ਵਿਚ 8 ਲੱਖ 43 ਹਜ਼ਾਰ 985 ਮਰਦ ਵੋਟਰ, 7 ਲੱਖ 64 ਹਜ਼ਾਰ 343 ਮਹਿਲਾ ਵੋਟਰ ਅਤੇ 63 ਟਰਾਂਸਜੈਂਡਰ ਵੋਟਰ ਹਨ।

ਖਡੂਰ ਸਾਹਿਬ ਵਿਚ 16 ਲੱਖ 64 ਹਜ਼ਾਰ 199 ਕੁੱਲ ਵੋਟਰ ਹਨ, ਜਿਨ੍ਹਾਂ ਵਿਚ 8 ਲੱਖ 74 ਹਜ਼ਾਰ 470 ਮਰਦ ਵੋਟਰ, 7 ਲੱਖ 89 ਹਜ਼ਾਰ 662 ਮਹਿਲਾ ਵੋਟਰ ਅਤੇ 67 ਟਰਾਂਸਜੈਂਡਰ ਵੋਟਰ ਹਨ। ਜਲੰਧਰ ਵਿਚ 16 ਲੱਖ 50 ਹਜ਼ਾਰ 849 ਕੁੱਲ ਵੋਟਰ ਹਨ, ਜਿਨ੍ਹਾਂ ਵਿਚ 8 ਲੱਖ 58 ਹਜ਼ਾਰ 239 ਮਰਦ ਵੋਟਰ, 7 ਲੱਖ 92 ਹਜ਼ਾਰ 566 ਮਹਿਲਾ ਵੋਟਰ ਅਤੇ 44 ਟਰਾਂਸਜੈਂਡਰ ਵੋਟਰ ਹਨ।

ਇਸੇ ਤਰ੍ਹਾਂ ਹੁਸ਼ਿਆਰਪੁਰ ਵਿਚ 16 ਲੱਖ 43 ਕੁੱਲ ਵੋਟਰ ਹਨ, ਜਿਨ੍ਹਾਂ ਵਿਚ 8 ਲੱਖ 30 ਹਜ਼ਾਰ 54 ਮਰਦ ਵੋਟਰ, 7 ਲੱਖ 69 ਹਜ਼ਾਰ 946 ਮਹਿਲਾ ਵੋਟਰ ਹਨ ਅਤੇ 43 ਟਰਾਂਸਜੈਂਡਰ ਵੋਟਰ ਹਨ। ਅਨੰਦਪੁਰ ਸਾਹਿਬ ਵਿਖੇ 17 ਲੱਖ 27 ਹਜ਼ਾਰ 844 ਕੁੱਲ ਵੋਟਰ ਹਨ, ਜਿਨ੍ਹਾਂ ਵਿਚ 9 ਲੱਖ 1 ਹਜ਼ਾਰ 917 ਮਰਦ ਵੋਟਰ, 8 ਲੱਖ 25 ਹਜ਼ਾਰ 864 ਮਹਿਲਾ ਵੋਟਰ ਅਤੇ 63 ਟਰਾਂਸਜੈਂਡਰ ਵੋਟਰ ਹਨ।

ਲੁਧਿਆਣਾ ਵਿਖੇ 17 ਲੱਖ 54 ਹਜ਼ਾਰ 11 ਕੁੱਲ ਵੋਟਰ ਹਨ, ਜਿਨ੍ਹਾਂ ਵਿਚ 9 ਲੱਖ 34 ਹਜ਼ਾਰ 744 ਮਰਦ ਵੋਟਰ, 8 ਲੱਖ 19 ਹਜ਼ਾਰ 135 ਮਹਿਲਾ ਵੋਟਰ ਹਨ ਅਤੇ 132 ਟਰਾਂਸਜੈਂਡਰ ਵੋਟਰ ਹਨ। ਫਤਿਹਗੜ੍ਹ ਸਾਹਿਬ ਵਿਚ 15 ਲੱਖ 50 ਹਜ਼ਾਰ 734 ਕੁੱਲ ਵੋਟਰ ਹਨ, ਜਿਨ੍ਹਾਂ ਵਿਚ 8 ਲੱਖ 22 ਹਜ਼ਾਰ 493 ਮਰਦ ਵੋਟਰ, 7 ਲੱਖ 28 ਹਜ਼ਾਰ 209 ਮਹਿਲਾ ਵੋਟਰ ਅਤੇ 32 ਟਰਾਂਸਜੈਂਡਰ ਵੋਟਰ ਹਨ।

ਉੱਧਰ ਫਰੀਦਕੋਟ ਵਿਚ 15 ਲੱਖ 87 ਹਜ਼ਾਰ 461 ਕੁੱਲ ਵੋਟਰ ਹਨ, ਜਿਨ੍ਹਾਂ ਵਿਚ 8 ਲੱਖ 38 ਹਜ਼ਾਰ 605 ਮਰਦ ਵੋਟਰ, 7 ਲੱਖ 48 ਹਜ਼ਾਰ 775 ਮਹਿਲਾ ਵੋਟਰ ਅਤੇ 81 ਟਰਾਂਸਜੈਂਡਰ ਵੋਟਰ ਹਨ। ਫਿਰੋਜ਼ਪੁਰ ਵਿਚ 16 ਲੱਖ 68 ਹਜ਼ਾਰ 113 ਕੁੱਲ ਵੋਟਰ ਹਨ, ਜਿਨ੍ਹਾਂ ਵਿਚ 8 ਲੱਖ 79 ਹਜ਼ਾਰ 704 ਮਰਦ ਵੋਟਰ, 7 ਲੱਖ 88 ਹਜ਼ਾਰ 361 ਮਹਿਲਾ ਵੋਟਰ ਅਤੇ 48 ਟਰਾਂਸਜੈਂਡਰ ਵੋਟਰ ਹਨ। ਬਠਿੰਡਾ ਵਿਚ 16 ਲੱਖ 48 ਹਜ਼ਾਰ 866 ਕੁੱਲ ਵੋਟਰ ਹਨ, ਜਿਨ੍ਹਾਂ ਵਿਚ 8 ਲੱਖ 68 ਹਜ਼ਾਰ 959 ਮਰਦ ਵੋਟਰ, 7 ਲੱਖ 79 ਹਜ਼ਾਰ 873 ਮਹਿਲਾ ਵੋਟਰ ਅਤੇ 34 ਟਰਾਂਸਜੈਂਡਰ ਵੋਟਰ ਹਨ।

ਸੰਗਰੂਰ ਵਿਚ 15 ਲੱਖ 55 ਹਜ਼ਾਰ 370 ਕੁੱਲ ਵੋਟਰ ਹਨ, ਜਿਨ੍ਹਾਂ ਵਿਚ 8 ਲੱਖ 23 ਹਜ਼ਾਰ 448 ਮਰਦ ਵੋਟਰ, 7 ਲੱਖ 31 ਹਜ਼ਾਰ 876 ਮਹਿਲਾ ਵੋਟਰ ਅਤੇ 46 ਟਰਾਂਸਜੈਂਡਰ ਵੋਟਰ ਹਨ। ਪਟਿਆਲਾ ਵਿਚ ਕੁੱਲ 18 ਲੱਖ 2 ਹਜ਼ਾਰ 46 ਵੋਟਰ ਹਨ, ਜਿਨ੍ਹਾਂ ਵਿਚ 9 ਲੱਖ 42 ਹਜ਼ਾਰ 205 ਮਰਦ ਵੋਟਰ, 8 ਲੱਖ 59 ਹਜ਼ਾਰ 761 ਮਹਿਲਾ ਵੋਟਰ ਅਤੇ 80 ਟਰਾਂਸਜੈਂਡਰ ਵੋਟਰ ਹਨ।

# ਨਰਪਾਲ ਸਿੰਘ ਸ਼ੇਰਗਿੱਲ ਦਾ 'ਸਿੱਖ ਸੰਸਾਰ-2024' ਦੁਨੀਆ ਦੀ ਪਰਿਕਰਮਾ






-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)


ਨਰਪਾਲ ਸਿੰਘ ਸ਼ੇਰਗਿੱਲ ਪਿਛਲੇ 58 ਸਾਲਾਂ ਤੋਂ ਸਿੱਖ ਵਿਚਾਰਧਾਰਾ 'ਤੇ ਪਹਿਰਾ ਦਿੰਦਾ ਹੋਇਆ ਲਗਾਤਾਰ ਸੰਸਾਰ ਦੇ ਗੁਰਦੁਆਰਾ ਸਾਹਿਬਾਨ ਦੀ ਪਰਿਕਰਮਾ ਕਰਦਾ ਆ ਰਿਹਾ ਹੈ। ਉਹ ਸਿੱਖ ਜਗਤ ਦੀ ਸੋਚ ਦਾ ਮੁੱਦਈ ਬਣਕੇ ਸਮੁੱਚੇ ਸੰਸਾਰ ਵਿਚ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਯਤਨਸ਼ੀਲ ਹੈ। ਜਿਸ ਦੇਸ਼ ਵਿਚ ਵੀ ਪੰਜਾਬੀ/ਸਿੱਖ ਵਸ ਰਹੇ ਹਨ, ਨਰਪਾਲ ਸਿੰਘ ਸ਼ੇਰਗਿੱਲ ਸਿੱਖ ਧਰਮ ਦਾ ਪੈਰੋਕਾਰ ਹੋਣ ਕਰਕੇ ਉਥੇ ਪਹੁੰਚਕੇ ਪੰਜਾਬੀਆਂ/ਸਿੱਖਾਂ ਨੂੰ ਭਵਿਖ ਵਿਚ ਆਉਣ ਵਾਲੀਆਂ ਸਮੱਸਿਆਵਾਂ ਅਤੇ ਪ੍ਰਸਥਿਤੀਆਂ ਬਾਰੇ ਸੁਚੇਤ ਰਹਿਣ ਲਈ ਆਗਾਹ ਕਰਦਾ ਹੈ। ਸਿੱਖ ਹਿੱਤਾਂ ਦਾ ਪਹਿਰੇਦਾਰ ਹੋਣ ਕਰਕੇ ਹਮੇਸ਼ਾ ਸਿੱਖੀ ਵਿਚਾਰਧਾਰਾ ਨੂੰ ਸੰਸਾਰ ਵਿਚ ਵਸਦੇ ਇਕੱਲੇ ਸਿੱਖ ਜਗਤ ਨੂੰ ਹੀ ਨਹੀਂ, ਸਗੋਂ ਸੰਸਾਰ ਦੇ ਹਰ ਵਿਅਕਤੀ ਨੂੰ ਭਾਵੇਂ ਉਹ ਕਿਸੇ ਵੀ ਸਮੁਦਾਇ ਨਾਲ ਸੰਬੰਧਤ ਹੋਵੇ, ਉਸਨੂੰ ਸਿੱਖ ਵਿਚਾਰਧਾਰਾ ਨਾਲ ਜੋੜਨ ਲਈ ਤੱਤਪਰ ਰਹਿੰਦਾ ਹੈ। ਸਿੱਖ ਸੰਕਲਪ ਦੀ ਪਹਿਰੇਦਾਰੀ ਦੀਆਂ ਯੋਜਨਾਵਾਂ ਉਸ ਦੇ ਮਨ ਦੇ ਚਿਤਰਪੱਟ ਵਿਚ ਉਸਲਵੱਟੇ ਲੈਂਦੀਆਂ ਰਹਿੰਦੀਆਂ ਹਨ। ਸਮਰੱਥ ਅਤੇ ਸੂਝਵਾਨ ਅੰਤਰਰਾਸ਼ਟਰੀ ਪੱਤਰਕਾਰ ਹੋਣ ਕਰਕੇ ਸਿੱਖੀ ਸੋਚ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਦੀਆਂ ਹਰਕਤਾਂ ਦੀ ਉਸ ਨੂੰ ਪਹਿਲਾਂ ਹੀ ਸੂਹ ਮਿਲ ਜਾਂਦੀ ਹੈ, ਜਿਸ ਕਰਕੇ ਉਹ ਹਮੇਸ਼ਾ ਅਜਿਹੀਆਂ ਸਥਿਤੀਆਂ ਨਾਲ ਨਿਪਟਣ ਲਈ ਚੇਤੰਨ ਅਤੇ ਉਦਮਸ਼ੀਲ ਰਹਿੰਦਾ ਹੈ। ਵਰਤਮਾਨ ਪ੍ਰਸਥਿਤੀਆਂ ਤੋਂ ਉਸ ਨੂੰ ਭਵਿੱਖ ਦੀਆਂ ਵੰਗਾਰਾਂ ਦੀ ਅਗਾਊਂ ਜਾਣਕਾਰੀ ਮਹਿਸੂਸ ਹੋ ਜਾਂਦੀ ਹੈ। ਫਿਰ ਉਹ ਟਿਕ ਕੇ ਨਹੀਂ ਬਹਿ ਸਕਦਾ ਤੇ ਸੰਸਾਰ ਦੀ ਪਰਿਕਰਮਾ ਕਰਨ ਲਈ ਤੱਤਪਰ ਹੋ ਜਾਂਦਾ ਹੈ। ਇਕੱਲਾ ਇਕੱਹਿਰਾ ਵਿਅਕਤੀ ਹੀ ਉਹ ਸਿੱਖੀ ਦਾ ਹੋਕਾ ਦੇਣ ਲਈ ਸਰਗਰਮ ਰਹਿੰਦਾ ਹੋਇਆ ਆਪਣਾ ਝੋਲਾ ਚੁੱਕਕੇ ਦੇਸ਼ ਵਿਦੇਸ਼ ਦੀ ਪਰਿਕਰਮਾ ਕਰਨ ਲਈ ਜਹਾਜ਼ੇ ਜਾ ਚੜ੍ਹਦਾ ਹੈ। ਉਸ ਦਾ ਪਤਾ ਹੀ ਨਹੀਂ ਲੱਗਦਾ ਕਿ ਉਹ ਕਿਹੜੇ ਦੇਸ਼ ਦੇ ਕਿਸ ਸ਼ਹਿਰ ਵਿਚ ਸਿੱਖੀ ਦੀ ਅਲਖ ਜਗਾਈ ਬੈਠਾ ਹੁੰਦਾ ਹੈ। ਸਵੇਰੇ ਬਰੇਕ ਫਾਸਟ ਕਿਤੇ, ਦੁਪਹਿਰੇ ਕਿਤੇ ਅਤੇ ਸ਼ਾਮ ਨੂੰ ਕਿਸੇ ਹੋਰ ਠਿਕਾਣੇ 'ਤੇ ਵਿਚਾਰ-ਚਰਚਾ ਕਰ ਰਿਹਾ ਹੁੰਦਾ ਹੈ। ਉਸ ਨੂੰ ਕਈ ਵਾਰ ਕਿਹਾ ਕਿ ਸਿੱਖ ਧਰਮ ਦੀ ਹੋਂਦ ਤੋਂ ਲੋਕ ਅਵੇਸਲੇ ਹੋਏ ਬੈਠੇ ਹਨ, ਆਪੋ ਆਪਣੇ ਕੰਮਾਂ ਕਾਰਾਂ ਵਿਚ ਰੁੱਝੇ ਰਹਿੰਦੇ ਹਨ, ਤੁਸੀਂ ਮਸਤ ਰਹੋ। ਅੱਗੋਂ ਉਸ ਦਾ ਜਵਾਬ ਹੁੰਦਾ ਹੈ, ਮੈਂ ਆਪਣਾ ਯੋਗਦਾ ਪਾਉਂਦਾ ਰਹਾਂਗਾ, ਅੱਗੇ ਲੋਕਾਂ ਦੀ ਮਰਜ਼ੀ ਹੈ, ਜਿਤਨੀ ਦੇਰ ਵਾਗੁਰੂ ਨੇ ਸਮਰੱਥਾ ਦਿੱਤੀ, ਉਤਨੀ ਦੇਰ ਮੈਂ ਸਿੱਖ ਧਰਮ ਦਾ ਪ੍ਰਚਾਰਕ ਬਣਕੇ ਵਿਚਰਦਾ ਰਹਾਂਗਾ।

ਉਹ ਆਪਣੇ ਕੰਮ ਦੀ ਸਿੱਖ ਸੰਸਥਾਵਾਂ ਨਾਲ ਤੁਲਨਾ ਨਹੀਂ ਕਰਦਾ ਪ੍ਰੰਤੂ ਉਸ ਦਾ ਕੰਮ ਸਿੱਖ ਸੰਸਥਾਵਾਂ ਦੇ ਅਮਲੇ ਫੈਲੇ ਨਾਲੋਂ ਕਿਤੇ ਵਧੇਰੇ ਹੈ। ਹਾਂ ਉਸ ਨੂੰ ਇਸ ਗੱਲ ਦਾ ਦੁੱਖ ਜ਼ਰੂਰ ਹੈ ਕਿ ਸਿੱਖ ਸੰਸਥਾਵਾਂ ਆਪਣੀ ਜ਼ਿੰਮੇਵਾਰੀ ਨਿਭਾਉਣ ਵਿਚ ਅਸਫਲ ਜ਼ਰੂਰ ਹੋ ਰਹੀਆਂ ਹਨ। ਸਿੱਖ ਲੀਡਰਸ਼ਿਪ ਦੀ ਆਪਣੇ ਧਰਮ ਪ੍ਰਤੀ ਵਰਤੀ ਜਾ ਰਹੀ ਲਾਪ੍ਰਵਾਹੀ ਉਸ ਨੂੰ ਚਿੰਤਾ ਵਿਚ ਡੋਬ ਦਿੰਦੀ ਹੈ। ਸਿੱਖੀ ਦੀ ਪ੍ਰਫੁਲਤਾ ਦੇ ਸੁਨਹਿਰੇ ਭਵਿੱਖ ਦੇ ਸੁਪਨੇ ਸਿਰਜਕੇ ਉਹ ਜਿਥੇ ਵੀ ਕਿਤੇ ਉਸ ਨੂੰ ਸਿੱਖੀ ਦੀ ਜੋਤ ਜਗਦੀ ਨਜ਼ਰ ਆਉਂਦੀ ਹੈ, ਉਹ ਤੁਰੰਤ ਉਥੇ ਪਹੁੰਚਕੇ ਆਪਣਾ ਯੋਗਦਾਨ ਪਾਉਣ ਦੀ ਕੋਸ਼ਿਸ਼ ਕਰਦਾ ਹੈ। ਇਸ ਲਈ ਉਹ ਪੰਜਾਬੀ/ਸਿੱਖ ਸੱਭਿਆਚਾਰ, ਵਿਰਾਸਤ ਅਤੇ ਧਰਮ ਦੀਆਂ ਧਰੋਹਰਾਂ ਦੀ ਜਾਣਕਾਰੀ ਦੇਣ ਦੀ ਕੋਸ਼ਿਸ਼ ਵਿਚ ਜੁਟਿਆ ਰਹਿੰਦਾ ਹੈ। ਉਸ ਦਾ ਮੁੱਖ ਮੰਤਵ ਸਿੱਖ ਧਰਮ ਦੀ ਵਿਚਾਰਧਾਰਾ ਦੀ ਮਹਿਕ ਨੂੰ ਸੰਸਾਰ ਵਿਚ ਫੈਲਾਉਣਾ ਹੈ। ਸਿੱਖ ਵਿਚਾਰਧਾਰਾ ਦੀ ਪ੍ਰਫੁੱਲਤਾ ਲਈ ਬਹੁਤ ਸਾਰੀਆਂ ਸਿੱਖ ਸੰਸਥਾਵਾਂ ਅਤੇ ਕੁਝ ਵਿਅਕਤੀ ਨਿੱਜੀ ਤੌਰ 'ਤੇ ਉਪਰਾਲੇ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ, ਨਰਪਾਲ ਸਿੰਘ ਸ਼ੇਰਗਿੱਲ ਉਨ੍ਹਾਂ ਵਿਚ ਮੋਢੀ ਦੇ ਰੂਪ ਵਿਚ ਸ਼ਾਮਲ ਹੈ, ਜਿਨ੍ਹਾਂ ਦੇ ਸਦਕਾ ਸਮੁੱਚੇ ਸੰਸਾਰ ਵਿਚ ਸਿੱਖੀ ਦਾ ਬੋਲਬਾਲਾ ਹੋ ਰਿਹਾ ਹੈ। ਨਰਪਾਲ ਸਿੰਘ ਸ਼ੇਰਗਿੱਲ ਦਾ ਸਿੱਖੀ ਸੋਚ ਨੂੰ ਸੰਗਠਿਤ ਰੂਪ ਵਿਚ ਉਦਮ ਕਰਕੇ ਨਿਵੇਕਲੇ ਢੰਗ ਨਾਲ ਇਤਿਹਾਸ ਦਾ ਹਿੱਸਾ ਬਣਾਉਣ ਦਾ ਉਪਰਾਲਾ ਸ਼ਲਾਘਾਯੋਗ ਹੈ। ਉਸ ਇਕੱਲੇ ਇਕੱਹਿਰੇ ਵਿਅਕਤੀ ਦਾ ਯੋਗਦਾਨ ਉਨ੍ਹਾਂ ਸੰਸਥਾਵਾਂ ਨਾਲੋਂ ਵੱਖਰਾ ਅਤੇ ਵਧੇਰੇ ਸਾਰਥਿਕ ਹੈ। ਵਰਤਮਾਨ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਦੇ ਯੁੱਗ ਵਿਚ ਨਰਪਾਲ ਸਿੰਘ ਸ਼ੇਰਗਿੱਲ ਦਾ ਪ੍ਰਿੰਟ ਮੀਡੀਆ ਰਾਹੀਂ ਯੋਗਦਾਨ ਹੋਰ ਵੀ ਮਹੱਤਵਪੂਰਨ ਬਣ ਜਾਂਦਾ ਹੈ ਕਿਉਂਕਿ ਪ੍ਰਿੰਟ ਹੋਈ ਚੀਜ਼ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀ ਹੈ। ਸਿੱਖ ਜਗਤ ਭਾਵੇਂ ਕਈ ਖੇਤਰਾਂ ਵਿਚ ਸੰਸਾਰ ਵਿਚ ਨਾਮਣਾ ਖੱਟ ਰਿਹਾ ਹੈ ਪ੍ਰੰਤੂ ਅਜੇ ਤੱਕ ਵੀ ਸਮੁੱਚੇ ਸੰਸਾਰ ਦੇ ਲੋਕਾਂ ਨੂੰ ਸਿੱਖੀ ਵਿਚਾਰਧਾਰਾ ਤੋਂ ਜਾਣੂ ਕਰਵਾਉਣ ਵਿਚ ਅਸਫਲ ਰਿਹਾ ਹੈ, ਜਿਸ ਕਰਕੇ ਸਿੱਖਾਂ ਨਾਲ ਪ੍ਰਵਾਸ ਵਿਚ ਨਸਲੀ ਵਿਤਕਰੇ ਵਰਗੀਆਂ ਘਟਨਾਵਾਂ ਹੋ ਰਹੀਆਂ ਹਨ। ਇਸ ਲਈ ਵਰਤਮਾਨ ਸਮੇਂ ਵਿਚ ਸਿੱਖ ਜਗਤ ਦੀ ਮੁੱਢਲੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਸਿੱਖ ਧਰਮ ਦੀ ਵਿਚਾਰਧਾਰਾ ਦੀਆਂ ਪ੍ਰਮੁੱਖ ਵਿਸ਼ੇਸ਼ਤਾਈਆਂ ਬਾਰੇ ਸਾਰੇ ਸੰਸਾਰ ਨੂੰ ਜਾਣੂੰ ਕਰਵਾਉਣ। ਵੈਸੇ ਤਾਂ ਨਰਪਾਲ ਸਿੰਘ ਸ਼ੇਰਗਿੱਲ ਇਸ ਪਾਸੇ ਪਿਛਲੇ 58 ਸਾਲਾਂ ਤੋਂ ਕੰਮ ਕਰ ਰਿਹਾ ਹੈ ਪ੍ਰੰਤੂ ਉਸ ਦਾ 'ਸਿੱਖ ਸੰਸਾਰ-2024' ਇਸ ਮੰਤਵ ਲਈ ਨਿਵੇਕਲਾ ਉਦਮ ਹੈ। ਉਸ ਨੇ ਆਪਣੀ ਅੰਗਰੇਜ਼ੀ ਵਿਚ ਪ੍ਰਕਾਸ਼ਤ ਕੀਤੀ ਇਸ ਪੁਸਤਕ ਵਿਚ ਸਿੱਖ ਧਰਮ ਦੀ ਸਥਾਪਨਾ ਤੋਂ ਲੈ ਕੇ ਸ੍ਰੀ ਹਰਿਮੰਦਰ ਸਾਹਿਬ, ਪੰਜਾਂ ਤਖ਼ਤਾਂ, ਦਸ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਸੰਖੇਪ ਵਿਚ ਜਾਣਕਾਰੀ ਦਿੱਤੀ ਹੈ। ਸੋਸ਼ਲ ਮੀਡੀਆ ਕਰਕੇ ਅੱਜਕੱਲ੍ਹ ਲੋਕ ਬਹੁਤੀਆਂ ਲੰਬੀਆਂ ਚੌੜੀਆਂ ਪੁਸਤਕਾਂ ਪੜ੍ਹਨ ਵਿਚ ਦਿਲਚਸਪੀ ਨਹੀਂ ਰੱਖਦੇ, ਇਸ ਲਈ ਨਰਪਾਲ ਸਿੰਘ ਸ਼ੇਰਗਿੱਲ ਨੇ 'ਸਿੱਖ ਸੰਸਾਰ-2024' ਵਿਚ ਸੰਖੇਪ ਪ੍ਰੰਤੂ ਬਹੁਤ ਹੀ ਸਾਰਥਿਕ ਜਾਣਕਾਰੀ ਮੁਹੱਈਆ ਕਰਵਾਈ ਹੈ, ਤਾਂ ਜੋ ਸੰਸਾਰ ਦੇ ਲੋਕ ਸਿੱਖ ਧਰਮ ਦੀਆਂ ਹੋਰ ਧਰਮਾਂ ਨਾਲੋਂ ਵਿਲੱਖਣਤਾਵਾਂ ਬਾਰੇ ਜਾਣੂੰ ਹੋ ਸਕਣ। "ਇੰਟਰਨੈਸ਼ਨਲ ਡਾਇਰੈਕਟਰੀ ਆਫ਼ ਗੁਰਦੁਆਰਜ਼ ਐਂਡ ਸਿੱਖ ਆਰਗਨਾਈਜੇਸ਼ਨਜ਼ 2024" ਪੁਸਤਕ ਦੇ ਦਿਲਕਸ਼ ਮੁੱਖ ਕਵਰ ਉਪਰ ਸ੍ਰੀ ਹਰਿਮੰਦਰ ਸਾਹਿਬ ਦੀ ਰੰਗਦਾਰ ਤਸਵੀਰ ਪ੍ਰਕਾਸ਼ਤ ਕੀਤੀ ਗਈ ਹੈ। ਪੁਸਤਕ ਦੀ ਵਿਸ਼ੇਸ਼ਤਾ ਇਹ ਵੀ ਹੈ ਕਿ ਇਸ ਦੀ ਕੋਈ ਭੂਮਿਕਾ ਨਹੀਂ ਲਿਖੀ ਗਈ, ਸਗੋਂ ਸਿੱਧਾ ਹੀ ਪੁਸਤਕ ਦੇ ਪਹਿਲੇ ਪੰਨੇ 'ਤੇ ਦਸ ਗੁਰੂ ਸਾਹਿਬਾਨ ਦੀਆਂ ਰੰਗਦਾਰ ਤਸਵੀਰਾਂ ਅਤੇ ਨਾਲ ਹੀ ਸਿੱਖ ਧਰਮ ਦੇ ਸ਼ੁਰੂ ਹੋਣ ਦਾ ਸਮਾਂ ਅਤੇ ਵਿਸ਼ੇਸ਼ ਜਾਣਕਾਰੀ ਦਿੱਤੀ ਗਈ ਹੈ। ਉਸ ਤੋਂ ਬਾਅਦ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਕਰਕੇ ਦਸ ਗੁਰੂ ਸਾਹਿਬਾਨ ਬਾਰੇ ਜਾਣਕਾਰੀ ਦਿੱਤੀ ਗਈ ਹੈ। ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਜਾਣਕਾਰੀ ਦੇ ਕੇ ਉਸ ਨੂੰ ਗੁਰੂ ਦੇ ਤੌਰ 'ਤੇ ਮੰਨਣ ਲਈ ਕਿਹਾ ਗਿਆ ਹੈ। ਅਗਲੇ ਭਾਗ ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਰੰਗਦਾਰ ਤਸਵੀਰ ਦੇ ਨਾਲ ਪੂਰੀ ਜਾਣਕਾਰੀ ਦਿੱਤੀ ਗਈ ਹੈ ਕਿ ਕਦੋਂ ਉਸਾਰਿਆ ਗਿਆ ਅਤੇ ਇਸ ਦੀ ਉਸਾਰੀ ਵਿਚ ਕਿਸਦਾ ਕੀ ਯੋਗਦਾਨ ਸੀ? ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤਸਾਜ਼ੀ ਦੀ ਮਹੱਤਤਾ ਬਾਰੇ ਵੀ ਦੱਸਿਆ ਗਿਆ ਹੈ। ਇਸ ਤੋਂ ਬਾਅਦ ਸਿੱਖ ਧਰਮ ਦੇ ਪੰਜਾਂ ਤਖ਼ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਰੰਗਦਾਰ ਤਸਵੀਰ, ਇਸ ਦੀ ਸਥਾਪਨਾ ਦਾ ਮੰਤਵ ਅਤੇ ਭਗਤੀ ਤੇ ਸ਼ਕਤੀ ਦੇ ਸਿੰਬਲ ਦੇ ਤੌਰ 'ਤੇ ਦਰਸਾਇਆ ਗਿਆ ਹੈ, ਤਖ਼ਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ ਬਠਿੰਡਾ), ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਸ੍ਰੀ ਆਨੰਦਪੁਰ ਸਾਹਿਬ), ਤਖ਼ਤ ਸ੍ਰੀ ਹਰਿਮੰਦਰ ਹੀ (ਸ੍ਰੀ ਪਟਨਾ ਸਾਹਿਬ) ਅਤੇ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਹ ਪੁਸਤਕ ਅੰਗਰੇਜ਼ੀ ਵਿਚ ਇਸ ਕਰਕੇ ਪ੍ਰਕਾਸ਼ਤ ਕਰਵਾਈ ਹੈ, ਤਾਂ ਸੰਸਾਰ ਵਿਚ ਲੋਕਾਂ ਨੂੰ ਸਿੱਖ ਧਰਮ ਬਾਰੇ ਜਾਣਕਾਰੀ ਦਿੱਤੀ ਜਾ ਸਕੇ। ਪੁਸਤਕ ਦਾ ਨਾਮ ਅੰਗਰੇਜ਼ੀ ਵਿਚ 'ਇੰਟਰਨੈਸ਼ਨਲ ਡਾਇਰੈਕਟਰੀ ਆਫ਼ ਗੁਰਦਵਾਰਾਜ਼ ਐਂਡ ਸਿੱਖ ਆਰਗੇਨਾਈਜ਼ੇਸ਼ਨਜ਼ 2024' ਰੱਖਿਆ ਗਿਆ ਹੈ। ਇਸ ਪੁਸਤਕ ਨੂੰ ਨਰਪਾਲ ਸਿੰਘ ਸ਼ੇਰਗਿੱਲ 'ਸਿੱਖ ਸੰਸਾਰ-2024' ਇਸ ਲਈ ਕਹਿੰਦਾ ਹੈ ਕਿਉਂਕਿ ਇਸ ਪੁਸਤਕ ਵਿਚ ਸਿੱਖ ਧਰੋਹਰਾਂ ਅਤੇ ਸੰਸਾਰ ਦੇ ਮਹੱਤਵਪੂਰਨ ਗੁਰੂ ਘਰਾਂ ਦੀ ਜਾਣਕਾਰੀ ਦਿੱਤੀ ਗਈ ਹੈ। ਸੰਸਾਰ ਦੇ 43 ਦੇਸ਼ਾਂ ਅਤੇ ਭਾਰਤ ਦੇ 2238 ਮਹੱਤਵ ਪੂਰਨ ਗੁਰਦੁਆਰਾ ਸਾਹਿਬਾਨ ਦੇ ਅਲਫਾਬੈਟਿਕਲੀ ਨਾਮ, ਪਤੇ, ਟੈਲੀਫ਼ੋਨ ਅਤੇ ਈ.ਮੇਲ ਐਡਰੈੱਸ ਦਿੱਤੇ ਗਏ ਹਨ। ਇਨ੍ਹਾਂ ਵਿਚ 580 ਗੁਰਦੁਆਰਾ ਸਾਹਿਬ ਸੰਸਾਰ ਦੇ 43 ਦੇਸ਼ਾਂ, ਭਾਰਤ ਦੇ ਪੰਜਾਬ ਨੂੰ ਛੱਡ ਕੇ ਬਾਕੀ ਸੂਬਿਆਂ ਵਿਚ 1378 ਗੁਰੂ ਘਰ ਸਥਾਪਤ ਹਨ। ਪੰਜਾਬ ਤੇ ਚੰਡੀਗੜ੍ਹ ਦੇ 290 ਗੁਰੂ ਘਰਾਂ ਦੇ ਬਾਰੇ ਵੀ ਦੱਸਿਆ ਗਿਆ ਹੈ। ਪੰਜਾਬ ਦੇ ਬਾਕੀ ਗੁਰੂ ਘਰਾਂ ਬਾਰੇ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ। ਨਰਪਾਲ ਸਿੰਘ ਸ਼ੇਰਗਿੱਲ ਨੇ 'ਸਿੱਖ ਸੰਸਾਰ-2024' ਇੱਕ ਅਜਿਹਾ ਦਸਤਾਵੇਜ਼ ਬਣਾ ਦਿੱਤਾ ਹੈ, ਜਿਸ ਤੋਂ ਸੰਸਾਰ ਦੇ ਗੁਰੂ ਘਰਾਂ ਦੀ ਸੰਪੂਰਨ ਜਾਣਕਾਰੀ ਉਪਲਭਧ ਹੋਵੇਗੀ। ਵਾਹਿਗੁਰੂ ਉਸ ਨੂੰ ਲੰਬੀ ਤੇ ਸਿਹਤਮੰਦ ਉਮਰ ਬਖ਼ਸ਼ੇ, ਤਾਂ ਜੋ ਉਹ ਸਿੱਖ ਵਿਚਾਰਧਾਰਾ ਨੂੰ ਸਮੁੱਚੇ ਸੰਸਾਰ ਵਿਚ ਪਹੁੰਚਾਉਣ ਦੇ ਕਾਰਜ ਵਿਚ ਸਫਲਤਾ ਪ੍ਰਾਪਤ ਕਰ ਸਕੇ।


ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ



Dr. Bindra Clinic

Dental Care & Hair Transplant
COSMETIC - IMPLANT - RESTORATIVE



ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।



Dr. Simranpal Singh Bindra
M.D.S, Endodontist

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in



Dr. Samarpan Kaur
B.D.S, M.H.M



Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਤੱਪਦੀ ਧਰਤੀ ਦੀ ਕੁੱਖ ਦਾ ਦੁਖਾਂਤ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)



ਇਸ ਵਰ੍ਹੇ ਗਰਮੀ ਨਵੇਂ ਰਿਕਾਰਡ ਬਣਾ ਰਹੀ ਹੈ, ਪੁਰਾਣੇ ਸੱਭੋ ਰਿਕਾਰਡ ਤੋੜ ਰਹੀ ਹੈ। ਦੁਨੀਆਂ ਦੇ ਕਈ ਹਿੱਸੇ ਬੇਮਿਸਾਲ ਗਰਮੀ ਦੀ ਲਪੇਟ ਵਿਚ ਹਨ। ਕਈ ਉਨ੍ਹਾਂ ਦੇਸ਼ਾਂ ਵਿਚ, ਜਿੱਥੇ ਤਾਪਮਾਨ 20 ਡਿਗਰੀ ਸੈਲਸੀਅਮ ਤੋਂ ਵੱਧ ਨਹੀਂ ਸੀ ਹੁੰਦਾ, ਉਥੇ ਇਹ ਤਾਪਮਾਨ 45 ਡਿਗਰੀ ਸੈਲਸੀਅਸ ਤੱਕ ਪੁੱਜ ਜਾਣਾ ਕਿਸੇ ਦੁਖਾਂਤ ਤੋਂ ਘੱਟ ਨਹੀਂ ਹੈ। ਇਥੋਂ ਤੱਕ ਕਿ ਮਹਾਂਸਾਗਰਾਂ ਦਾ ਤਾਪਮਾਨ ਵੀ ਪਹਿਲਾਂ ਕਦੇ ਵੀ ਇੰਨਾ ਨਹੀਂ ਵੇਖਿਆ ਗਿਆ, ਜਿੰਨਾ ਅੱਜ ਵੇਖਣ ਨੂੰ ਮਿਲ ਰਿਹਾ ਹੈ। ਇਹ ਤੇਜ਼ ਸਮੁੰਦਰੀ ਤੂਫ਼ਾਨ ਦਾ ਸੂਚਕ ਹੈ।

ਗਰਮੀ ਦਾ ਇਹ ਪ੍ਰਕੋਪ ਦੱਖਣੀ ਗੋਲਾਕਾਰ, ਜਿਥੇ ਗਰਮੀ ਹੁੰਦੀ ਹੈ ਅਤੇ ਉੱਤਰੀ ਗੋਲਾਕਾਰ, ਜਿਥੇ ਸਰਦੀ ਹੁੰਦੀ ਹੈ, ਦੋਵਾਂ ਥਾਵਾਂ 'ਤੇ ਹੈ। ਛਪੀਆਂ ਰਿਪੋਰਟਾਂ ਅਨੁਸਾਰ ਜਾਪਾਨ, ਕੀਨੀਆ, ਨਾਈਜੀਰੀਆ, ਬਰਾਜ਼ੀਲ, ਥਾਈਲੈਂਡ, ਆਸਟਰੇਲੀਆ ਅਤੇ ਸਪੇਨ ਵਿਚ ਪਿਛਲੇ ਕੁਝ ਹਫ਼ਤੇ ਵੱਧ ਤਾਪਮਾਨ ਰਿਕਾਰਡ ਕੀਤਾ ਗਿਆ। ਐੱਨ.ਓ.ਏ.ਏ. ਦਾ ਅਨੁਮਾਨ ਇਹ ਵੀ ਹੈ ਕਿ ਸਾਲ 2024 ਵਿਚ 22 ਫ਼ੀਸਦੀ ਸੰਭਾਵਨਾ ਹੈ ਕਿ ਇਹ ਸਾਲ ਸਭ ਤੋਂ ਗਰਮ ਸਾਲ ਹੋਏਗਾ।

ਇੰਨਟਰ ਗਵਰਨਮੈਂਟਲ ਪੈਨਲ ਔਨ ਕਲਾਈਮੇਟ ਚੇਂਜ (ਆਈ.ਪੀ.ਸੀ.ਸੀ.) ਦੀ ਛੇਵੀਂ ਮੁਲਾਂਕਣ ਰਿਪੋਰਟ ਦੱਸਦੀ ਹੈ ਕਿ ਦੁਨੀਆਂ ਪਹਿਲੇ ਮੁਲਾਂਕਣ ਦੇ ਹਿਸਾਬ ਨਾਲ 2030 ਤੱਕ 1.5 ਡਿਗਰੀ ਸੈਲਸੀਅਸ ਤੋਂ ਵੱਧ ਗਰਮ ਹੋ ਸਕਦੀ ਹੈ। ਇਸ ਸਥਿਤੀ ਵਿਚ ਆਉਣ ਵਾਲੇ ਸਮੇਂ 'ਚ ਭਾਰਤ ਨੂੰ ਨਾ ਸਿਰਫ਼ ਤੇਜ਼ ਗਰਮੀ, ਭਾਰੀ ਮੀਂਹ ਅਤੇ ਅਨਿਸ਼ਚਿਤ ਮਾਨਸੂਨ ਦੇ ਨਾਲ-ਨਾਲ ਮੌਸਮ ਸੰਬੰਧੀ ਹੋਰ ਆਫ਼ਤਾਂ ਦਾ ਸਾਹਮਣਾ ਕਰਨਾ ਪਵੇਗਾ। ਭਾਰਤ ਵਿਚ ਪਹਿਲਾਂ ਹੀ ਚੱਕਰਵਾਤ ਤੂਫ਼ਾਨ, ਹੜ੍ਹਾਂ, ਸੋਕੇ, ਲੂ ਆਦਿ 'ਚ ਵੱਡਾ ਵਾਧਾ ਵੇਖਣ ਨੂੰ ਮਿਲ ਰਿਹਾ ਹੈ।

ਪੌਣ-ਪਾਣੀ ਬਦਲੀ ਦੇ ਕਾਰਨ ਧਰਤੀ ਦਾ ਗਰਮ ਹੋਣਾ ਪੂਰੇ ਵਿਸ਼ਵ ਵਿਚ ਜਾਂ ਪੂਰੇ ਸਾਲ ਵਿਚ ਇਕੋ ਜਿਹਾ ਨਹੀਂ ਹੈ। ਧਰੁਵੀ ਖੇਤਰ ਦੂਜੇ ਵਿਸ਼ਵ ਦੇ ਮੁਕਾਬਲੇ ਚਾਰ ਗੁਣਾ ਤੇਜ਼ੀ ਨਾਲ ਗਰਮ ਹੋ ਰਹੇ ਹਨ। ਦੱਖਣ ਵਿਚ ਧਰਤੀ ਦੇ ਮੁਕਾਬਲੇ ਮਹਾਂਸਾਗਰ ਜ਼ਿਆਦਾ ਹੈ। ਮਹਾਂਸਾਗਰ ਗਰਮੀ ਨੂੰ ਸੋਕਦੇ ਹਨ ਅਤੇ ਤਾਪਮਾਨ ਦੇ ਉਤਰਾਅ-ਚੜ੍ਹਾਅ ਦੇ ਵਿਰੋਧ 'ਚ 'ਬਫ਼ਰ' ਦੇ ਰੂਪ 'ਚ ਕੰਮ ਕਰਦੇ ਹਨ। ਇਸ ਲਈ ਸਰਦੀਆਂ ਆਮ ਤੌਰ 'ਤੇ ਬਹੁਤ ਜ਼ਿਆਦਾ ਠੰਡੀਆਂ ਨਹੀਂ ਹੁੰਦੀਆਂ ਅਤੇ ਗਰਮੀ ਅਕਸਰ ਪ੍ਰਚੰਡ ਪੱਧਰ 'ਤੇ ਨਹੀਂ ਪੁੱਜਦੀ। ਪਰ ਪਿਛਲੇ ਸਾਲ ਵਿਚ ਦੁਨੀਆਂ ਦੇ ਮਹਾਂਸਾਗਰ ਅਸਾਧਾਰਨ ਰੂਪ ਵਿਚ ਗਰਮ ਹੋ ਗਏ ਹਨ। ਭੂਮੱਧ ਰੇਖਾ ਦੇ ਕੋਲ ਵਿਸ਼ਵ ਦੇ ਮਹਾਂਸਾਗਰ ਦਾ ਤਾਪਮਾਨ ਹਾਲੀ ਉੱਚੇ ਪੱਧਰ 'ਤੇ ਬਣਿਆ ਹੋਇਆ ਹੈ।




ਵਧਦੀ ਗਰਮੀ ਕਾਰਨ ਦੁਨੀਆਂ ਦੀਆਂ ਵੱਡੀਆਂ ਪਰਬਤ ਮਾਲਾਵਾਂ- ਇੰਡੀਜ਼, ਅਲਪਸ, ਰਾਕੀਜ਼, ਅਲਾਸਕਾ, ਹਿਮਾਲਿਆ ਪਰਬਤ ਬਰਫ਼ ਤੋਂ ਸੱਖਣੇ ਹੁੰਦੇ ਜਾ ਰਹੇ ਹਨ। ਹਮੇਸ਼ਾ ਬਰਫ਼ ਨਾਲ ਢੱਕੇ ਰਹਿਣ ਵਾਲੇ ਗਰੀਨਲੈਂਡ ਅਤੇ ਅਟਲਾਂਟਿਕਾ 150 ਤੋਂ 200 ਘਣ ਕਿਲੋਮੀਟਰ ਬਰਫ਼ ਗਰਮੀ ਦੇ ਪ੍ਰਭਾਵ ਨਾਲ ਗੁਆ ਰਹੇ ਹਨ।

ਗਰਮੀ ਦਾ ਇੱਕ ਹੋਰ ਅਸਰ ਗਲੇਸ਼ੀਅਰ ਦਾ ਪਿਘਲਣਾ ਹੈ। ਖੋਜੀਆਂ ਨੇ ਇਹ ਚਿਤਾਵਨੀ ਦਿੱਤੀ ਹੈ ਕਿ ਜੇਕਰ ਅੰਟਾਰਟਿਕਾ ਦੀ ਸਾਰੀ ਬਰਫ਼ ਪਿਘਲ ਜਾਂਦੀ ਹੈ, ਤਾਂ ਇਸ ਨਾਲ ਦੁਨੀਆਂ ਭਰ ਵਿਚ ਸਮੁੰਦਰ ਦਾ ਪੱਧਰ 60 ਮੀਟਰ ਤੋਂ ਜ਼ਿਆਦਾ ਵਧ ਸਕਦਾ ਹੈ, ਜਿਸ ਨਾਲ ਦੁਨੀਆਂ ਦੇ ਬਹੁਤ ਸਾਰੇ ਖਿੱਤੇ ਪਾਣੀ 'ਚ ਡੁੱਬਣ ਦਾ ਖ਼ਤਰਾ ਹੈ।

ਗਰਮੀ ਦੇ ਵਧਣ ਦਾ ਇੱਕ ਕਾਰਨ ਕਾਰਬਨ ਡਾਈਔਕਸਾਈਡ ਦੀ ਵੱਡੀ ਪੈਦਾਵਾਰ ਹੈ, ਜਿਹੜੀ ਸਾਡੇ ਜਲਵਾਯੂ ਨੂੰ ਪ੍ਰਭਾਵਤ ਕਰਦੀ ਹੈ। ਸਾਲ 2023 'ਚ ਕਾਰਬਨ ਡਾਈਔਕਸਾਈਡ ਦੀ ਪੈਦਾਵਾਰ ਨਵੀਆਂ ਉਚਾਈਆਂ ਛੋਹ ਗਈ ਹੈ, ਜਿਸ ਨਾਲ ਸਾਡੀਆਂ ਸਿਹਤ ਪ੍ਰਣਾਲੀਆਂ ਉਤੇ ਉਲਟ ਅਸਰ ਵੇਖਣ ਨੂੰ ਮਿਲ ਰਿਹਾ ਹੈ।

ਪੱਛਮੀ ਦੇਸ਼ ਇਸ ਸਮੱਸਿਆ ਲਈ ਵੱਡੇ ਪੱਧਰ 'ਤੇ ਜ਼ਿੰਮੇਵਾਰ ਹਨ। ਸਾਲ 1750 ਤੋਂ 2022 ਦੇ ਵਿਚਕਾਰ 1.5 ਲੱਖ ਕਰੋੜ ਮੈਟਰਿਕ ਟਨ ਕਾਰਬਨ ਡਾਈਕਔਕਸਾਈਡ ਵਾਯੂਮੰਡਲ 'ਚ ਵਧੀ ਹੈ, ਇਸ ਵਿਚ 90 ਫ਼ੀਸਦੀ ਹਿੱਸਾ ਯੂਰਪ ਅਤੇ ਉੱਤਰੀ ਅਮਰੀਕਾ ਦਾ ਰਿਹਾ ਹੈ। ਅੱਜ ਵੀ ਇੱਕ ਅਮਰੀਕੀ ਔਸਤ ਹਰ ਵਰ੍ਹੇ 14.5 ਮੀਟਰਕ ਟਨ ਕਾਰਬਨ ਡਾਈਔਕਸਾਈਡ ਪੈਦਾ ਕਰਦਾ ਹੈ, ਜਦਕਿ ਇੱਕ ਭਾਰਤੀ ਔਸਤ 2.9 ਮੀਟਰ ਟਨ।

'ਅੰਤਰਰਾਸ਼ਟਰੀ ਊਰਜਾ ਏਜੰਸੀ' ਵਲੋਂ ਕੀਤਾ ਇੱਕ ਵਿਸ਼ਲੇਸ਼ਣ ਸਾਹਮਣੇ ਆਇਆ ਹੈ, ਜਿਸ ਅਨੁਸਾਰ 2023 ਵਿਚ ਊਰਜਾ ਦੇ ਨਾਲ ਸੰਬੰਧਿਤ ਪੈਦਾਵਾਰ ਵਿਚ 41 ਕਰੋੜ ਮੀਟਰਿਕ ਟਨ ਦਾ ਵਾਧਾ ਹੋਇਆ ਹੈ। ਇਹ ਲਗਭਗ ਇੱਕ ਹਜ਼ਾਰ ਤੋਂ ਜ਼ਿਆਦਾ ਨਵੇਂ ਗੈਸ ਚਾਲਿਤ ਬਿਜਲੀ ਉਪਕਰਣਾਂ ਤੋਂ ਹੋਣ ਵਾਲੇ ਸਾਲਾਨਾ ਪ੍ਰਦੂਸ਼ਣ ਦੇ ਬਰਾਬਰ ਹੈ।

ਧਰਤੀ ਉੱਤੇ ਵਧਦੀ ਗਰਮੀ ਦੇ ਭੈੜੇ ਅਸਰ ਸਾਹਮਣੇ ਆ ਰਹੇ ਹਨ। 1991-2000 ਦੇ ਮੁਕਾਬਲੇ 2013 ਤੋਂ 2022 ਵਿਚ 65 ਸਾਲ ਤੋਂ ਉਪਰ ਦੀ ਉਮਰ ਦੇ ਲੋਕਾਂ ਵਿਚ ਗਰਮੀ ਨਾਲ ਸੰਬੰਧਤ ਮੌਤਾਂ ਵਿਚ 85 ਫ਼ੀਸਦੀ ਵਾਧਾ ਹੋਇਆ ਹੈ, ਕਿਉਂਕਿ ਨਿੱਤ ਨਵੀਆਂ ਆਫ਼ਤਾਂ ਬੀਮਾਰੀਆਂ ਉਸਨੂੰ ਘੇਰ ਰਹੀਆਂ ਹਨ।

ਸਾਲ 2022 ਵਿਚ ਅਤਿ ਦੀ ਗਰਮੀ ਦੇ ਪ੍ਰਭਾਵ ਨਾਲ ਹੋਈਆਂ ਮੌਸਮੀ ਘਟਨਾਵਾਂ ਦੇ ਸਿੱਟੇ ਵਜੋਂ 264 ਅਰਬ ਡਾਲਰ ਦਾ ਨੁਕਸਾਨ ਦਾ ਅੰਦਾਜ਼ਾ ਹੈ, ਜੋ 2010-2014 ਦੇ ਮੁਕਾਬਲੇ 23 ਫ਼ੀਸਦੀ ਵਧ ਹੈ। ਵਧਦੀ ਗਰਮੀ ਨਾਲ ਮਨੁੱਖ ਨੂੰ ਆਪਣੀ ਰੋਜ਼ੀ-ਰੋਟੀ ਕਮਾਉਣ 'ਚ ਦਿੱਕਤਾਂ ਆ ਰਹੀਆਂ ਹਨ।

ਗਲੋਬਲ ਵਾਰਮਿੰਗ ਰੋਕਣ ਲਈ ਪੈਰਿਸ ਜਲਵਾਯੂ ਸਮਝੌਤੇ 'ਤੇ ਸਾਰੇ ਦੇਸ਼ਾਂ ਦੇ ਨੁਮਾਇੰਦਿਆਂ ਦੇ ਦਸਤਖ਼ਤ ਹੋਏ ਸਨ। ਇਸ ਸਮਝੌਤੇ ਅਨੁਸਾਰ ਇਹ ਟੀਚਾ ਮਿੱਥਿਆ ਗਿਆ ਸੀ ਕਿ 2030 ਤੱਕ ਵਿਸ਼ਵ ਗਰੀਨ ਹਾਊਸ ਗੈਸ ਪੈਦਾਵਾਰ 'ਚ ਕਟੌਤੀ ਕਰਨੀ ਹੈ, ਪਰ ਖ਼ਾਸ ਕਰਕੇ ਵੱਡੇ ਵਿਕਸਿਤ ਦੇਸ਼ ਇਸ ਦੀ ਉਲਟ ਦਿਸ਼ਾ 'ਚ ਅੱਗੇ ਵਧ ਰਹੇ ਹਨ।

ਸੂਰਜ ਮੰਡਲ ਵਿਚ ਧਰਤੀ ਹੀ ਇੱਕ ਇਹੋ ਜਿਹਾ ਗ੍ਰਹਿ ਹੈ, ਜਿਥੇ ਜੀਵਨ ਸੰਭਵ ਹੈ, ਲੇਕਿਨ ਅੱਜ ਇਸ ਗ੍ਰਹਿ ਦਾ ਆਪਣਾ ਜੀਵਨ ਸੰਕਟ 'ਚ ਨਜ਼ਰ ਆ ਰਿਹਾ ਹੈ। ਜਿਸ ਤਰੀਕੇ ਨਾਲ ਮਾਨਵ ਜੀਵਨ ਸ਼ੈਲੀ ਵਿਚ ਭੌਤਿਕਵਾਦ ਅਤੇ ਉਪਭੋਗਵਾਦੀ ਅਤੇ ਲਾਲਚ ਵਧਦਾ ਜਾ ਰਿਹਾ ਹੈ, ਉਸਦਾ ਸਿੱਟਾ ਇਹ ਹੈ ਕਿ ਇਹ ਗ੍ਰਹਿ ਸੰਕਟੀ ਖਾਈ 'ਚ ਡਿੱਗਦਾ ਜਾ ਰਿਹਾ ਹੈ। ਮਨੁੱਖ ਨੂੰ ਲੱਗਦਾ ਹੈ ਕਿ ਉਹ ਕੁਦਰਤੀ ਪ੍ਰਕਿਰਤੀ ਦੇ ਵਿਨਾਸ਼ ਦੀ ਸ਼ਰਤ 'ਤੇ ਆਪਣਾ ਵਿਕਾਸ ਕਰ ਲਵੇਗਾ, ਪਰ ਇਹ ਉਸਦੀ ਸਭ ਤੋਂ ਵੱਡੀ ਗਲਤੀ ਹੈ।

ਧਰਤੀ 'ਤੇ ਪਾਣੀ ਦਾ ਸੰਕਟ ਵਧ ਰਿਹਾ ਹੈ। ਪਲਾਸਟਿਕ ਦੀ ਵਰਤੋਂ ਹੱਦਾਂ-ਬੰਨ੍ਹੇ ਟੱਪ ਰਹੀ ਹੈ। ਕੱਚਰੇ ਦੇ ਪਹਾੜ ਸਾਨੂੰ ਦੰਦ ਚਿੜਾ ਰਹੇ ਹਨ। ਸੁੱਖ ਸੁਵਿਧਾਵਾਂ ਦੀਆਂ ਚੀਜ਼ਾਂ ਵਰਤਨ ਦੇ ਨਾਮ ਉਤੇ ਮਨੁੱਖ ਗੰਦਗੀ ਦੇ ਢੇਰਾਂ ਦੇ ਢੇਰ ਪੈਦਾ ਕਰ ਰਿਹਾ ਹੈ। ਸਿੱਟਾ ਥੋੜ-ਚਿਰੀ ਸੌਖ ਦੇ ਰੂਪ ਵਿਚ ਤਾਂ ਹੋ ਸਕਦਾ ਹੈ, ਪਰ ਲੰਮੇ ਸਮੇਂ ਦੇ ਸੰਕਟ ਵਿਚ ਮਨੁੱਖ ਆਪ ਫਸੀ ਜਾ ਰਿਹਾ ਹੈ।

ਸਾਡੀ ਧਰਤੀ ਸੂਰਜ ਦੀਆਂ ਕਿਰਨਾਂ ਤੋਂ ਗਰਮੀ ਪ੍ਰਾਪਤ ਕਰਦੀ ਹੈ। ਇਹ ਕਿਰਨਾਂ ਵਾਯੂਮੰਡਲ ਤੋਂ ਗੁਜ਼ਰਦਿਆਂ ਧਰਤੀ ਦੀ ਸਤਹ ਨਾਲ ਟਕਰਾਉਂਦੀਆਂ ਹਨ ਅਤੇ ਫਿਰ ਉਥੋਂ ਹੀ ਧਰਤੀ ਦਾ ਤਾਪਮਾਨ ਵਧਾ ਰਹੀਆਂ ਹਨ। ਪੈਟਰਲ, ਕੋਇਲੇ ਵਰਗੇ ਬਾਲਣ ਦੀ ਵਰਤੋਂ ਕਾਰਬਨ ਡਾਈਔਕਸਾਈਡ ਪੈਦਾ ਕਰਦੀ ਹੈ, ਉਪਰੋਂ ਜੰਗਲਾਂ ਦੀ ਕਟਾਈ ਨੇ ਇਸ ਸਮੱਸਿਆ ਨੂੰ ਹੋਰ ਵਧਾ ਦਿੱਤਾ ਹੈ। ਇੰਜ ਮਨੁੱਖੀ ਜੀਵਨ ਰੱਖਿਅਕ ਅਕਸੀਜਨ ਦੀ ਘਾਟ ਪੈਦਾ ਹੋ ਰਹੀ ਹੈ।

ਧਰਤੀ ਨਾਲ ਮਨੁੱਖ ਨੇ ਜਿਵੇਂ ਖਿਲਵਾੜ ਕਰਨਾ ਸ਼ੁਰੂ ਕੀਤਾ ਹੈ, ਉਸਦੇ ਭੈੜੇ ਸਿੱਟੇ ਨਿਕਲ ਰਹੇ ਹਨ। ਗਰਮੀ ਦੇ ਵਾਧੇ ਨਾਲ ਪੰਛੀਆਂ, ਜਾਨਵਰਾਂ ਦੀਆਂ ਕਈ ਪ੍ਰਜਾਤੀਆਂ ਨਸ਼ਟ ਹੋ ਰਹੀਆਂ ਹਨ। ਖਾਦਾਂ, ਕੀਟਨਾਸ਼ਕਾਂ ਦੀ ਵਧੇਰੇ ਵਰਤੋਂ ਨਾਲ ਧਰਤੀ ਦੀ ਕੁੱਖ ਬੰਜਰ ਹੋ ਰਹੀ ਹੈ। ਪਾਣੀ ਦਾ ਧਰਤੀ ਦੀ ਕੁੱਖ 'ਚੋਂ ਵੱਧ ਨਿਕਾਸ ਧਰਤੀ ਨੂੰ ਪ੍ਰੇਸ਼ਾਨ ਕਰ ਰਿਹਾ ਹੈ। ਉਪਰੋਂ ਮਨੁੱਖ ਦੁਆਰਾ ਪੈਦਾ ਕੀਤਾ ਗੰਦਾ ਪਾਣੀ ਧਰਤੀ ਦੀ ਦਿੱਖ ਹੀ ਨਹੀਂ ਖਰਾਬ ਕਰ ਰਿਹਾ, ਉਸਦੇ ਪੈਦਾਵਾਰੀ ਤੱਤਾਂ ਨੂੰ ਨਸ਼ਟ ਕਰ ਰਿਹਾ ਹੈ। ਧਰਤੀ ਦਾ ਉਹ ਚੱਕਰ ਜਿਹੜਾ ਉਸਨੇ ਕੁਦਰਤੀ ਤੌਰ 'ਤੇ ਆਪਣੀ ਸੁਰੱਖਿਆ ਲਈ, ਚੰਗੇ ਵਾਤਾਵਰਨ ਲਈ ਸਿਰਜਿਆ ਹੋਇਆ ਹੈ, ਉਹ ਮਨੁੱਖੀ "ਕਾਰਾਗਰੀਆਂ" ਕਾਰਨ ਦੂਸ਼ਿਤ, ਪ੍ਰਦੂਸ਼ਿਤ ਹੋ ਰਿਹਾ ਹੈ। ਕੀ ਇਹ ਧਰਤੀ ਨਾਲ ਅਨਿਆ ਨਹੀਂ ?

ਧਰਤੀ ਨਾਲ ਕੀਤੀ ਛੇੜ-ਛਾੜ ਵਧੇਰੇ ਗਰਮੀ ਦਾ ਕਾਰਨ ਬਣਦੀ ਜਾ ਰਹੀ ਹੈ, ਜਿਹੜੀ ਵਾਤਾਵਰਨ 'ਚ ਤਬਦੀਲੀ ਲਿਆ ਰਹੀ ਹੈ, ਬਿਮਾਰੀਆਂ ਦਾ ਫ਼ੈਲਾਅ ਅਤੇ ਮੌਤ ਦੀ ਦਰ ਇਸੇ ਦਾ ਸਿੱਟਾ ਹੈ।

ਮਨੁੱਖੀ ਨਸਲ ਜਿਊਂਦੇ ਰੱਖਣ ਲਈ ਕੁਦਰਤੀ ਸੋਮਿਆਂ ਦੀ ਸੁਰੱਖਿਆ ਬਹੁਤ ਜ਼ਰੂਰੀ ਹੈ। ਵਿਗਿਆਨਕ ਯੁੱਗ 'ਚ ਅੱਗੇ ਵਧਣ ਤੇ ਅਰਾਮਦਾਇਕ ਜੀਵਨ ਜੀਊਣ ਦੀ ਹੋੜ ਨੇ ਜ਼ਿੰਦਗੀ ਜੀਉਣ ਦੇ ਅਰਥ ਹੀ ਬਦਲ ਦਿੱਤੇ ਹਨ।

ਧਰਤੀ ਉਤੇ ਮਨੁੱਖ ਦਾ ਜੀਵਨ ਉਸ ਵੇਲੇ ਅਤਿਅੰਤ ਦੁੱਖਦਾਈ ਹੋ ਜਾਏਗਾ, ਜੇਕਰ ਮਨੁੱਖ ਧਰਤੀ ਦੀ ਕੁੱਖ ਜ਼ਹਿਰਾਂ ਨਾਲ ਭਰ ਦੇਵੇਗਾ। ਇਸ ਸਬੰਧੀ ਮਨੁੱਖ ਨੂੰ ਆਪ ਹੀ ਚੇਤੰਨ ਹੋਣਾ ਪਵੇਗਾ ਕਿ ਉਸਦਾ ਜੀਵਨ "ਖ਼ੁਸ਼ਹਾਲ ਧਰਤੀ" 'ਤੇ ਹੀ ਖ਼ੁਸ਼ਹਾਲ ਹੋ ਸਕਦਾ ਹੈ।

ਵਿਸ਼ਵ 'ਚ ਕਾਰਪੋਰੇਟ ਜਗਤ ਦੀ ਵਧ ਰਹੀ ਪਕੜ ਤੇ ਜਕੜ, ਧਨ ਕਮਾਉਣ ਦੀ ਹਵਸ਼, ਕੁਦਰਤ ਨਾਲ ਖਿਲਵਾੜ ਕਰ ਰਹੀ ਹੈ। ਡਿਕਟੇਟਰਾਨਾ ਸੋਚ ਦੇ ਮਾਲਕ ਹਾਕਮਾਂ ਨਾਲ ਸਾਂਝ ਭਿਆਲੀ ਕਰਕੇ ਇਹ ਲੋਕ ਮਨੁੱਖ ਨੂੰ ਆਧੁਨਿਕ ਯੁੱਗ ਦੇ ਸੁਖਮਈ ਸਾਧਨਾਂ ਦੀ ਝਲਕ ਦਿਖਾਕੇ ਆਪਣੇ ਗੁਲਾਮ ਬਣਾਉਣ 'ਤੇ ਤੁਲੇ ਹੋਏ ਹਨ ਅਤੇ ਧਰਤੀ ਉਤੇ ਕੁਦਰਤ ਦੀ ਗੋਦ ਦਾ ਅਨੰਦ ਉਸ ਤੋਂ ਖੋਹ ਲੈਣਾ ਚਾਹੁੰਦੇ ਹਨ। ਅਰਥਾਤ ਧਰਤੀ ਦੀ ਕੁੱਖ ਵਿਚ ਹੀ ਨਵੇਂ ਜੰਮਣ ਵਾਲੇ ਬੱਚੇ ਦਾ ਕਤਲ ਕਰਨ 'ਤੇ ਤੁਲੇ ਹੋਏ ਹਨ।

---

# ਕਣਕ ਦੇ ਨਾੜ ਨੂੰ ਸਾੜਨਾ ਕਿੰਨਾ ਕੁ ਜਾਇਜ਼ ?

ਪ੍ਰਮੋਦ ਧੀਰ
ਜੈਤੋ ਮੰਡੀ (ਫਰੀਦਕੋਟ)
(Punjab Mail USA)



ਪੰਜਾਬ ਵਿਚ ਇਸ ਸਮੇਂ ਹਾੜੀ ਦਾ ਸੀਜ਼ਨ ਚੱਲ ਰਿਹਾ ਹੈ। ਕਿਸਾਨ ਵੀਰ ਕਣਕ ਦੀ ਵਾਢੀ, ਦਾਣੇ ਸਾਂਭਣ ਤੇ ਖੇਤਾਂ ਨੂੰ ਅਗਲੀ ਫ਼ਸਲ ਲਈ ਤਿਆਰ ਕਰਨ ਵਿਚ ਰੁੱਝੇ ਹੋਏ ਹਨ। ਕਾਫੀ ਹੱਦ ਤੱਕ ਵਾਢੀ ਹੋ ਚੁੱਕੀ ਹੈ। ਕਿਸਾਨਾਂ ਦੀ ਬਹੁਗਿਣਤੀ ਕਣਕ ਦੀ ਕਟਾਈ ਕੰਬਾਇਨਾਂ ਰਾਹੀਂ ਕਰਦੀ ਹੈ ਅਤੇ ਕਟਾਈ ਤੋਂ ਬਾਅਦ ਤੂੜੀ ਬਣਾਉਣ ਉਪਰੰਤ ਬਚੀ ਰਹਿੰਦ-ਖੂੰਹਦ ਨੂੰ ਅੱਗ ਲਾ ਕੇ ਸਾੜਿਆ ਜਾ ਰਿਹਾ ਹੈ। ਜਿਹੜਾ ਕਿ ਨਿਹਾਇਤ ਹੀ ਗ਼ੈਰ ਜ਼ਿੰਮੇਵਾਰਾਨਾਂ ਤੇ ਨਿਰਦਈ ਵਰਤਾਰਾ ਹੈ। ਪਰ ਅੱਜਕੱਲ੍ਹ ਕਣਕ ਦੀ ਪਰਾਲੀ ਨੂੰ ਅੱਗ ਬਹੁਤ ਘੱਟ ਲਗਾਈ ਜਾ ਰਹੀ ਹੈ। ਪਰ ਕੁਝ ਕਿਸਾਨਾਂ ਵੱਲੋਂ ਬੀਤੇ ਦਿਨੀਂ ਪੰਜਾਬ, ਹਰਿਆਣਾ, ਦਿੱਲੀ ਅਤੇ ਪੂਰੇ ਉੱਤਰੀ ਭਾਰਤ ਵਿਚ ਪਰਾਲੀ ਨੂੰ ਅੱਗ ਲਗਾਉਣ ਨਾਲ ਕਿੰਨਾ ਜ਼ਿਆਦਾ ਵਾਤਾਵਰਨ ਪ੍ਰਦੂਸ਼ਿਤ ਰਿਹਾ, ਹਜ਼ਾਰਾਂ ਦਰੱਖਤ ਸਾੜ ਦਿੱਤੇ ਗਏ, ਤੇ ਆਵਾਜਾਈ ਵੀ ਕਾਫੀ ਪ੍ਰਭਾਵਿਤ ਰਹੀ, ਕਈ ਦੁਰਘਟਨਾਵਾਂ ਵਾਪਰੀਆਂ ਤੇ ਕੀਮਤੀ ਜਾਨਾਂ ਗਈਆਂ, ਹਜ਼ਾਰਾਂ ਲੋਕ ਸਾਹ, ਦਮੇ, ਖੰਘ, ਬੁਖਾਰ ਆਦਿ ਬਿਮਾਰੀਆਂ ਦੇ ਸ਼ਿਕਾਰ ਹੋਏ। ਖੇਤੀ ਤੇ ਵਾਤਾਵਰਣ ਦੇ ਹਿਤੈਸ਼ੀ ਇਸ ਰੁਝਾਨ ਤੋਂ ਖਾਸੇ ਚਿੰਤਤ ਹਨ। ਦੂਜੇ ਪਾਸੇ ਕਿਸਾਨਾਂ ਦਾ ਤਰਕ ਹੈ ਕਿ ਕੰਬਾਇਨ ਨਾਲ ਵੱਢੀ ਕਣਕ ਦੀ ਰਹਿੰਦ-ਖੂੰਹਦ ਝੋਨੇ ਲਈ ਖੇਤ ਤਿਆਰ ਕਰਨ ਵਿਚ ਅੜਿੱਕਾ ਖੜ੍ਹਾ ਕਰਦੀ ਹੈ, ਇਸ ਨੂੰ ਜ਼ਮੀਨ ਵਿਚ ਹੀ ਮਿਲਾਉਣ ਲਈ ਖਰਚਾ ਬਹੁਤ ਹੁੰਦਾ ਹੈ। ਸਰਕਾਰ ਵੀ ਇਨ੍ਹਾਂ ਨੂੰ ਕੋਈ ਮੁਆਵਜ਼ਾ ਨਹੀਂ ਦਿੰਦੀ। ਇਸੇ ਮੁਸੀਬਤ ਤੋਂ ਛੁਟਕਾਰਾ ਪਾਉਣ ਲਈ ਕਿਸਾਨ ਆਪਣੇ ਖੇਤਾਂ ਵਿਚ ਖੜ੍ਹੇ ਇਸ ਨਾੜ ਦੇ ਬੂਝਿਆਂ ਨੂੰ ਅੱਗ ਲਗਾ ਦਿੰਦੇ ਹਨ। ਜਿਸ ਨਾਲ ਪੈਦਾ ਹੋਇਆ ਧੂੰਆਂ ਜਿਥੇ ਵਾਤਾਵਰਨ ਨੂੰ ਦੂਸ਼ਿਤ ਕਰਦਾ ਹੈ, ਉਥੇ ਜਨਜੀਵਨ ਉਪਰ ਵੀ ਇਸ ਧੂੰਏ ਦਾ ਡਾਢਾ ਮਾੜਾ ਅਸਰ ਪੈਂਦਾ ਹੈ। ਸੜਕਾਂ ਦੇ ਕਿਨਾਰੇ ਖੇਤਾਂ ਦੇ ਰਾਹਾਂ ਨਾਲ ਲਗਾਈ ਅੱਗ ਤੋਂ ਪੈਦਾ ਹੋਇਆ ਸਫੈਦ ਧੂੰਆਂ ਚਾਰ-ਪੰਜ ਕਿਲੋਮੀਟਰ ਤੱਕ ਆਪਣੀ ਹੋਂਦ ਦਾ ਅਹਿਸਾਸ ਕਰਵਾਉਂਦਾ ਇਨ੍ਹਾਂ ਨੂੰ ਢੱਕੀ ਰੱਖਦਾ ਹੈ। ਇਹ ਧੂੰਆਂ ਜਿਥੇ ਹਾਦਸਿਆਂ ਨੂੰ ਸੱਦਾ ਦਿੰਦਾ ਹੈ, ਉਥੇ ਅੱਖਾਂ ਉਪਰ ਵੀ ਇਸ ਦਾ ਬਹੁਤ ਬੁਰਾ ਅਸਰ ਪੈਂਦਾ ਹੈ। ਸਾਹ ਦੀ ਬਿਮਾਰੀ ਨਾਲ ਪੀੜ੍ਹਤ ਲੋਕਾਂ ਲਈ ਇਹ ਧੂੰਆਂ ਹੋਰ ਵੀ ਮੁਸੀਬਤਾਂ ਖੜ੍ਹੀਆਂ ਕਰਦਾ ਹੈ। ਸ਼ਾਮ ਸਮੇਂ ਲਗਾਈ ਅੱਗ ਕਾਰਨ ਬਹੁਤੇ ਸਾਧਨ (ਕਾਰਾਂ, ਮੋਟਰਸਾਈਕਲ, ਬੱਸਾਂ) ਵਗੈਰਾ ਆਪਸ ਵਿਚ ਟਕਰਾ ਜਾਂਦੇ ਹਨ, ਇਨ੍ਹਾਂ ਹਾਦਸਿਆਂ ਵਿਚ ਅਕਸਰ ਰਾਹਗੀਰ ਆਪਣੀ ਜਾਨ ਤੋਂ ਵੀ ਹੱਥ ਧੋ ਬੈਠਦੇ ਹਨ। ਮਾਹਿਰਾਂ ਅਨੁਸਾਰ ਇਹ ਧੂੰਆਂ ਇਨਸਾਨ ਤੋਂ ਇਲਾਵਾ ਪਸ਼ੂਆਂ, ਪੰਛੀਆਂ ਲਈ ਵੀ ਘਾਤਕ ਹੈ।



ਖੇਤਾਂ ਵਿਚ ਕਣਕ ਦੇ ਨਾੜ ਨੂੰ ਲਗਾਈ ਅੱਗ ਅਤੇ ਸਾੜੇ ਦਰੱਖਤਾਂ ਦਾ ਦ੍ਰਿਸ਼।

ਪਰ ਹੁਣ ਬਹੁਤ ਕਿਸਾਨ ਵੀਰ ਸਿਆਣਪ ਦਿਖਾਉਂਦੇ ਹੋਏ ਅੱਗ ਲਾਉਣ ਤੋਂ ਕਾਫੀ ਪ੍ਰਹੇਜ਼ ਕਰ ਰਹੇ ਹਨ। ਪਰ ਕਈ ਥਾਵਾਂ 'ਤੇ ਹਰ ਵਾਰ ਮਨਾਹੀ ਦੇ ਬਾਵਜੂਦ ਕਿਸਾਨ ਵੀਰ ਅਜੇ ਵੀ ਖੇਤਾਂ ਵਿਚ ਨਾੜ ਸਾੜ ਰਹੇ ਹਨ। ਕਿਸਾਨਾਂ ਦੁਆਰਾ ਖੇਤਾਂ ਵਿਚ ਨਾੜ ਸਾੜਨ ਕਰਕੇ ਜਿੱਥੇ ਵਾਤਾਵਰਣ ਦੂਸ਼ਿਤ ਹੋਣ ਕਾਰਨ ਕਈ ਪ੍ਰਕਾਰ ਦੀ ਐਲਰਜ਼ੀ ਦੇ ਫੈਲਣ ਦਾ ਖ਼ਤਰਾ ਉਤਪੰਨ ਹੋ ਰਿਹਾ ਹੈ, ਉਥੇ ਹੀ ਨਿੱਕੇ ਬੱਚਿਆਂ ਨੂੰ ਭਵਿੱਖ ਵਿਚ ਦਮੇ ਦਾ ਰੋਗ ਲੱਗਣ ਦੇ ਆਸਾਰ ਵੀ ਬਣਦੇ ਜਾ ਰਹੇ ਹਨ। ਨਾੜ ਸਾੜਨ ਨਾਲ ਹੋਣ ਵਾਲੇ ਹੋਰ ਨੁਕਸਾਨ ਇਸ ਤਰ੍ਹਾਂ ਹਨ: ਜ਼ਮੀਨ ਵਿਚਲੇ ਬਹੁਤ ਸਾਰੇ ਕੀਮਤੀ ਤੱਤ ਨਸ਼ਟ ਹੁੰਦੇ ਹਨ, ਲਾਹੇਵੰਦ ਜੀਵ-ਜੰਤੂਆਂ ਤੇ ਮਾੜ੍ਹਾ ਅਸਰ ਪੈਂਦਾ ਹੈ, ਖੇਤਾਂ ਦੇ ਆਲੇ-ਦੁਆਲੇ ਖੜ੍ਹੀ ਬਨਸਪਤੀ ਦਾ ਬਹੁਤ ਨੁਕਸਾਨ ਹੁੰਦਾ ਹੈ, ਜ਼ਹਿਰੀਲੀਆਂ ਗੈਸਾਂ ਨਿਕਲਦੀਆਂ ਹਨ, ਜਿਸ ਦਾ ਮਨੁੱਖੀ ਸਿਹਤ 'ਤੇ ਬਹੁਤ ਮਾੜਾ ਅਸਰ ਪੈਂਦਾ ਹੈ, ਇਸ ਨਾਲ ਜੋ ਧੂੰਆਂ ਨਿਕਲਦਾ ਹੈ, ਉਸਦਾ ਸੜਕੀ ਆਵਾਜਾਈ 'ਤੇ ਬੁਰਾ ਪ੍ਰਭਾਵ ਪੈਂਦਾ ਹੈ। ਸਿੱਟੇ ਵਜੋਂ ਕਈ ਦੁਰਘਟਨਾਵਾਂ ਵਾਪਰਦੀਆਂ ਹਨ, ਵਾਤਾਵਰਨ ਵਿਚ ਤਾਪਮਾਨ ਦਾ ਵਾਧਾ ਹੁੰਦਾ ਹੈ।

ਸਰਕਾਰ ਵੱਲੋਂ ਕਿਸਾਨਾਂ ਨੂੰ ਯੋਗ ਮੁਆਵਜ਼ੇ ਤੇ ਸਹੂਲਤਾਂ ਦਿੱਤੀਆਂ ਜਾਣ ਤੇ ਪਰਾਲੀ ਨੂੰ ਰੀ ਸਾਈਕਲ ਕਰਨ ਲਈ ਫੈਕਟੀਆਂ ਲਗਾਈਆਂ ਜਾਣ

ਕਣਕ ਅਤੇ ਝੋਨੇ ਆਦਿ ਦੇ ਨਾੜ ਨੂੰ ਸਾੜਨ ਤੋਂ ਰੋਕਣ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਕਿਸਾਨਾਂ ਨੂੰ ਨਾੜ ਖਪਾਉਣ ਵਾਸਤੇ ਲੋੜੀਂਦੀਆਂ ਗਰਾਂਟਾਂ, ਮਸ਼ੀਨਰੀ, ਸਬਸਿਡੀਆਂ ਆਦਿ ਹੋਰ ਸਹੂਲਤਾਂ ਦਿੱਤੀਆਂ ਜਾਣ, ਤਾਂ ਜੋ ਕਿਸਾਨ ਵੀਰ ਨਾੜ ਸਾੜਨ ਲਈ ਮਜਬੂਰ ਨਾ ਹੋਣ। ਕਿਉਂਕਿ ਕਿਸਾਨ ਵੀ ਖੁਦ ਇਹ ਗੱਲ ਮੰਨਦੇ ਹਨ ਕਿ ਨਾੜ ਸਾੜਨ ਨਾਲ ਸਮਾਜ ਦੇ ਨਾਲ-ਨਾਲ ਸਾਡੇ ਪਰਿਵਾਰਾਂ ਦਾ ਵੀ ਤਾਂ ਨੁਕਸਾਨ ਹੁੰਦਾ ਹੈ। ਇਸ ਲਈ ਸਰਕਾਰ ਕਿਸਾਨਾਂ ਨੂੰ ਨਾੜ ਸਾੜਨ ਤੋਂ ਰੋਕਣ ਲਈ ਬਣਦੀਆਂ ਸਹੂਲਤਾਂ, ਗਰਾਂਟਾਂ ਤੁਰੰਤ ਜਾਰੀ ਕਰੇ। ਇਸ ਸਬੰਧੀ ਸਰਕਾਰਾਂ ਅਤੇ ਕਿਸਾਨ ਯੂਨੀਅਨਾਂ ਨੂੰ ਵੀ ਸੁਹਿਰਦ ਹੋਣ ਦੀ ਲੋੜ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਨੂੰ ਵੱਧ ਤੋਂ ਵੱਧ ਮੁਆਵਜ਼ਾ ਅਤੇ ਖਰਚਾ ਦੇਣ, ਜਗ੍ਹਾ-ਜਗ੍ਹਾ 'ਤੇ ਪਰਾਲੀ ਨੂੰ ਰੀਸਾਈਕਲ ਕਰਨ ਦੇ ਪਲਾਂਟ, ਫੈਕਟਰੀਆਂ ਆਦਿ ਲਗਾਏ ਜਾਣ, ਜਿਸ ਤਰ੍ਹਾਂ ਕਿ ਜੈਤੋ ਨੇੜੇ ਸੇਢਾ ਸਿੰਘ ਵਾਲਾ ਪਿੰਡ ਵਿਖੇ ਪਰਾਲੀ ਨੂੰ ਰੀਸਾਈਕਲ ਕਰਨ ਲਈ ਪਲਾਂਟ ਲਗਾਇਆ ਗਿਆ ਹੈ। ਇਸੇ ਤਰ੍ਹਾਂ ਹੋਰ ਵੀ ਵੱਡੀ ਗਿਣਤੀ ਵਿਚ ਇਸ ਤਰ੍ਹਾਂ ਦੇ ਪਲਾਂਟ ਲਗਾਏ ਜਾਣ ਅਤੇ ਕਿਸਾਨਾਂ ਦੇ ਖੇਤਾਂ ਵਿਚੋਂ ਨਾੜ ਅਤੇ ਪਰਾਲੀ ਇਕੱਠੀ ਕਰਕੇ ਇਨ੍ਹਾਂ ਫੈਕਟਰੀਆਂ ਤੱਕ ਮੁਫਤ 'ਤੇ ਤੁਰੰਤ ਪਹੁੰਚਾਉਣ ਦੇ ਯੋਗ ਉਪਰਾਲੇ ਕੀਤੇ ਜਾਣ, ਤਾਂ ਕਿ ਕਿਸਾਨ ਨਾੜ ਅਤੇ ਪਰਾਲੀ ਨੂੰ ਅੱਗ ਲਾਉਣ ਲਈ ਮਜਬੂਰ ਨਾ ਹੋਣ।

ਕਣਕ ਦੇ ਨਾੜ ਨੂੰ ਸਾਂਭਣ ਦੇ ਤਰੀਕੇ:

ਇਸ ਮੁਸੀਬਤ ਤੋਂ ਛੁਟਕਾਰਾ ਦੁਆਉਣ ਲਈ ਕਿਸਾਨਾਂ ਨੂੰ ਬਦਲਵੇਂ ਹੱਲ ਲੱਭਣੇ ਚਾਹੀਦੇ ਹਨ। ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਇਸ ਨਾੜ ਨੂੰ ਅੱਗ ਲਾ ਕੇ ਸਾੜਨ ਦੀ ਥਾਂ ਇਸ ਨੂੰ ਖਾਦ ਦੇ ਰੂਪ ਵਿਚ ਖੇਤ ਵਿਚ ਇਸਤੇਮਾਲ ਕਰਨ, ਤੂੜੀ ਬਣਾਉਣ ਵਾਲੀ ਮਸ਼ੀਨ ਦੀ ਮਦਦ ਨਾਲ ਕਣਕ ਦੇ ਨਾੜ ਦੀ ਤੂੜੀ ਬਣਾ ਕੇ ਵੇਚੀ ਜਾ ਸਕਦੀ ਹੈ, ਜਿਸ ਨਾਲ ਕਿਸਾਨ ਆਪਣੀ ਆਮਦਨ ਵਿਚ ਵਾਧਾ ਕਰ ਸਕਦੇ ਹਨ। ਤੂੜੀ ਬਣਾਉਣ ਤੋਂ ਬਾਅਦ ਬਾਕੀ ਬਚੇ ਕਚਰਿਆਂ ਨੂੰ ਰੋਟਾਵੇਟਰ ਦੀ ਮਦਦ ਨਾਲ ਜ਼ਮੀਨ ਵਿਚ ਮਿਲਾਇਆ ਜਾ ਸਕਦਾ ਹੈ। ਇਸ ਨਾਲ ਜ਼ਮੀਨ ਵਿਚ ਜੈਵਿਕ ਮਾਦੇ ਦਾ ਵਾਧਾ ਹੁੰਦਾ ਹੈ, ਸਿੱਟੇ ਵਜੋਂ ਜ਼ਮੀਨ ਦੀ ਉਪਜਾਊ ਸ਼ਕਤੀ ਵਧਦੀ ਹੈ। ਨਾੜ ਨੂੰ ਮਿੱਟੀ ਵਿਚ ਰਲਾਉਣ ਨਾਲ ਧਰਤੀ ਦੇ ਆਰਗਨਿਕ ਮਾਦੇ ਦੀ ਪੂਰਤੀ ਹੁੰਦੀ ਹੈ, ਧਰਤੀ ਦੀ ਬਣਤਰ ਠੀਕ ਰਹਿੰਦੀ ਹੈ, ਜਿਸ ਨਾਲ ਪਾਣੀ ਜਜ਼ਬ ਕਰਨ ਦੀ ਸ਼ਕਤੀ ਵਧਦੀ ਹੈ।

ਕਿਸਾਨ ਯੂਨੀਅਨਾਂ ਨੂੰ ਵੀ ਇਸ ਮਾਮਲੇ 'ਚ ਆਪਣੀ ਭੂਮਿਕਾ ਨਿਭਾਉਂਦਿਆਂ ਕਿਸਾਨਾਂ ਨੂੰ ਨਾੜ ਨਾ ਸਾੜਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਧਿਆਨਦੇਣ ਯੋਗ ਗੱਲ ਇਹ ਹੈ ਕਿ ਜ਼ਮੀਨ ਨੂੰ ਅੱਗ ਲੱਗਣ ਨਾਲ ਬਹੁਤ ਸਾਰੇ ਸੂਖਮ ਜੀਵ ਤੇ ਹੋਰ ਮਿੱਤਰ ਕੀਟ ਜਿਹੜੇ ਜ਼ਮੀਨ ਦੀ ਉਪਜਾਊ ਸ਼ਕਤੀ ਵਿਚ ਵਾਧਾ ਕਰਦੇ ਹਨ, ਉਹ ਨਸ਼ਟ ਹੋ ਜਾਂਦੇ ਹਨ। ਇਸ ਲਈ ਲੋੜ ਹੈ ਕਿਸਾਨ ਸਮਝਦਾਰੀ ਤੋਂ ਕੰਮ ਲੈਣ ਤੇ ਥੋੜੀ ਜਿਹੀ ਮਿਹਨਤ ਨਾਲ ਨਾੜ ਨੂੰ ਖਾਦ ਦੇ ਰੂਪ ਵਿਚ ਵਰਤ ਕੇ ਆਪਣੀ ਜ਼ਮੀਨ ਦੀ ਉਪਜਾਊ ਸ਼ਕਤੀ ਅਤੇ ਵਾਤਾਰਵਣ ਨੂੰ ਖਰਾਬ ਹੋਣੋਂ ਬਚਾ ਸਕਦੇ ਹਨ। ਧਰਤੀ ਦੀ ਉਪਰਲੀ ਤਹਿ ਵਿਚ ਕਿਸਾਨ ਦੇ ਮਿੱਤਰ ਕੀੜਿਆਂ ਦਾ ਕੋਈ ਵੀ ਨੁਕਸਾਨ ਨਹੀਂ ਹੁੰਦਾ।

ਕੁਝ ਵਾਤਾਵਰਣ ਹਿਤੈਸ਼ੀ ਸੰਸਥਾਵਾਂ ਤੇ ਕੁਝ ਸੂਝਵਾਨ ਕਿਸਾਨ ਵੀ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਕਿਸਾਨਾਂ ਨੂੰ ਜਾਗਰੂਕ ਕਰ ਰਹੇ ਹਨ, ਜਿਨ੍ਹਾਂ ਦੀ ਪ੍ਰਸ਼ੰਸਾ ਕਰਨੀ ਤੇ ਉਨ੍ਹਾਂ ਨੂੰ ਸਨਮਾਨਿਤ ਕਰਨਾ ਬਣਦਾ ਹੈ। ਸਮੂਹ ਕਿਸਾਨਾਂ ਨੂੰ ਬੇਨਤੀ ਹੈ ਕਣਕ ਅਤੇ ਝੋਨੇ ਦੇ ਨਾੜ ਨੂੰ ਨਾ ਸਾੜਿਆ ਜਾਵੇ, ਤਾਂ ਜੋ ਅਸੀਂ ਆਪਣੇ ਪੰਜਾਬ 'ਤੇ ਸਮੁੱਚੇ ਭਾਰਤ ਦੇਸ਼ ਨੂੰ ਖ਼ੁਸ਼ਹਾਲ ਦੇਖ ਸਕੀਏ ਅਤੇ ਭਿਆਨਕ ਵਾਤਾਵਰਨ ਪ੍ਰਦੂਸ਼ਨ ਤੋਂ ਬਚ ਸਕੀਏ।

# ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਦਿਹਾੜਾ

## ਵੈਸਾਖ ਵਦੀ 1 ਬਨਾਮ ਵੈਸਾਖ ਸੁਦੀ 1

ਸਰਵਜੀਤ ਸਿੰਘ
- ਸੈਕਰਾਮੈਂਟੋ
sarbjits@gmail.com
(Punjab Mail USA)






| ਸੰਮਤ | ਵਦੀ-ਸੁਦੀ ਮੁਤਾਬਕ | ਸੂਰਜੀ ਕੈਲੰਡਰ ਮੁਤਾਬਕ |
|---|---|---|
| 547 | 6 ਵੈਸਾਖ | 5 ਵੈਸਾਖ |
| 548 | 25 ਵੈਸਾਖ | 5 ਵੈਸਾਖ |
| 549 | 15 ਵੈਸਾਖ | 5 ਵੈਸਾਖ |
| 550 | 3 ਵੈਸਾਖ | 5 ਵੈਸਾਖ |
| 551 | 22 ਵੈਸਾਖ | 5 ਵੈਸਾਖ |
| 552 | 12 ਵੈਸਾਖ | 5 ਵੈਸਾਖ |
| 553 | 30 ਵੈਸਾਖ | 5 ਵੈਸਾਖ |
| 554 | 18 ਵੈਸਾਖ | 5 ਵੈਸਾਖ |
| 555 | 8 ਵੈਸਾਖ | 5 ਵੈਸਾਖ |
| 556 | 27 ਵੈਸਾਖ | 5 ਵੈਸਾਖ |

ਸਿੱਖ ਇਤਿਹਾਸ ਦੀਆਂ ਕਈ ਹੋਰ ਤਾਰੀਖਾਂ ਦੀ ਤਰ੍ਹਾਂ, ਗੁਰੂ ਅੰਗਦ ਦੇਵ ਜੀ ਦੇ ਜਨਮ ਦੀਆਂ ਵੀ ਦੋ ਤਾਰੀਖਾਂ ਮਿਲਦੀਆਂ ਹਨ। ਪਹਿਲੀ ਤਾਰੀਖ ਹੈ ਵੈਸਾਖ ਵਦੀ ਏਕਮ, 5 ਵੈਸਾਖ, ਸੰਮਤ 1561 ਬਿਕ੍ਰਮੀ ਅਤੇ ਦੂਜੀ ਹੈ ਵੈਸਾਖ ਸੁਦੀ ਏਕਮ, 20 ਵੈਸਾਖ, ਸੰਮਤ 1561 ਬਿਕ੍ਰਮੀ। ਗੋਰਿਆਂ ਦੇ ਰਾਜ ਵੇਲੇ, ਜਦੋਂ ਅੰਗਰੇਜੀ ਤਾਰੀਖਾਂ ਲਿਖਣ ਦਾ ਰਿਵਾਜ਼ ਪਿਆ, ਤਾਂ ਇਹ 31 ਮਾਰਚ 1504 ਈ: ਅਤੇ 15 ਅਪ੍ਰੈਲ 1504 (ਜੂਲੀਅਨ) ਲਿਖੀਆਂ ਗਈਆਂ। ਇਨ੍ਹਾਂ ਦੋਵਾਂ ਤਾਰੀਖਾਂ 'ਚ 15 ਦਿਨਾਂ ਦਾ ਫ਼ਰਕ ਹੈ। ਸਪੱਸ਼ਟ ਹੈ ਕਿ ਇਹ ਦੋਵੇਂ ਤਾਰੀਖਾਂ ਸਹੀਂ ਨਹੀਂ ਹੋ ਸਕਦੀਆਂ। ਆਓ ਵੇਖੀਏ, ਇਨ੍ਹਾਂ ਦੋਵਾਂ ਤਾਰੀਖਾਂ 'ਚ ਕਿਹੜੀ ਤਾਰੀਖ ਸਹੀ ਹੋ ਸਕਦੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੈੱਬਸਾਈਟ ਉੱਪਰ ਇਹ ਤਾਰੀਖ ਵੈਸਾਖ ਵਦੀ 1, 5 ਵੈਸਾਖ ਸੰਮਤ 1561 ਬਿਕ੍ਰਮੀ ਦਰਜ ਹੈ।

**"Sri Guru Angad Dev ji (Bhai Lahna ji) was born in village named Saria Naga (Matte Di Saria) district Muktsar (Punjab) on Vaisakh Vadi 1st (5 Vaisakh) Samvat 1561,March 31,1504." (sgpc.net)**

ਸਿੱਖ ਇਤਿਹਾਸ ਰਿਸਰਚ ਬੋਰਡ ਵੱਲੋਂ 1965 ਈ: ਵਿਚ ਛਾਪੀ ਗਈ ਡਾਇਰੀ 'ਸਿੱਖ ਬਿਕ੍ਰਮੀ ਕੈਲੰਡਰ 1665-66' ਵਿਚ ਗੁਰੂ ਅੰਗਦ ਦੇਵ ਜੀ ਦੇ ਜਨਮ ਦੀ ਤਾਰੀਖ "5 ਵੈਸਾਖ 1561 ਸੰਮਤ, 31 ਮਾਰਚ 1504 ਈ:" ਦਰਜ ਹੈ।

ਧਰਮ ਪ੍ਰਚਾਰ ਕਮੇਟੀ ਵੱਲੋਂ ਛਾਪੀ ਗਈ 'ਖਾਲਸਾ ਡਾਇਰੀ 1975-76' ਵਿਚ ਗੁਰੂ ਅੰਗਦ ਦੇਵ ਜੀ ਦੇ ਜਨਮ ਦੀ ਤਾਰੀਖ, "ਵਿਸਾਖ ਵਦੀ 1, ਵਿਸਾਖ ਪ੍ਰਵਿਸ਼ਟੇ 5, ਸੰਮਤ 1561 ਬਿ:, 31 ਮਾਰਚ, ਸੰਮਤ 1504 ਈ: ਦਿਨ ਐਤਵਾਰ" ਦਰਜ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਛਾਪੀ ਗਈ 'ਸ਼੍ਰੋਮਣੀ ਡਾਇਰੀ 1991' ਵਿਚ ਵੀ ਗੁਰੂ ਜੀ ਦੇ ਜਨਮ ਦੀ ਤਾਰੀਖ ਵਿਸਾਖ ਵਦੀ 1 ਸੰਮਤ 1561 ਬਿ: 31 ਮਾਰਚ ਸੰਨ 1504 ਈ: ਹੀ ਦਰਜ ਹੈ।

'ਸ਼੍ਰੋਮਣੀ ਡਾਇਰੀ 1992' ਵਿਚ "ਵਿਸਾਖ ਸੁਦੀ 1 ਸੰਮਤ 1561 ਬਿ:, ਮੁਤਾਬਿਕ 31 ਮਾਰਚ ਸੰਮਨ 1504 ਈ:" ਦਰਜ ਹੈ। ਇਹ ਤਾਰੀਖ ਸਹੀ ਨਹੀਂ ਹੈ। ਜੇ ਵੈਸਾਖ ਸੁਦੀ 1 ਨੂੰ ਸਹੀ ਮੰਨੀਏ, ਤਾਂ ਇਹ 15 ਅਪ੍ਰੈਲ 1504 ਈ: (ਜੂਲੀਅਨ) ਬਣਦੀ ਹੈ। ਜੇ 31 ਮਾਰਚ ਸੰਮਨ 1504 ਈ: ਨੂੰ ਸਹੀ ਮੰਨੀਏ, ਤਾਂ ਇਹ ਵੈਸਾਖ ਵਦੀ 1/5 ਵੈਸਾਖ ਬਣਦੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛਾਪੀ ਗਈ, ਪ੍ਰੋ. ਕਰਤਾਰ ਸਿੰਘ ਦੀ ਕਿਤਾਬ 'ਸਿੱਖ ਇਤਿਹਾਸ ਭਾਗ 1' ਵਿਚ ਵੀ ਗੁਰੂ ਜੀ ਦੇ ਜਨਮ ਦੀ ਤਾਰੀਖ, "ਵੈਸਾਖ ਵਦੀ 1, 5 ਵੈਸਾਖ ਸੰਮਤ 1561 ਮੁਤਾਬਕ 31 ਮਾਰਚ ਸੰਨ 1504 ਈ:" ਹੀ ਦਰਜ ਹੈ (ਪੰਨਾ : 114)

ਧਰਮ ਪ੍ਰਚਾਰ ਕਮੇਟੀ ਵੱਲੋਂ ਛਾਪੀ ਜਾਂਦੀ ਧਾਰਮਿਕ ਪ੍ਰੀਖਿਆ ਲਈ ਨਿਰਧਾਰਿਤ ਪੁਸਤਕ 'ਗੁਰਮਤਿ ਗਿਆਨ ਦਰਜਾ ਪਹਿਲਾ' ਵਿਚ ਡਾ. ਇੰਦਰਜੀਤ ਸਿੰਘ ਗੋਗੋਆਣੀ ਨੇ ਗੁਰੂ ਅੰਗਦ ਸਾਹਿਬ ਜੀ ਦੇ ਜਨਮ ਦੀ ਤਾਰੀਖ 31 ਮਾਰਚ, 1504 ਈ: ਦਰਜ ਕੀਤੀ ਹੈ।

'ਸਿੱਖ ਇਤਿਹਾਸ (1469-1765)' ਵਿਚ ਪ੍ਰਿ: ਤੇਜਾ ਸਿੰਘ ਅਤੇ ਡਾ. ਗੰਡਾ ਸਿੰਘ ਜੀ (ਅਨੁਵਾਦਕ ਡਾ. ਭਗਤ ਸਿੰਘ) ਲਿਖਦੇ ਹਨ, "ਗੁਰੂ ਜੀ ਦਾ ਜਨਮ 31 ਮਾਰਚ, 1504 ਈਸਵੀ ਨੂੰ ਹੋਇਆ ਸੀ"।

ਡਾ. ਹਰਜਿੰਦਰ ਸਿੰਘ ਦਿਲਗੀਰ ਵੀ 31 ਮਾਰਚ, 1504 ਈ: ਨਾਲ ਸਹਿਮਤ ਹੈ। "ਜਿਨ੍ਹਾਂ ਦਿਨਾਂ ਵਿਚ ਗੁਰੂ ਨਾਨਕ ਸਾਹਿਬ ਅਜੇ ਸੁਲਤਾਨਪੁਰ ਨਹੀਂ ਗਏ ਸੀ, ਬਲਕਿ ਤਲਵੰਡੀ ਵਿਚ ਹੀ ਸਨ, ਤਕਰੀਬਨ ਉਸੇ ਵੇਲੇ ਹੀ ਗੁਰੂ ਅੰਗਦ ਸਾਹਿਬ ਦਾ ਜਨਮ 31 ਮਾਰਚ, 1504 ਦੇ ਦਿਨ ਮੱਤੇ ਦੀ ਸਰਾਂ ਵਿਚ ਹੋਇਆ"। (ਪੰਨਾ : 185)

ਗਿਆਨੀ ਸੋਹਣ ਸਿੰਘ ਸੀਤਲ ਜੀ ਲਿਖਦੇ ਹਨ, "ਭਾਈ ਲਹਿਣਾ ਜੀ, 'ਅੰਗਦ' ਨਾਮ ਧਾਰਨ ਕਰਕੇ ਸਿੱਖਾਂ ਦੇ ਦੂਸਰੇ ਗੁਰੂ ਬਣੇ। ਆਪ ਜੀ ਦਾ ਜਨਮ ਵਿਸਾਖ ਵਦੀ 1 (ਪੰਜ ਵਿਸਾਖ) 1561 ਬਿ: (31 ਮਾਰਚ, 1504 ਈ:) ਐਤਵਾਰ ਨੂੰ ਅੰਮ੍ਰਿਤ ਵੇਲੇ ਪਿੰਡ 'ਮੱਤੇ ਦੀ ਸਰਾਏ' ਵਿਚ ਹੋਇਆ"। (ਗੁਰ ਇਤਿਹਾਸ ਦਸ ਪਾਤਸ਼ਾਹੀਆਂ, ਪੰਨਾ : 65)

ਪ੍ਰੋ: ਸਾਹਿਬ ਸਿੰਘ ਜੀ ਲਿਖਦੇ ਹਨ, "5 ਵੈਸਾਖ ਸੰਮਤ 1561 ਨੂੰ ਇਨ੍ਹਾਂ ਦਾ ਜਨਮ ਹੋਇਆ ਸੀ, ਚੰਦਰਮਾ ਦੀਆਂ ਥਿੱਤਾਂ ਦੇ ਹਿਸਾਬ ਉਸ ਦਿਨ ਵੈਸਾਖ ਵਦੀ 1 ਸੀ, ਭਾਵ ਹਨੇਰਾ ਪੱਖ ਪੂਰਨਮਾਸ਼ੀ ਤੋਂ ਅਗਲਾ ਦਿਨ। ਈਸਵੀ ਸੰਨ 1504 ਸੀ ਅਤੇ ਮਾਰਚ ਦੀ 31 ਤਰੀਕ" (ਪੰਨਾ : 12)

**"Guru Angad was born at Matte di Sarae in Firozpur district on March 31, 1504" (Hari Ram Gupta, History of the Sikhs, Page 113)**

ਪ੍ਰਿੰਸੀਪਲ ਸਤਬੀਰ ਸਿੰਘ ਜੀ ਲਿਖਦੇ ਹਨ, "ਇਥੇ ਬਾਬਾ ਫੇਰੂ ਮੱਲ ਜੀ ਦੇ ਘਰ ਤੇ ਮਾਤਾ ਰਾਮੋ ਜੀ ਦੀ ਕੁੱਖੋਂ ਹਰੀਏ ਕੇ ਮੱਤੇ ਕੀ ਸਰਾਂ 31 ਮਾਰਚ 1504 ਨੂੰ ਲਹਿਣਾ ਜੀ ਦਾ ਜਨਮ ਅੰਮ੍ਰਿਤ ਵੇਲੇ ਹੋਇਆ"। (ਕੁਦਰਤੀ ਨੂਰ, ਪੰਨਾ : 12) ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਮੁਤਾਬਿਕ ਇਹ 5 ਵੈਸਾਖ, ਵੈਸਾਖ ਵਦੀ 1, ਸੰਮਤ 1561 ਬਿਕ੍ਰਮੀ ਬਣਦੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਾਰਚ 2003 ਈ: ਵਿਚ ਨਾਨਕਸ਼ਾਹੀ ਕੈਲੰਡਰ (535 ਨ: ਸ:) ਲਾਗੂ ਕੀਤਾ ਗਿਆ ਸੀ। ਕੈਲੰਡਰ ਕਮੇਟੀ ਵੱਲੋਂ ਕੀਤੇ ਫੈਸਲੇ, "ਤਿੱਥਾਂ ਨੂੰ ਨਾਨਕਸ਼ਾਹੀ ਕੈਲੰਡਰ ਵਿਚ ਬਦਲਣ ਲਈ ਅੰਗਰੇਜ਼ੀ ਤਾਰੀਖਾਂ ਨੂੰ ਨਹੀਂ, ਬਲਕਿ ਪ੍ਰਵਿਸ਼ਟਿਆਂ ਨੂੰ ਮੁੱਖ ਰੱਖਿਆ ਜਾਵੇਗਾ" ਮੁਤਾਬਕ ਨਾਨਕਸ਼ਾਹੀ ਕੈਲੰਡਰ ਵਿਚ ਗੁਰੂ ਅੰਗਦ ਦੇਵ ਜੀ ਦੇ ਜਨਮ ਦਾ ਅਸਲ ਪ੍ਰਵਿਸ਼ਟਾ 5 ਵੈਸਾਖ ਹੀ ਦਰਜ ਕੀਤਾ ਗਿਆ ਸੀ। ਇਹ ਕੈਲੰਡਰ 7 ਸਾਲ ਲਾਗੂ ਰਿਹਾ ਸੀ। ਸਮੁੱਚੇ ਪੰਥ ਵੱਲੋਂ ਗੁਰੂ ਅੰਗਦ ਦੇਵ ਜੀ ਦਾ ਜਨਮ ਦਿਹਾੜਾ ਹਰ ਸਾਲ 5 ਵੈਸਾਖ (18 ਅਪ੍ਰੈਲ) ਨੂੰ ਮਨਾਇਆ ਜਾਂਦਾ ਸੀ। ਪਰ ਮਾਰਚ 2010 ਈ: ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੋ ਮੈਂਬਰੀ ਕੈਲੰਡਰ ਵਿਗਾੜੂ ਕਮੇਟੀ ਦੀਆਂ ਸਿਫ਼ਾਰਿਸ਼ਾਂ ਨੂੰ ਮੰਨਦੇ ਹੋਏ ਸੂਰਜੀ ਬਿਕ੍ਰਮੀ (ਦ੍ਰਿਕਗਿਣਤ ਸਿਧਾਂਤ) ਕੈਲੰਡਰ ਛਾਪਣਾ ਆਰੰਭ ਕਰ ਦਿੱਤਾ। ਇਸ ਕੈਲੰਡਰ ਦਾ ਆਰੰਭ ਤਾਂ ਭਾਵੇਂ ਹਰ ਸਾਲ 1 ਚੇਤ ਤੋਂ ਹੀ ਹੁੰਦਾ ਹੈ ਪਰ ਤਾਰੀਖ ਚੰਦ ਦੇ ਕੈਲੰਡਰ (ਵਦੀ-ਸੁਦੀ) ਨਿਰਧਾਰਿਤ ਕੀਤੀ ਜਾਂਦੀ ਹੈ। ਜਿਸ ਕਾਰਨ ਹਰ ਸਾਲ ਗੁਰੂ ਅੰਗਦ ਸਾਹਿਬ ਜੀ ਦੇ ਜਨਮ ਦਾ ਪ੍ਰਵਿਸ਼ਟਾ ਬਦਲ ਜਾਂਦਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੈੱਬਸਾਈਟ, 1965 ਤੋਂ ਛਾਪੀਆਂ ਗਈ ਡਾਇਰੀਆਂ ਅਤੇ 2019 ਈ: ਵਿਚ ਛਾਪੀ ਗਈ ਕਿਤਾਬ (ਗੁਰਮਤਿ ਗਿਆਨ ਦਰਜਾ ਪਹਿਲਾ) ਵਿਚ ਤਾਂ ਗੁਰੂ ਜੀ ਦੇ ਜਨਮ ਦੀ ਤਾਰੀਖ ਵੈਸਾਖ ਵਦੀ ਏਕਮ, 5 ਵੈਸਾਖ (31 ਮਾਰਚ) ਹੀ ਦਰਜ ਹੈ। ਸਵਾਲ ਪੈਦਾ ਹੁੰਦਾ ਹੈ ਕਿ ਵੈਸਾਖ ਵਦੀ ਏਕਮ ਤੋਂ ਬਦਲ ਕੇ ਵੈਸਾਖ ਸੁਦੀ ਏਕਮ ਕਿਉਂ ਕੀਤੀ ਗਈ?

ਵੈਸਾਖ ਸੁਦੀ ਏਕਮ, 'ਗੁਰਮਤਿ ਰਹਿਤ ਮਰਯਾਦਾ' ਅਤੇ 'ਗੁਰਬਾਣੀ ਪਾਠ ਦਰਪਣ' ਵਿਚ ਦਰਜ ਹੈ। 'ਗੁਰਮਤਿ ਰਹਿਤ ਮਰਯਾਦਾ' ਵਿਚ ਗੁਰੂ ਜੀ ਦੇ ਜਨਮ ਦੀ ਤਾਰੀਖ, "1561 ਬਿ;, ਵੈਸਾਖ ਸੁਦੀ ਏਕਮ, ਦਿਨ ਸ਼ਨਿੱਚਰਵਾਰ 23 ਅਪ੍ਰੈਲ 1504 ਈ:, ਨਛੱਤਰ ਭਰਣੀ' ਦਰਜ ਹੈ। (ਪੰਨਾ : 31) ਇਸ ਤਾਰੀਖ ਨੂੰ ਕਿਸੇ ਵੀ ਦਲੀਲ ਨਾਲ ਸਹੀ ਸਿੱਧ ਨਹੀਂ ਕੀਤਾ ਜਾ ਸਕਦਾ। ਆਪਾਂ ਉਪਰ ਵੇਖ ਆਏ ਹਾਂ ਕਿ ਵੈਸਾਖ ਸੁਦੀ ਏਕਮ, ਸੰਮਤ 1561 ਬਿ: ਨੂੰ 15 ਅਪ੍ਰੈਲ (ਜੂਲੀਅਨ) ਦਿਨ ਸੋਮਵਾਰ ਸੀ ਪਰ, ਗੁਰਬਾਣੀ ਪਾਠ ਦਰਪਣ ਵਿਚ ਦਿਨ ਸ਼ਨਿੱਚਰਵਾਰ 23 ਅਪ੍ਰੈਲ ਦਰਜ ਹੈ। 23 ਅਪ੍ਰੈਲ ਨੂੰ ਦਿਨ ਮੰਗਲਵਾਰ ਸੀ ਅਤੇ ਨਛੱਤਰ ਮਘਾ ਸੀ, ਨਾ ਕਿ ਭਰਣੀ।

ਸਾਰੀ ਵਿਚਾਰ ਤੋਂ ਪਿੱਛੋਂ ਸਹਿਜੇ ਹੀ ਇਸ ਨਤੀਜੇ 'ਤੇ ਪੁੱਜਿਆ ਜਾ ਸਕਦਾ ਹੈ ਕਿ ਗੁਰੂ ਜੀ ਜਨਮ ਤਾਰੀਖ ਵੈਸਾਖ ਵਦੀ ਏਕਮ, 5 ਵੈਸਾਖ ਸੰਮਤ 1561 ਬਿ; (31 ਮਾਰਚ 1504 ਈ: (ਜੂਲੀਅਨ) ਹੈ। ਸ਼੍ਰੋਮਣੀ ਕਮੇਟੀ ਦੀ ਕੀ ਮਜਬੂਰੀ ਹੈ ਕਿ ਗੁਰੂ ਅੰਗਦ ਦੇਵ ਜੀ ਦੇ ਜਨਮ ਦਿਹਾੜੇ ਦੀ ਪ੍ਰਮਾਣਿਕ ਤਾਰੀਖ, ਵੈਸਾਖ ਵਦੀ ਏਕਮ, 5 ਵੈਸਾਖ ਸੰਮਤ 1561 ਬਿ; (31 ਮਾਰਚ 1504 ਈ: ਜੂਲੀਅਨ) ਨੂੰ ਬਿਨਾਂ ਕਿਸੇ ਦਲੀਲ ਦੇ ਬਦਲ ਕੇ ਵੈਸਾਖ ਸੁਦੀ ਏਕਮ, 20 ਵੈਸਾਖ (15 ਅਪ੍ਰੈਲ 1504 ਈ: ਜੂਲੀਅਨ) ਮੰਨ ਲਈ ਹੈ? ਸ਼੍ਰੋਮਣੀ ਕਮੇਟੀ ਵੱਲੋਂ ਹਰ ਸਾਲ ਸੂਰਜੀ ਕੈਲੰਡਰ ਛਾਪਿਆ ਜਾਂਦਾ ਹੈ। ਜਿਸ ਮੁਤਾਬਕ ਹਰ ਸਾਲ, ਹਰ ਦਿਹਾੜਾ ਉਸੇ ਪ੍ਰਵਿਸ਼ਟੇ ਨੂੰ ਹੀ ਆਉਂਦਾ ਹੈ। ਜਿਵੇਂ ਵੈਸਾਖੀ ਹਰ ਸਾਲ 1 ਵੈਸਾਖ ਨੂੰ ਹੀ ਆਉਂਦੀ ਹੈ। ਜੇ ਇਸੇ ਤਰ੍ਹਾਂ ਗੁਰੂ ਅੰਗਦ ਦੇਵ ਜੀ ਦਾ ਜਨਮ ਦਿਹਾੜਾ, ਸ਼੍ਰੋਮਣੀ ਕਮੇਟੀ ਦੀ ਵੈੱਬਸਾਈਟ ਉੱਪਰ ਦਰਜ ਪ੍ਰਵਿਸ਼ਟੇ ਅਨੁਸਾਰ ਹਰ ਸਾਲ 5 ਵੈਸਾਖ ਨੂੰ ਮਨਾਇਆ ਜਾਵੇ ਤਾਂ ਗੁਰਮਤਿ ਦੇ ਕਿਹੜੇ ਸਿਧਾਂਤ ਦੀ ਅਵੱਗਿਆ ਹੁੰਦੀ ਹੈ?

---

# ਨਹਿਲੇ 'ਤੇ ਦਹਿਲਾ

## 2 ਮਿੰਨੀ ਕਹਾਣੀਆਂ



ਬਲਰਾਜ ਸਿੰਘ ਸਿੱਧੂ ਕਮਾਂਡੈਂਟ.
ਪੰਡੋਰੀ ਸਿੱਧਵਾਂ 95011-00062
(Punjab Mail USA)



ਕਈ ਬੰਦਿਆਂ ਨੂੰ ਨਹਿਲੇ 'ਤੇ ਦਹਿਲਾ ਮਾਰਨ ਦਾ ਬਹੁਤ ਢੱਬ ਹੁੰਦਾ ਹੈ। ਗੱਲ ਕਰਦੇ ਸਮੇਂ ਮੂੰਹ ਵੀ ਐਨਾ ਮਸਕੀਨ ਬਣਾਉਂਦੇ ਹਨ ਹੈ ਕਿ ਅਗਲਾ ਯਕੀਨ ਵੀ ਕਰ ਲੈਂਦਾ ਹੈ। ਸਾਡੇ ਗੁਆਂਢੀ ਪਿੰਡ ਦਾ ਵਾਸੀ ਸਵਰਨ ਸਿੰਘ ਉਰਫ ਸਵਰਨਾ ਕਾਣਾ ਅਜਿਹਾ ਹੀ ਆਦਮੀ ਸੀ, ਬੜੀ ਵੱਖੀਉਂ ਗੱਲ ਕੱਢਦਾ ਹੁੰਦਾ ਸੀ। 1970-71 ਦੌਰਾਨ ਲੋਕ ਜ਼ਿਆਦਾਤਰ ਸਫਰ ਤਾਂਗਿਆਂ 'ਤੇ ਹੀ ਕਰਦੇ ਹੁੰਦੇ ਸਨ। ਇੱਕ ਦਿਨ ਸਵਰਨਾ ਬੱਸ ਅੱਡੇ ਤੋਂ ਕਿਸੇ ਕੰਮ ਕਚਹਿਰੀ ਜਾ ਰਿਹਾ ਸੀ ਤੇ ਤਾਂਗੇ ਵਿਚ ਪੱਟੀ ਵੱਲ ਦੇ ਕੁਝ ਬਦਮਾਸ਼ ਵੀ ਬੈਠੇ ਸਨ। ਉਹ 'ਫੀਮ ਦੇ ਨਸ਼ੇ ਨਾਲ ਖਿੜੇ ਹੋਏ ਆਪਣੇ ਲੜਾਈ ਝਗੜਿਆਂ, ਕਤਲਾਂ, ਬਾਰਡਰ ਤੋਂ ਮਾਲ ਟਪਾਉਣ ਅਤੇ ਜ਼ਮੀਨਾਂ ਦੱਬਣ ਆਦਿ ਦੇ ਕਾਰਨਾਮਿਆਂ ਬਾਰੇ ਫੜ੍ਹਾਂ ਮਾਰ ਰਹੇ ਸਨ। ਪਹਿਲਾਂ ਤਾਂ ਸਵਰਨਾ ਸੁਣਦਾ ਰਿਹਾ ਪਰ ਫਿਰ ਉਸ ਤੋਂ ਰਿਹਾ ਨਾ ਗਿਆ ਤੇ ਉਸ ਨੇ ਭੋਲਾ ਜਿਹਾ ਬਣ ਕੇ ਪੁੱਛਿਆ, "ਭਾਊ ਜੀ, ਇਹ ਗੋਲੀ ਮਾਰਨ ਨਾਲ ਬੰਦਾ ਮਰ ਜਾਂਦਾ ਆ?" ਹਜ਼ਾਰੇ ਬਲੈਕੀਏ ਨੇ ਜਵਾਬ ਦਿੱਤਾ, "ਹੋਰ ਭੰਗੜੇ ਪਾਉਂਦਾ ਆ? ਇੱਕ ਟਿਕਾਣੇ ਵੱਜੀ ਨਹੀਂ ਕਿ ਬੰਦਾ ਅਗਲੇ ਜਹਾਨ ਪਹੁੰਚ ਜਾਂਦਾ ਆ।" ਸਵਰਨੇ ਨੇ ਦਰਦ ਕਹਾਣੀ ਦੱਸੀ, "ਪਰ ਮੈਂ ਤਾਂ ਇੱਕ ਬੰਦੇ ਦੇ ਤਿੰਨ-ਚਾਰ ਗੋਲੀਆਂ ਮਾਰੀਆਂ ਸਨ। ਉਸ ਨੂੰ ਕੁਝ ਨਾ ਹੋਇਆ, ਉਲਟਾ ਮੈਨੂੰ ਢਾਹ ਕੇ ਤਸੱਲੀ ਨਾਲ ਛਿਤਰੌਲ ਕੀਤੀ।"

ਸੁਣ ਕੇ ਇੱਕ ਬਦਮਾਸ਼ ਨੇ ਹੈਰਾਨੀ ਨਾਲ ਪੁੱਛਿਆ, "ਦੋਨਾਲੀ (12 ਬੋਰ ਦੀ ਬੰਦੂਕ) ਨਾਲ ਮਾਰੀਆਂ ਸਨ ਕਿ ਪੱਕੀ (315 ਬੋਰ ਰਾਈਫਲ) ਨਾਲ?" ਸਵਰਨੇ ਨੇ ਮਸਕੀਨ ਜਿਹਾ ਬਣ ਕੇ ਗੱਲ ਮੁਕਾਈ, "ਨਈਂ ਜੀ, ਮੈਂ ਤਾਂ ਵਗ੍ਹਾਤੀਆਂ ਈ ਮਾਰੀਆਂ ਸੀ ਹੱਥ ਨਾਲ, ਸਾਲਾ ਮਰਿਆ ਈ ਨਈਂ।" ਸੁਣ ਕੇ ਬਦਮਾਸ਼ ਹੈਰਾਨੀ ਨਾਲ ਇੱਕ ਦੂਸਰੇ ਦਾ ਮੂੰਹ ਵੇਖਣ ਲੱਗ ਪਏ ਕਿ ਇਹ ਬੰਦਾ ਸੱਚੀਂ ਐਨਾ ਕੂੜ ਦਿਮਾਗ ਹੈ ਕਿ ਸਾਨੂੰ ਬੇਵਕੂਫ ਬਣਾ ਰਿਹਾ ਹੈ।

# ਰਿਟਾਇਰਡ ਅਫਸਰ ਤੇ ਚੋਣਾਂ ਲੜਨ ਲਈ ਟਿਕਟ

ਪਿੰਡ ਮੰਨਣ ਦੀ ਸੱਥ ਵਿਚ 2024 ਦੀਆਂ ਲੋਕ ਸਭਾ ਨੂੰ ਲੈ ਕੇ ਖੁੰਢ ਚਰਚਾ ਚੱਲ ਰਹੀ ਸੀ। ਕੋਈ ਕਿਸੇ ਪਾਰਟੀ ਨੂੰ ਮਾੜਾ ਕਹਿ ਰਿਹਾ ਸੀ ਤੇ ਕੋਈ ਕਿਸੇ ਨੂੰ ਚੰਗਾ। ਖੁੱਚਿਆਂ ਦੇ ਸੁੱਖੇ ਨੇ ਗੱਲ ਅਫਸਰਾਂ ਵੱਲ ਮੋੜ ਲਈ, "ਯਾਰ ਪਾਰਟੀਆਂ ਦੀ ਆਹ ਗੱਲ ਨਹੀਂ ਮੈਨੂੰ ਚੰਗੀ ਲੱਗਦੀ, ਜਿਹੜਾ ਲਟੈਰ (ਰਿਟਾਇਰ) ਅਫਸਰਾਂ ਨੂੰ ਐੱਮ.ਪੀ., ਐੱਮ.ਐੱਲ.ਏ. ਦੀ ਟਿਕਟ ਦੇ ਦੇਂਦੀਆਂ ਨੇ। ਇਨ੍ਹਾਂ ਨੇ ਤਾਂ ਪਹਿਲਾਂ ਹੀ ਚੰਗਾ ਮੋਟਾ ਮਾਲ ਕਮਾਇਆ ਹੁੰਦਾ। ਟਿਕਟਾਂ ਗਰੀਬ ਗੁਰਬਿਆਂ ਨੂੰ ਦੇਣੀਆਂ ਚਾਹੀਦੀਆਂ ਨੇ, ਤਾਂ ਜੋ ਉਨ੍ਹਾਂ ਵਿਚਾਰਿਆਂ ਦੀ ਵੀ ਸੱਤਾਂ ਪੀੜ੍ਹੀਆਂ ਦੀ ਖੁਸ਼ਕੀ ਚੁੱਕੀ ਜਾਵੇ।" ਸੁੱਖੇ ਦੀ ਗੱਲ ਸੁਣ ਕੇ ਕੁਝ ਬੰਦੇ ਹੱਸ ਪਏ ਤੇ ਕਈਆਂ ਨੇ ਸਹਿਮਤੀ ਵਿਚ ਸਿਰ ਹਿਲਾ ਦਿੱਤੇ। ਮਿੱਠਿਆਂ ਦਾ ਗੁਰਦੀਪ ਕਾਮਰੇਡ ਬੋਲਿਆ, "ਮੈਂ 'ਤੇ ਕਹਿੰਨਾ ਕਿ ਜਿਹੜਾ ਵੀ ਅਫਸਰ ਰਿਟਾਇਰ ਹੋਵੇ, ਉਸ ਨੂੰ ਚੋਣਾਂ ਦੀ ਟਿਕਟ ਜ਼ਰੂਰ ਮਿਲਣੀ ਚਾਹੀਦੀ ਆ।"

ਕਾਮਰੇਡ ਦੀ ਗੱਲ ਸੁਣ ਕੇ ਸਾਰੀ ਦੀ ਸਾਰੀ ਖੁੰਢ ਪੰਚਾਇਤ ਨੂੰ 440 ਵੋਲਟ ਦਾ ਝਟਕਾ ਲੱਗਾ। ਸੁਮਿੱਤਰ ਸਗਲੀ ਹੱਸ ਕੇ ਬੋਲਿਆ, "ਕਾਮਰੇਡਾ, ਭੰਗ ਤਾਂ ਨਹੀਂ ਪੀ ਲਈ ਸਵੇਰੇ-ਸਵੇਰ? ਤੂੰ ਤਾਂ ਸਰਮਾਏਦਾਰਾਂ ਤੇ ਭ੍ਰਿਸ਼ਟ ਅਫਸਰਾਂ ਨੂੰ ਪਾਣੀ ਪੀ-ਪੀ ਕੇ ਕੋਸਦਾ ਹੁੰਦਾ ਸੀ। ਮਹੀਨੇ ਵਿਚੋਂ 20 ਦਿਨ ਤੂੰ ਤੇ ਤੇਰੀ ਯੂਨੀਅਨ ਥਾਣਿਆਂ, ਡੀ.ਸੀ., ਐੱਸ.ਐੱਸ.ਪੀ. ਤੇ ਬਿਜਲੀ ਮਹਿਕਮੇ ਦੇ ਦਫਤਰਾਂ ਦਾ ਘਿਰਾਉ ਕਰ ਕੇ ਬੈਠੇ ਰਹਿੰਦੇ ਸੀ ਕਿ ਭ੍ਰਿਸ਼ਟਾਚਾਰ ਹੋ ਰਿਹਾ ਹੈ। ਅੱਜ ਬੜਾ ਹੇਜ ਜਾਗਿਆ ਅਫਸਰਾਂ ਪ੍ਰਤੀ? ਕਿਤੇ ਦਲ ਬਦਲੂ ਨੇਤਾਵਾਂ ਵਾਂਗ ਤੇਰੀ ਤਾਂ ਨਹੀਂ ਆਤਮਾ ਜਾਗ ਪਈ?" "ਅਜਿਹੀ ਕੋਈ ਗੱਲ ਨਹੀਂ। ਅਸਲ ਵਿਚ ਅਫਸਰਾਂ ਨੇ ਰਿਸ਼ਵਤਖੋਰੀ ਨਾਲ ਰੱਜ ਕੇ ਮਾਇਆ ਮੋਹਣੀ ਕਮਾਈ ਹੁੰਦੀ ਹੈ। ਜਦੋਂ ਟਿਕਟ ਮਿਲ ਜਾਂਦੀ ਹੈ, ਤਾਂ ਇਹ ਕਰੋੜਾਂ ਰੁਪਏ ਵੋਟਾਂ ਖਰੀਦਣ ਲਈ ਖਰਚ ਕਰ ਦਿੰਦੇ ਹਨ। ਇਸ ਤਰਾਂ ਖੂਹ ਦੀ ਮਿੱਟੀ ਖੂਹ ਨੂੰ ਲੱਗ ਜਾਂਦੀ ਹੈ ਤੇ ਜਨਤਾ ਦਾ ਪੈਸਾ ਜਨਤਾ ਨੂੰ ਵਾਪਸ ਮਿਲ ਜਾਂਦਾ ਹੈ," ਹੱਸਦੇ ਹੋਏ ਕਾਮਰੇਡ ਨੇ ਭੇਤ ਖੋਲ੍ਹਿਆ।

# ਡਾ. ਦਲੀਪ ਕੌਰ ਟਿਵਾਣਾ

ਸੁਖਵਿੰਦਰ ਸਿੰਘ ਮੁੱਲਾਂਪੁਰ
99141-84794
(Punjab Mail USA)



ਪੰਜਾਬੀ ਦੀ ਸਿਰਮੌਰ ਸਾਹਿਤਕਾਰ ਪੰਜਾਬ ਦੀ ਧੀ ਦਲੀਪ ਕੌਰ ਟਿਵਾਣਾ ਜਿਸ ਵਿਚ ਲਿਖਣ ਦੀ ਕਲਾ ਕੁਦਰਤ ਵਲੋਂ ਮਿਲੀ ਹੋਈ ਦਾਤ ਸੀ, ਜਿਨ੍ਹਾਂ ਆਪਣੀਆਂ ਸਾਹਿਤ ਦੇ ਖੇਤਰ ਵਿਚ ਵੱਡਮੁਲੀਆਂ ਸੇਵਾਵਾਂ ਪ੍ਰਦਾਨ ਕੀਤੀਆਂ। ਉਸ ਦਾ ਜਨਮ ਪਿਤਾ ਸ. ਕਾਕਾ ਸਿੰਘ ਦੇ ਘਰ ਮਾਤਾ ਚੰਦ ਕੌਰ ਦੀ ਕੁੱਖੋਂ 4 ਮਈ, 1935 ਨੂੰ ਉੱਚੀ ਰੱਬੋਂ (ਮਲੌਦ) ਜ਼ਿਲ੍ਹਾ ਲੁਧਿਆਣਾ ਵਿਖੇ, ਟਿਵਾਣਾ ਪਰਿਵਾਰ ਵਿਚ ਹੋਇਆ।

ਡਾ. ਦਲੀਪ ਕੌਰ ਟਿਵਾਣਾ ਦੀ ਭੂਆ ਦੇ ਘਰ ਕੋਈ ਔਲਾਦ ਨਹੀਂ ਸੀ। ਉਹ ਦਲੀਪ ਕੌਰ ਨੂੰ ਜਨਮ ਵੇਲੇ ਹੀ ਪਟਿਆਲੇ ਲੈ ਗਈ ਪਰ ਦਲੀਪ ਕੌਰ ਦੇ ਦਾਦਾ ਜੀ ਦੀ ਇਹ ਸ਼ਰਤ ਸੀ ਕਿ ਕੁੜੀ ਸਾਡੀ ਹੀ ਰਹੇਗੀ, ਇਸ ਕਰਕੇ ਦਲੀਪ ਕੌਰ ਨੇ ਆਪਣੇ ਨਾਮ ਦੇ ਮਗਰ ਪਿੰਡ ਉੱਚੀ ਰੱਬੋਂ ਵਾਲਾ 'ਟਿਵਾਣਾ' ਗੋਤ ਹੀ ਲਾ ਲਿਆ। ਦਲੀਪ ਕੌਰ ਦਾ ਫੁੱਫੜ ਤਾਰਾ ਸਿੰਘ ਸਿੱਧੂ ਜੇਲ੍ਹਾਂ ਦੇ ਇੰਸਪੈਕਟਰ ਜਨਰਲ ਸਨ।

ਟਿਵਾਣਾ ਨੇ ਪਟਿਆਲੇ ਰਹਿ ਕੇ ਪੜ੍ਹਾਈ ਸ਼ੁਰੂ ਕੀਤੀ। ਮੁੱਢਲੀ ਵਿਦਿਆ ਸਿੰਘ ਸਭਾ ਸਕੂਲ ਤੋਂ, ਦਸਵੀਂ ਵਿਕਟੋਰੀਆ ਗਰਲਜ਼ ਹਾਈ ਸਕੂਲ ਤੋਂ, 1954 ਵਿਚ ਬੀ.ਏ. ਮਹਿੰਦਰਾ ਕਾਲਜ ਪਟਿਆਲਾ ਤੋਂ ਕੀਤੀ ਤੇ ਐੱਮ.ਏ. ਪੰਜਾਬੀ ਵੀ ਇਸੇ ਹੀ ਕਾਲਜ ਤੋਂ ਪਹਿਲੇ ਦਰਜੇ ਵਿਚ ਪਾਸ ਕੀਤੀ। 1966 ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੀ.ਐੱਚ.ਡੀ. (ਪੰਜਾਬੀ) ਪਾਸ ਕੀਤੀ।

ਦਲੀਪ ਕੌਰ ਟਿਵਾਣਾ ਦਾ ਵਿਆਹ 1972 ਵਿਚ ਪ੍ਰੋ. ਭੁਪਿੰਦਰ ਸਿੰਘ ਨਾਲ ਹੋਇਆ। ਉਹ ਪੰਜਾਬੀ ਯੂਨੀਵਰਸਿਟੀ ਦੇ ਸਮਾਜ ਵਿਭਾਗ ਵਿਚ ਪ੍ਰੋਫ਼ੈਸਰ ਰਹੇ। ਇਨ੍ਹਾਂ ਦੇ ਘਰ ਇਕ ਬੱਚੇ ਸਿਮਰਨਜੀਤ ਸਿੰਘ ਨੇ ਜਨਮ ਲਿਆ, ਜੋ ਪਟਿਆਲੇ ਵਿਖੇ ਯੂਨੀਵਰਸਿਟੀ ਦੇ ਇੰਜੀਨੀਅਰ ਕਾਲਜ ਵਿਚ ਇਲੈਕਟ੍ਰਾਨਿਕਸ ਐਂਡ ਕਮਿਊਨੀਕੇਸ਼ਨ ਵਿਸ਼ੇ ਦਾ ਅਧਿਆਪਕ ਹੈ।

ਡਾ. ਟਿਵਾਣਾ ਸਭ ਤੋਂ ਪਹਿਲਾਂ ਥੋੜ੍ਹਾ ਸਮਾਂ ਧਰਮਸ਼ਾਲਾ (ਕਾਂਗੜਾ) ਦੇ ਸਰਕਾਰੀ ਕਾਲਜ ਵਿਚ ਲੈਕਚਰਾਰ ਰਹੀ, ਬਾਕੀ ਸਮਾਂ ਉਨ੍ਹਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਵੱਖ-ਵੱਖ ਅਹੁਦਿਆਂ 'ਤੇ ਸੇਵਾਵਾਂ ਪ੍ਰਦਾਨ ਕੀਤੀਆਂ। ਡਾ. ਟਿਵਾਣਾ ਯੂਨੀਵਰਸਿਟੀ ਵਿਚ ਲੈਕਚਰਾਰ ਬਣ ਕੇ ਆਉਣ ਵਾਲੀ ਪਹਿਲੀ ਔਰਤ ਸੀ। ਇੱਥੇ ਉਹ 1963 ਤੋਂ 1971 ਤੱਕ ਪੰਜਾਬੀ ਲੈਕਚਰਾਰ ਰਹੀ। 1971 ਤੋਂ 1981 ਤੱਕ ਰੀਡਰ 1981 ਤੋਂ 1983 ਤੱਕ ਪ੍ਰੋਫ਼ੈਸਰ ਦੀ ਡਿਊਟੀ ਨਿਭਾਈ। 1983 ਤੋਂ 1986 ਤੱਕ ਪੰਜਾਬੀ ਵਿਭਾਗ ਦੀ ਮੁਖੀ ਰਹੀ। ਇਸ ਤਰ੍ਹਾਂ 30 ਸਾਲ ਵੱਖ-ਵੱਖ ਅਹੁਦਿਆਂ 'ਤੇ ਸੇਵਾ ਨਿਭਾਉਂਦੀ ਰਹੀ। ਡਾ. ਟਿਵਾਣਾ ਪੰਜਾਬੀ ਯੂਨੀਵਰਸਿਟੀ ਦੇ ਕੈਂਪਸ ਬੀ-12 ਵਿਚ ਰਹਿੰਦੀ ਸੀ। ਉਨ੍ਹਾਂ ਦਾ ਆਪਣਾ ਨਿਵਾਸ ਅਸਥਾਨ ਅਜੀਤ ਨਗਰ ਪਟਿਆਲਾ ਵਿਚ ਹੈ।



ਡਾ. ਟਿਵਾਣਾ ਨੂੰ ਬਚਪਨ ਵਿਚ ਕਿਤਾਬਾਂ ਪੜ੍ਹਨ ਦਾ ਸ਼ੌਂਕ ਸੀ, ਜੋ ਇਸ ਨੂੰ ਸਾਹਿਤਕ ਖੇਤਰ ਵੱਲ ਲੈ ਆਇਆ। ਦਲੀਪ ਕੌਰ ਟਿਵਾਣਾ ਨੇ 1961 ਵਿਚ 'ਸਾਧਨਾਂ' ਕਹਾਣੀ ਸੰਗ੍ਰਹਿ ਲਿਖ ਕੇ ਸਾਹਿਤਕ ਸਫ਼ਰ ਸ਼ੁਰੂ ਕੀਤਾ। ਡਾ. ਟਿਵਾਣਾ ਦੇ ਕਹਾਣੀ ਸੰਗ੍ਰਹਿ ਨੂੰ ਭਾਸ਼ਾ ਵਿਭਾਗ ਵਲੋਂ ਸਾਲ ਦੀ ਸਰਬੋਤਮ ਕਿਤਾਬ ਵਜੋਂ ਇਨਾਮ ਦਿੱਤੇ ਜਾਣ ਨਾਲ ਲਿਖਣ ਦਾ ਉਤਸ਼ਾਹ ਹੋਰ ਵੱਧ ਗਿਆ।

ਡਾ. ਟਿਵਾਣਾ ਨੇ ਪਹਿਲਾ ਨਾਵਲ 'ਅਗਨੀ ਪ੍ਰੀਖਿਆ' 1967 ਵਿਚ ਲਿਖਿਆ। 'ਇਹੁ ਹਮਾਰਾ ਜੀਵਣਾ' 1968 ਵਿਚ ਲਿਖਿਆ ਇਸ ਨਾਵਲ ਨੂੰ ਪੰਜਾਬ ਸਰਕਾਰ ਵਲੋਂ ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਿਆ ਗਿਆ। ਇਸ ਨਾਵਲ ਦਾ ਕਈ ਭਾਸ਼ਾਵਾਂ ਵਿਚ ਅਨੁਵਾਦ ਹੋਇਆ। ਦੂਰਦਰਸ਼ਨ ਜਲੰਧਰ ਨੇ ਇਸ ਨਾਵਲ ਦੇ ਆਧਾਰ 'ਤੇ ਇਕ ਟੀ.ਵੀ. ਸੀਰੀਅਲ ਬਣਾ ਕੇ ਪੇਸ਼ ਕੀਤਾ, ਜੋ ਦਰਸ਼ਕਾਂ ਨੇ ਬੇਹੱਦ ਪਸੰਦ ਕੀਤਾ।

ਦਲੀਪ ਕੌਰ ਟਿਵਾਣਾ ਨੇ 44 ਨਾਵਲ, 7 ਕਹਾਣੀ ਸੰਗ੍ਰਹਿ, 3 ਪੁਸਤਕਾਂ ਬੱਚਿਆਂ ਲਈ, 5 ਸਵੈ ਜੀਵਨੀ ਦੀਆਂ ਕਿਤਾਬਾਂ (ਨੰਗੇ ਪੈਰਾਂ ਦਾ ਸਫ਼ਰ, ਪੂਛਤੇ ਹੋ ਸੁਣੋ, ਤੁਰਦਿਆਂ-ਤੁਰਦਿਆਂ, ਆਪਣੇ ਛਾਵੇਂ, ਰਚਨਾਂ ਮੇਰੀ ਇਬਾਦਤ ਹੈ) ਨੂੰ ਇਕ ਜਿਲਦ ਵਿਚ ਇਕੱਠਿਆਂ ਕਰਕੇ 'ਮੇਰੇ ਪੰਜ ਸਵੈ' ਨਾਮ ਰੱਖ ਦਿੱਤਾ, 3 ਅਲੋਚਨਾਂ ਪੁਸਤਕਾਂ ਲਿਖੀਆਂ ਅਤੇ ਡਾ. ਟਿਵਾਣਾ ਦੀਆਂ ਰਚਨਾਵਾਂ ਤੇ 7 ਕਿਤਾਬਾਂ ਲਿਖੀਆਂ ਜਾ ਚੁੱਕੀਆਂ ਹਨ। ਇਸ ਦੀਆਂ ਰਚਨਾਵਾਂ ਤੇ ਵਿਦਿਆਰਥੀ ਐੱਮ. ਫਿਲ. ਅਤੇ ਪੀ.ਐੱਚ.ਡੀਜ਼ ਕਰ ਰਹੇ ਹਨ।

ਡਾ. ਦਲੀਪ ਕੌਰ ਟਿਵਾਣਾ ਨੂੰ ਹਰ ਵਿਧਾ ਵਿਚ ਲਿਖਣ 'ਤੇ ਕਾਮਯਾਬੀ ਮਿਲੀ। ਉਸ ਨੇ ਜ਼ਿਆਦਾਤਰ ਮਜ਼ਲੂਮ ਔਰਤਾਂ ਲਈ ਸਮਾਜ ਵਿਚ ਵਿਚਰਦਿਆਂ ਘਟੀਆ ਵਰਤਾਰੇ ਬਾਰੇ ਲਿਖਿਆ।

ਡਾ. ਟਿਵਾਣਾ ਦੇ ਕਹੇ ਸ਼ਬਦ "ਸਮਾਂ ਭਾਵੇਂ ਕੋਈ ਹੋਵੇ, ਸਮਾਜ ਭਾਵੇਂ ਕੋਈ ਹੋਵੇ, ਕਿਸੇ ਔਰਤ ਨੂੰ ਇੰਨਸਾਨ ਨਹੀਂ ਸਮਝਿਆ ਜਾਂਦਾ, ਇਹ ਹੀ ਉਸ ਦਾ ਦੁਖਾਂਤ ਹੈ। ਇਸਤਰੀ ਜ਼ਿੰਦਗੀ ਜਿਊਂਦੀ ਨਹੀਂ, ਭੋਗਦੀ ਹੈ। ਉਸ ਦੀ ਆਪਣੀ ਕੋਈ ਪਹਿਚਾਣ ਨਹੀਂ, ਹਸਤੀ ਨਹੀ, ਹੈਸੀਅਤ ਨਹੀਂ, ਉਹ ਸਾਧਨ ਮਾਤਰ ਹੈ।"

ਡਾ. ਟਿਵਾਣਾ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਅਤੇ ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਵਜੋਂ ਸੇਵਾਵਾਂ ਦਿੱਤੀਆਂ।

ਡਾ. ਟਿਵਾਣਾ ਨੂੰ ਵਿਦਿਆ ਦੇ ਖੇਤਰ 'ਚ ਪਾਏ ਯੋਗਦਾਨ ਬਦਲੇ 2004 'ਚ ਅਬਦੁੱਲ ਕਲਾਮ ਭਾਰਤ ਦੇ ਰਾਸ਼ਟਰਪਤੀ ਵਲੋਂ ਪਦਮ ਸ੍ਰੀ ਆਵਾਰਡ ਨਾਲ ਨਿਵਾਜਿਆ ਗਿਆ। ਡਾ. ਦਲੀਪ ਕੌਰ ਨੂੰ ਸਾਹਿਤਕ ਸੇਵਾਵਾਂ ਬਦਲੇ ਬਹੁਤ ਸਾਰੇ ਸਨਮਾਨ ਮਿਲੇ। ਪੰਜਾਬੀ ਸਾਹਿਤ ਦੀ ਉਹ ਪਹਿਲੀ ਔਰਤ ਹੈ, ਜਿਸ ਦਾ 1999 ਵਿਚ ਲਿਖਿਆ ਨਾਵਲ 'ਕਥਾ ਕਹੋ ਉਰਵਸ਼ੀ' ਨੂੰ ਕੇ.ਕੇ. ਵਿਰਲਾ ਫ਼ਾਉਂਡੇਸ਼ਨ ਵਲੋਂ ਸਰਸਵਤੀ ਸਨਮਾਨ ਦਿੱਤਾ ਗਿਆ। ਪੰਜਾਬੀ ਸਾਹਿਤ ਅਕਾਦਮੀ ਦਿੱਲੀ ਵਲੋਂ ਦਹਾਕਾ (1980-90) ਦੀ ਸਰਵੋਤਮ ਨਾਵਲਕਾਰ ਪੁਰਸਕਾਰ ਮਿਲਿਆ। ਪੰਜਾਬ ਸਰਕਾਰ ਵਲੋਂ ਪੰਜਾਬੀ ਸਾਹਿਤ ਰਤਨ ਅਵਾਰਡ, ਭਾਸ਼ਾ ਵਿਭਾਗ ਪੰਜਾਬ ਵਲੋਂ ਸ਼੍ਰੋਮਣੀ ਸਾਹਿਤਕਾਰ ਅਵਾਰਡ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵਲੋਂ ਕਰਤਾਰ ਸਿੰਘ ਧਾਲੀਵਾਲ ਪੁਰਸਕਾਰ, ਬੱਚਿਆਂ ਲਈ ਲਿਖੀ ਪੁਸਤਕ 'ਪੰਜਾਂ ਵਿਚ ਪਰਮੇਸ਼ਰ' ਨੂੰ ਸਿੱਖਿਆ ਅਤੇ ਸਮਾਜ ਭਲਾਈ ਮੰਤਰਾਲੇ ਨੇ ਸਨਮਾਨਿਤ ਕੀਤਾ। ਸਵੈ ਜੀਵਨੀ 'ਨੰਗੇ ਪੈਰਾਂ ਦਾ ਸਫ਼ਰ' ਨੂੰ ਭਾਸ਼ਾ ਵਿਭਾਗ ਪੰਜਾਬ ਵਲੋਂ ਗੁਰਮੱਖ ਸਿੰਘ ਮੁਸਾਫ਼ਿਰ ਅਵਾਰਡ ਮਿਲਿਆ।

ਡਾ. ਟਿਵਾਣਾ ਨੇ ਭਾਰਤ ਸਰਕਾਰ ਨਾਲ ਗਿਲੇ-ਸ਼ਿਕਵੇ ਜ਼ਾਹਰ ਕਰਦਿਆਂ 14 ਅਕਤੂਬਰ, 2015 ਨੂੰ ਪਦਮ ਸ਼੍ਰੀ ਅਵਾਰਡ ਵਾਪਸ ਕਰ ਦਿੱਤਾ ਸੀ।

ਡਾ. ਟਿਵਾਣਾ ਨੂੰ ਅਜਿਹੀ ਬਿਮਾਰੀ ਨੇ ਆ ਘੇਰਿਆ, ਉਹ 20 ਦਿਨ ਮੈਕਸ ਸੁਪਰ ਸਪੈਸ਼ਲਿਟੀ ਹਸਪਤਾਲ ਮੁਹਾਲੀ ਵਿਖੇ ਦਾਖ਼ਲ ਰਹਿਣ ਮਗਰੋਂ 31 ਜਨਵਰੀ, 2020 ਸ਼ਾਮ ਨੂੰ ਸਾਡੇ ਕੋਲ 85 ਸਾਲ ਦੀ ਉਮਰ ਵਿਚ ਸਦਾ ਲਈ ਚਲੇ ਗਏ ਪਰ ਉਨ੍ਹਾਂ ਦੀਆਂ ਲਿਖਤਾਂ ਦਾ ਅਣਮੁੱਲਾ ਸਰਮਾਇਆ ਸਾਡੇ ਕੋਲ ਖ਼ਜ਼ਾਨੇ ਦੀ ਤਰ੍ਹਾਂ ਹੈ। ਅਸੀਂ ਉਨ੍ਹਾਂ ਦੀਆਂ ਕਿਤਾਬਾਂ ਪੜ੍ਹ ਕੇ ਉਨ੍ਹਾਂ ਤੋਂ ਸੇਧ ਲੈ ਕੇ ਸਹੀ ਦਿਸ਼ਾ ਵੱਲ ਚੱਲ ਸਕਦੇ ਹਾਂ।

# ਅਲਵਿਦਾ ! ਬੇਬਾਕ ਪੱਤਰਕਾਰ ਸਰਬਜੀਤ ਸਿੰਘ ਪੰਧੇਰ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਬੇਬਾਕ ਸੀਨੀਅਰ ਪੱਤਰਕਾਰ, ਸੰਪਾਦਕ ਅਤੇ ਫ਼੍ਰੀਲਾਂਸਰ ਫੋਟੋਗ੍ਰਾਫ਼ਰ ਸਰਬਜੀਤ ਸਿੰਘ ਪੰਧੇਰ ਦਾ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਜਾਣਾ ਪੱਤਰਕਾਰ ਭਾਈਚਾਰੇ ਲਈ ਕਦੀ ਨਾ ਪੂਰਾ ਹੋਣ ਵਾਲਾ ਘਾਟਾ ਪੈ ਗਿਆ ਹੈ। ਮੋਹ ਦੀਆਂ ਤੰਦਾਂ ਹਮੇਸ਼ਾ ਜੋੜ ਕੇ ਰੱਖਣ ਵਾਲਾ ਮੋਹਵੰਤਾ ਪੱਤਰਕਾਰ ਆਪਣੇ ਦੋਸਤਾਂ ਮਿੱਤਰਾਂ ਨਾਲੋਂ ਮੋਹ ਤੋੜ ਗਿਆ। ਪੱਤਰਕਾਰ ਦੋਸਤਾਂ ਦੀਆਂ ਮਹਿਫ਼ਲਾਂ ਦਾ ਸ਼ਿੰਗਾਰ, ਮਹਿਫ਼ਲਾਂ ਨੂੰ ਸੁੰਨੀਆਂ ਕਰ ਗਿਆ। ਸਰਬਜੀਤ ਪੰਧੇਰ ਬਹੁਤ ਹੀ ਪ੍ਰਤਿਭਾਵਾਨ, ਸੰਜੀਦਾ, ਸੰਵੇਦਨਸ਼ੀਲ ਤੇ ਇਮਾਨਦਾਰ ਪੱਤਰਕਾਰ ਸੀ। ਸੰਜੀਦਾ ਵਿਅਕਤੀ ਹੋਣ ਦੇ ਬਾਵਜੂਦ ਗੰਭੀਰ ਮੁੱਦਿਆਂ ਨੂੰ ਵੀ ਹਾਸੇ ਠੱਠੇ ਦੇ ਰੰਗਾਂ ਵਿਚ ਰੰਗ ਦਿੰਦਾ ਸੀ। ਭਾਵੇਂ ਉਹ ਕਿਤਨੇ ਹੀ ਮਾਨਸਿਕ ਤਣਾਓ ਵਿਚ ਰਿਹਾ ਪ੍ਰੰਤੂ ਦੋਸਤਾਂ ਮਿੱਤਰਾਂ ਨਾਲ ਕਦੇ ਵੀ ਆਪਣੀਆਂ ਉਲਝੀਆਂ ਤਾਣੀਆਂ ਨੂੰ ਸਾਂਝੀਆਂ ਨਹੀਂ ਕੀਤੀਆਂ। ਉਸ ਵਿਚ ਹਰ ਸਮੱਸਿਆ ਦਾ ਮੁਕਾਬਲਾ ਕਰਨ ਦੀ ਸਮਰੱਥਾ ਸੀ। ਉਹ ਮੋਹਵੰਤਾ ਇਨਸਾਨ ਸੀ, ਜਿਸ ਵੀ ਵਿਅਕਤੀ ਨੂੰ ਇੱਕ ਵਾਰ ਮਿਲ ਲਿਆ, ਉਹ ਉਸ ਨੂੰ ਆਪਣਾ ਬਣਾ ਲੈਂਦਾ ਸੀ। ਮਨੁੱਖੀ ਰਿਸ਼ਤਿਆਂ ਦਾ ਕਦਰਦਾਨ ਸੀ। ਉਹ ਰਿਸ਼ਤੇ ਨਿਭਾਉਣ ਦਾ ਵੀ ਪੱਕਾ ਸਮਰੱਥਕ ਸੀ। ਸਰਬਜੀਤ ਪੰਧੇਰ ਕਦੀਂ ਵੀ ਕਿਸੇ ਨੂੰ ਆਪਣੇ ਤੋਂ ਦੂਰ ਨਹੀਂ ਹੋਣ ਦਿੰਦਾ ਸੀ, ਬਸ਼ਰਤੇ ਕੇ ਕੋਈ ਖੁਦ ਹੀ ਉਸ ਨਾਲੋਂ ਨਾਤਾ ਤੋੜ ਲਵੇ। ਉਹ ਖੁਦਦਾਰ ਵਿਅਕਤੀ ਸੀ। ਉਸ ਨੇ ਪੱਤਰਕਾਰੀ ਨੂੰ ਕਿਸੇ ਨਿੱਜੀ ਹਿੱਤਾਂ ਲਈ ਨਹੀਂ ਵਰਤਿਆ। ਉਸ ਦਾ ਪਰਿਵਾਰ ਪੰਜਾਬ ਦੇ ਮਰਹੂਮ ਮੁੱਖ ਮੰਤਰੀ ਸ. ਬੇਅੰਤ ਸਿੰਘ ਦੇ ਨਜ਼ਦੀਕ ਸੀ ਕਿਉਂਕਿ ਉਸ ਦਾ ਪਿੰਡ ਲੁਧਿਆਣਾ ਜ਼ਿਲ੍ਹੇ ਵਿਚ ਸ. ਬੇਅੰਤ ਸਿੰਘ ਦੇ ਪਿੰਡ ਕੋਟਲੀ ਅਫ਼ਗਾਨਾਂ ਦੇ ਨਾਲ ਲੱਗਦਾ ਸ਼ਾਹਪੁਰ ਸੀ। ਉਸ ਦੇ ਪਿਤਾ ਸ. ਗੁਰਦੇਵ ਸਿੰਘ ਪੰਧੇਰ ਨਫ਼ੀਸ ਕਿਸਮ ਦੇ ਦਿਆਨਤਦਾਰ ਅਗਾਂਹਵਧੂ ਵਿਅਕਤੀ ਹਨ। ਗੁਰਦੇਵ ਸਿੰਘ ਪੰਧੇਰ ਇਕ ਵਾਰ ਪਾਇਲ ਵਿਧਾਨ ਸਭਾ ਹਲਕੇ ਤੋਂ ਚੋਣ ਵੀ ਲੜੇ ਸਨ। ਉਨ੍ਹਾਂ ਦਾ ਚੰਗਾ ਖਾਂਦਾ-ਪੀਂਦਾ ਖ਼ਾਨਦਾਨੀ ਲੁਧਿਆਣਾ ਜ਼ਿਲ੍ਹੇ ਦਾ ਮੰਨਿਆਂ-ਪ੍ਰਮੰਨਿਆਂ ਪਰਿਵਾਰ ਹੈ। ਉਹ ਅਕਸਰ ਜਦੋਂ ਬਤੌਰ ਪੱਤਰਕਾਰ ਸਰਦਾਰ ਬੇਅੰਤ ਸਿੰਘ ਨੂੰ ਮਿਲਦਾ ਹੁੰਦਾ ਸੀ, ਤਾਂ ਹਮੇਸ਼ਾ ਤਾਇਆ ਜੀ ਕਹਿ ਕੇ ਬੁਲਾਂਦਾ ਹੁੰਦਾ ਸੀ। ਮੈਂ ਇਸ ਗੱਲ ਦਾ ਗਵਾਹ ਹਾਂ ਕਿ ਉਸ ਨੇ ਆਪਣੇ ਤਾਇਆ ਜੀ ਦੀ ਕੋਈ ਨਿੱਜੀ ਲਾਭ ਲੈਣ ਦੀ ਗੱਲ ਨੂੰ ਸਵੀਕਾਰ ਨਹੀਂ ਕੀਤਾ। ਪੱਤਰਕਾਰੀ ਕਰਦਿਆਂ ਉਸ ਨੇ ਕਿਸੇ ਵੀ ਸਿਆਸਤਦਾਨ ਤੋਂ ਕਦੀਂ ਵੀ ਕੋਈ ਰਿਆਇਤ ਨਹੀਂ ਲਈ। ਪ੍ਰੰਤੂ ਖ਼ਬਰ ਕਰਨ ਲੱਗਿਆਂ ਉਸ ਨੇ ਕਿਸੇ ਨੂੰ ਵੀ ਮੁਆਫ਼ ਨਹੀਂ ਕੀਤਾ। ਸਰਬਜੀਤ ਪੰਧੇਰ ਨੇ ਆਪਣਾ ਪੱਤਰਕਾਰੀ ਦਾ ਕੈਰੀਅਰ 'ਦਾ ਟ੍ਰਿਬਿਊਨ' ਅਖ਼ਬਾਰ ਵਿਚ ਗੁਰਦਾਸਪੁਰ ਤੋਂ ਬਤੌਰ ਸਟਰਿੰਗਰ ਦੇ ਸ਼ੁਰੂ ਕੀਤਾ ਸੀ। ਉਸ ਤੋਂ ਬਾਅਦ ਥੋੜ੍ਹਾ ਸਮਾਂ ਪੰਜਾਬ ਰਾਜ ਬਿਜਲੀ ਬੋਰਡ ਵਿਚ ਸੂਚਨਾ ਅਧਿਕਾਰੀ ਦੇ ਤੌਰ 'ਤੇ ਵੀ ਕੰਮ ਕੀਤਾ। ਇਸ ਸਮੇਂ ਦੌਰਾਨ ਉਸ ਦਾ ਸੰਪਰਕ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਹੋ ਗਿਆ। ਉਹ ਕੈਪਟਨ ਅਮਰਿੰਦਰ ਸਿੰਘ ਦੇ ਕਾਂਗਰਸ ਪਾਰਟੀ ਦੇ ਪ੍ਰਧਾਨ ਹੁੰਦਿਆਂ ਲੰਬਾਂ ਸਮਾਂ ਉਨ੍ਹਾਂ ਦੇ ਮੀਡੀਆ ਦਾ ਕੰਮ ਕਰਦਾ ਰਿਹਾ। ਕੈਪਟਨ ਅਮਰਿੰਦਰ ਸਿੰਘ ਦੇ ਨਜ਼ਦੀਕੀ ਤਿੰਨ ਬਹੁਤ ਹੀ ਸੀਨੀਅਰ ਪੱਤਰਕਾਰਾਂ ਵਿਚੋਂ ਉਹ ਇੱਕ ਸੀ। ਪ੍ਰੰਤੂ ਉਸ ਦੇ ਦੋਵੇਂ ਸਾਥੀ ਪੱਤਰਕਾਰ ਕੈਪਟਨ ਅਮਰਿੰਦਰ ਸਿੰਘ ਦੇ ਦੋ ਵਾਰੀ ਮੁੱਖ ਮੰਤਰੀ ਹੁੰਦਿਆਂ ਵੱਡੇ ਅਹੁਦਿਆਂ ਦਾ ਆਨੰਦ ਮਾਣਦੇ ਰਹੇ। ਪ੍ਰੰਤੂ ਸਰਬਜੀਤ ਪੰਧੇਰ ਨੇ ਕੋਈ ਅਹੁਦਾ ਤਾਂ ਕੀ ਲੈਣਾ ਸੀ ਪ੍ਰੰਤੂ ਕਦੀਂ ਵੀ ਮੁੱਖ ਮੰਤਰੀ ਨੂੰ ਮਿਲਣ ਦੀ ਕੋਸ਼ਿਸ਼ ਨਹੀਂ ਕੀਤੀ। ਉਹ ਪ੍ਰੈੱਸ ਕਲੱਬ ਚੰਡੀਗੜ੍ਹ ਦਾ ਦੋ ਵਾਰ 2002 ਤੋਂ 2004 ਅਤੇ 2008 ਤੋਂ 2010 ਤੱਕ ਪ੍ਰਧਾਨ ਰਿਹਾ ਹੈ। ਆਪਣੀ ਪ੍ਰਧਾਨਗੀ ਦੇ ਸਮੇਂ ਦੌਰਾਨ ਉਸ ਨੇ ਪ੍ਰੈੱਸ ਕਲੱਬ ਦੇ ਵੱਡੇ ਹਾਲ ਦੀ ਐਕਸਪੈਨਸਨ ਕਰਵਾਈ। 2024 ਵਿਚ ਪ੍ਰੈੱਸ ਕਲੱਬ ਚੰਡੀਗੜ੍ਹ ਦੀ ਚੋਣ ਸਮੇਂ ਗੰਭੀਰ ਬੀਮਾਰੀ ਦੀ ਹਾਲਤ ਵਿਚ ਵੀ ਉਹ ਆਪਣੀ ਵੋਟ ਪਾਉਣ ਲਈ ਵ੍ਹੀਲ ਚੇਅਰ 'ਤੇ ਆਇਆ ਸੀ।



ਪਿਛਲੇ ਅਕਤੂਬਰ 2023 ਤੋਂ ਉਹ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਦਾ ਮੁਕਾਬਲਾ ਕਰਦਾ ਆ ਰਿਹਾ ਸੀ। ਉਹ ਪੀ.ਜੀ.ਆਈ. ਵਿਚ ਦਾਖ਼ਲ ਵੀ ਰਿਹਾ ਤੇ ਹੁਣ ਵੀ ਉਸ ਦਾ ਪੀ.ਜੀ.ਆਈ. ਤੋਂ ਇਲਾਜ ਚੱਲ ਰਿਹਾ ਸੀ। ਉਹ ਦੋਸਤਾਂ ਦਾ ਦੋਸਤ ਸੀ ਤੇ ਉਸ ਨੂੰ ਦੋਸਤੀ ਵੀ ਨਿਭਾਉਣੀ ਆਉਂਦੀ ਸੀ। ਇੱਕ ਘਟਨਾ ਦਾ ਜ਼ਿਕਰ ਕਰਾਂਗਾ। ਇੱਕ ਵਾਰ ਉਹ ਪਟਿਆਲਾ ਤੋਂ ਵਾਇਆ ਸਰਹੰਦ ਚੰਡੀਗੜ੍ਹ ਆਪਣੇ ਇੱਕ ਦੋਸਤ ਨਾਲ ਦੋਸਤ ਦੀ ਕਾਰ ਵਿਚ ਚੰਡੀਗੜ੍ਹ ਨੂੰ ਜਾ ਰਿਹਾ ਸੀ। ਉਸ ਦੇ ਦੋਸਤ ਦਾ ਲੜਕਾ ਕਾਰ ਚਲਾ ਰਿਹਾ ਸੀ, ਰਸਤੇ ਵਿਚ ਕਾਰ ਦਾ ਐਕਸੀਡੈਂਟ ਹੋ ਗਿਆ। ਇਸ ਐਕਸੀਡੈਂਟ ਵਿਚ ਇੱਕ ਵਿਅਕਤੀ ਜੋ ਪੁਲਿਸ ਵਿਚ ਨੌਕਰੀ ਕਰਦਾ ਸੀ, ਮਾਰਿਆ ਗਿਆ। ਪੁਲਿਸ ਕੇਸ ਦਰਜ ਹੋ ਗਿਆ। ਦੋਸਤ ਦੇ ਲੜਕੇ ਦਾ ਕੈਰੀਅਰ ਦਾਅ 'ਤੇ ਲੱਗ ਗਿਆ। ਸਰਬਜੀਤ ਪੰਧੇਰ ਦੀ ਫ਼ਿਰਾਕਦਿਲੀ ਵੇਖੋ, ਉਸ ਨੇ ਪੜਤਾਲੀਆ ਅਧਿਕਾਰੀ ਕੋਲ ਬਿਆਨ ਦਿੱਤਾ ਕਿ ਕਾਰ ਦੋਸਤ ਦਾ ਲੜਕਾ ਨਹੀਂ ਸਗੋਂ ਉਹ ਆਪ ਚਲਾ ਰਿਹਾ ਸੀ। ਸਾਰੀ ਜ਼ਿੰਮੇਵਾਰੀ ਆਪਣੇ ਸਿਰ 'ਤੇ ਲੈ ਲਈ।

ਸਰਬਜੀਤ ਸਿੰਘ ਪੰਧੇਰ ਨੇ ਪ੍ਰੈੱਸ ਟਰੱਸਟ ਆਫ਼ ਇੰਡੀਆ ਦੇ ਸਟਾਫ ਰਿਪੋਰਟਰ ਦੇ ਤੌਰ 'ਤੇ 1991 ਤੋਂ 1996 ਤੱਕ ਕੰਮ ਕੀਤਾ। ਉਹ ਪ੍ਰੈੱਸ ਟਰੱਸਟ ਆਫ਼ ਇੰਡੀਆ ਦੀ ਯੂਨੀਅਨ ਦਾ ਪ੍ਰਧਾਨ ਵੀ ਰਿਹਾ ਸੀ। ਜਨਵਰੀ 1997 ਵਿਚ ਸਰਬਜੀਤ ਪੰਧੇਰ ਨੇ ਭਾਰਤ ਦੇ ਚੋਟੀ ਦੇ ਪ੍ਰਮੁੱਖ ਅਖ਼ਬਾਰ 'ਦਾ ਹਿੰਦੂ' ਵਿਚ ਵਿਸ਼ੇਸ਼ ਪੱਤਰਕਾਰ ਦੇ ਤੌਰ 'ਤੇ ਨੌਕਰੀ ਸ਼ੁਰੂ ਕੀਤੀ ਅਤੇ 18 ਸਾਲ ਕੰਮ ਕਰਕੇ ਬਤੌਰ ਸਹਾਇਕ ਸੰਪਾਦਕ ਅਪ੍ਰੈਲ 2015 ਅਗਾਊਂ ਸੇਵਾਮੁਕਤੀ ਲੈ ਲਈ। ਉਹ ਆਪਣੀ ਪੱਤਰਕਾਰੀ ਵੀ ਅਣਖ਼ ਨਾਲ ਕਰਦਾ ਸੀ, ਜਦੋਂ ਹਿੰਦੂ ਅਖ਼ਬਾਰ ਨੇ ਸਰਬਜੀਤ ਪੰਧੇਰ ਦੀਆਂ ਖ਼ਬਰਾਂ ਨੂੰ ਅਣਡਿੱਠ ਕਰਨਾ ਸ਼ੁਰੂ ਕਰ ਦਿੱਤਾ, ਤਾਂ ਉਸ ਨੇ ਅਸਤੀਫ਼ਾ ਦੇ ਦਿੱਤਾ ਸੀ। ਇਸ ਤੋਂ ਬਾਅਦ ਮਈ 2015 ਵਿਚ ਉਸ ਨੇ 'ਸੰਡੇ ਗਾਰਡੀਅਨ' ਅਖ਼ਬਾਰ ਵਿਚ ਐਸੋਸੀਏਟ ਐਡੀਟਰ ਦੇ ਤੌਰ 'ਤੇ ਕੰਮ ਕਰਨਾ ਸ਼ੁਰੂ ਕੀਤਾ ਤੇ ਸਤੰਬਰ 2015 ਤੱਕ ਇਸ ਅਹੁਦੇ 'ਤੇ ਰਹੇ। ਫਿਰ 2016 ਵਿਚ ਚੰਡੀਗੜ੍ਹ ਤੋਂ ਪ੍ਰਕਾਸ਼ਿਤ ਹੋਣ ਵਾਲੇ ਇੱਕ ਅੰਗਰੇਜ਼ੀ ਦੇ ਰੋਜ਼ਾਨਾ ਅਖ਼ਬਾਰ 'ਡੇਅਲੀ ਪੋਸਟ' ਵਿਚ ਉਹ ਸੰਪਾਦਕ ਲੱਗ ਗਏ, ਉਥੇ ਵੀ ਜਦੋਂ ਅਖ਼ਬਾਰ ਦੇ ਮਾਲਕਾਂ ਨੇ ਅਖ਼ਬਾਰ ਵਿਚ ਦਖ਼ਲਅੰਦਾਜ਼ੀ ਕਰਨੀ ਸ਼ੁਰੂ ਕਰ ਦਿੱਤੀ, ਤਾਂ ਸਰਬਜੀਤ ਪੰਧੇਰ ਨੇ ਤੁਰੰਤ ਅਸਤੀਫ਼ਾ ਦੇ ਦਿੱਤਾ। ਉਹ ਆਪਣੀ ਅਣਖ ਨੂੰ ਆਂਚ ਨਹੀਂ ਆਉਣ ਦਿੰਦਾ ਸੀ। ਆਪਣੀਆਂ ਸ਼ਰਤਾਂ 'ਤੇ ਨੌਕਰੀ ਕਰਦਾ ਸੀ। ਉਹ ਅਸੂਲਾਂ ਦਾ ਪੱਕਾ ਖ਼ੁਦਦਾਰ ਪੱਤਰਕਾਰ ਸੀ। ਉਹ ਪੱਤਰਕਾਰੀ ਆਪਣੇ ਦਮ 'ਤੇ ਧੜੱਲੇਦਾਰੀ, ਦਿਆਨਤਦਾਰੀ ਅਤੇ ਜ਼ੁਅਰਤ ਨਾਲ ਅਸੂਲਾਂ ਅਨੁਸਾਰ ਕਰਦਾ ਰਿਹਾ। ਲਾਲਚ ਉਸ ਤੋਂ ਕੋਹਾਂ ਦੂਰ ਸੀ, ਉਹ ਪੱਤਰਕਾਰੀ ਦੇ ਫ਼ਰਜ਼ਾਂ ਅਤੇ ਅਧਿਕਾਰਾਂ ਬਾਰੇ ਚੇਤੰਨ ਸੀ। ਉਹ ਫ਼ੋਟੋਗ੍ਰਾਫ਼ੀ ਵੀ ਕਮਾਲ ਦੀ ਕਰਦਾ ਸੀ। 2007 ਵਿਚ ਉਸ ਨੇ 'ਪਿਕਸਲ ਪੈਲਟ' ਨਾਂ ਦਾ ਗਰੁੱਪ ਬਣਾਇਆ, ਜਿਹੜਾ ਫੋਟੋਗ੍ਰਾਫ਼ੀ ਨੂੰ ਪ੍ਰਮੋਟ ਕਰਨ ਦਾ ਕੰਮ ਕਰਦਾ ਸੀ। ਉਸ ਨੇ ਅਗਸਤ 2015 ਵਿਚ ਆਪਣੀ ਫੋਟੋਗ੍ਰਾਫ਼ੀ ਦੀ ਨੁਮਾਇਸ਼ ਕਲਾ ਭਵਨ ਵਿਚ 'ਕੈਮਰਾ ਕਰੌਨੀਕਲਜ਼' ਦੇ ਨਾਮ 'ਤੇ ਲਗਾਈ ਸੀ, ਜਿਹੜੀ ਉਸ ਦੀ ਪਰਪੱਕ ਕਲਾਸਿਕ ਫੋਟੋਗ੍ਰਾਫਰ ਹੋਣ ਦੀ ਤਸਦੀਕ ਕਰਦੀ ਹੈ। ਅਖ਼ਬਾਰਾਂ ਵਿਚੋਂ ਨੌਕਰੀ ਛੱਡਣ ਤੋਂ ਬਾਅਦ ਉਸ ਨੇ ਫ਼ੋਟੋਗ੍ਰਾਫੀ ਦੀਆਂ ਕਈ ਨੁਮਾਇਸ਼ਾਂ ਦੇਸ਼-ਵਿਦੇਸ਼ ਵਿਚ ਲਗਾਈਆਂ ਸਨ।

ਸਰਬਜੀਤ ਸਿੰਘ ਪੰਧੇਰ ਦਾ ਜਨਮ 31 ਅਗਸਤ, 1964 ਨੂੰ ਪਿਤਾ ਗੁਰਦੇਵ ਸਿੰਘ ਪੰਧੇਰ ਦੇ ਘਰ ਮਾਤਾ ਮਹਿੰਦਰ ਕੌਰ ਦੀ ਕੁੱਖੋਂ ਹੋਇਆ। ਪੰਧੇਰ ਪਰਿਵਾਰ ਅਤੇ ਸਕੇ-ਸੰਬੰਧੀਆਂ ਵਿਚ ਉਹ ਸਰਬਜੀਤ ਰਾਣਾ ਦੇ ਨਾਮ ਨਾਲ ਜਾਣੇ ਜਾਂਦੇ ਸਨ। ਉਸ ਨੇ ਆਪਣੀ ਮੁੱਢਲੀ ਪੜ੍ਹਾਈ ਲੁਧਿਆਣਾ ਤੋਂ ਹੀ ਕੀਤੀ। ਉਹ 1969-1980 ਤੱਕ ਸੇਕਰਡ ਹਾਰਟ ਸਕੂਲ ਲੁਧਿਆਣਾ ਵਿਚ ਦਸਵੀਂ ਤੱਕ ਪੜ੍ਹਦੇ ਰਹੇ। ਉਸ ਨੇ ਬੀ.ਏ. 1980-85 ਤੱਕ ਆਰੀਆ ਕਾਲਜ ਲੁਧਿਆਣਾ ਅਤੇ ਐੱਮ.ਏ. ਅੰਗਰੇਜ਼ੀ 1985-86 'ਚ ਪਾਸ ਕੀਤੀਆਂ। ਮਾਸਟਰ ਡਿਗਰੀ ਕਮਿਊਨੀਕੇਸ਼ਨ ਜਰਨਲਿਜ਼ਮ ਐਂਡ ਰੀਲੇਟਡ ਪ੍ਰੋਗਰਾਮ 1986-89 ਤੱਕ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਕੀਤੀ ਸੀ। ਉਹ ਆਪਣੇ ਪਿੱਛੇ 90 ਸਾਲਾ ਪਿਤਾ ਗੁਰਦੇਵ ਸਿੰਘ ਪੰਧੇਰ, ਭਰਾ ਕਰਮਜੀਤ ਸਿੰਘ ਪੰਧੇਰ (ਬੱਬੀ), ਪਤਨੀ ਡਾ. ਨੀਨਾ ਚੌਧਰੀ, ਦੋ ਪੁੱਤਰੀਆਂ ਗੁਰਸਿਮਰਤ ਕੌਰ ਅਤੇ ਸੁਪਰਵਾ ਪੰਧੇਰ ਛੱਡ ਗਏ ਹਨ।

# ਸਿਆਸੀ ਬਿਆਨਾਂ ਅਤੇ ਆਰਥਿਕਤਾ ਰਿਪੋਰਟਾਂ ਨੇ ਪਾਇਆ ਲੋਕਾਂ ਨੂੰ ਭੰਬਲਭੂਸੇ

ਡਾ. ਅਮਨਪ੍ਰੀਤ ਸਿੰਘ ਬਰਾੜ
96537-90000
(Punjab Mail USA)



ਹਰ ਰੋਜ਼ ਸਾਨੂੰ ਵੇਖਣ, ਸੁਣਨ ਨੂੰ ਮਿਲਦਾ ਹੈ ਕਿ ਭਾਰਤ ਵਿਸ਼ਵ ਤਾਕਤ ਬਣਨ ਵੱਲ ਠੋਸ ਕਦਮ ਪੁੱਟ ਰਿਹਾ ਹੈ। ਹਾਲ ਹੀ ਵਿਚ ਕਈ ਸਿਆਸੀ ਬਿਆਨ ਆਉਂਦੇ ਹਨ, ਜਿੱਥੇ ਦੇਸ਼ ਵਿਸ਼ਵ ਦੀ ਪੰਜਵੀਂ ਅਰਥ ਵਿਵਸਥਾ ਬਣਾ ਚੁੱਕਾ ਹੈ। ਇਸਦੇ ਨਾਲ ਹੀ ਸਾਡੀ ਜੀ.ਡੀ.ਪੀ. ਵਿਚ ਵੀ ਚੋਖਾ ਵਾਧਾ ਹੋ ਰਿਹਾ ਹੈ। ਇਸ ਨਾਲ ਭਾਰਤ ਅੰਤਰਾਸ਼ਟਰੀ ਪੱਧਰ 'ਤੇ ਇੱਕ ਤਾਕਤਵਰ ਦੇਸ਼ ਬਣ ਚੁੱਕਾ ਹੈ। ਇਹ ਕੁਝ ਪੜ੍ਹ-ਸੁਣ ਕੇ ਬੇਹੱਦ ਖੁਸ਼ੀ ਹੁੰਦੀ ਹੈ ਕਿ ਸਾਡਾ ਦੇਸ਼ ਤਰੱਕੀ ਕਰ ਰਿਹਾ ਹੈ। ਕਿਉਂਕਿ ਜੇ ਦੇਸ਼ ਤਰੱਕੀ ਕਰੇਗਾ, ਤਾਂ ਹੀ ਇਥੋਂ ਦੇ ਬਾਸ਼ਿੰਦੇ ਖੁਸ਼ਹਾਲ ਹੋਣਗੇ। ਇਸ ਸਭ ਦੇ ਉਲਟ, ਜਦੋਂ ਖੋਜ ਆਧਾਰਿਤ ਰਿਪੋਰਟਾਂ ਆਉਂਦੀਆਂ ਹਨ, ਤਾਂ ਇੰਝ ਲੱਗਦਾ ਹੈ ਕਿ ਜਿਵੇਂ ਅਸੀਂ ਖੁਸ਼ਹਾਲੀ ਵੱਲ ਨਹੀਂ, ਬਲਕਿ ਕਰਜ਼ੇ ਦੀ ਦਲਦਲ ਵੱਲ ਵੱਧ ਰਹੇ ਹਾਂ। ਗੱਲ ਕਰਦੇ ਹਾਂ ਜੀ.ਡੀ.ਪੀ. ਦੇ ਵਾਧੇ ਦੀ, ਹਰ ਪਾਸੇ ਚਰਚਾ ਹੋ ਰਹੀ ਹੈ ਕਿ ਸਾਡੀ ਜੀ.ਡੀ.ਪੀ. 6-7 ਪ੍ਰਤੀਸ਼ਤ ਦੀ ਦਰ ਨਾਲ ਵੱਧ ਰਹੀ ਹੈ। ਪਰ ਦੂਜੇ ਪਾਸੇ ਹਾਲ ਹੀ ਵਿਚ ਆਈ ਮੋਤੀਲਾਲ ਉਸਵਾਲ ਫਾਇਨਾਂਸ਼ੀਅਲ ਸਰਵਿਸ ਫਰਮ ਦੀ ਰਿਪੋਰਟ ਮੁਤਾਬਕ ਇਸ ਵੇਲੇ ਲੋਕਾਂ ਨੂੰ ਘਰ ਚਲਾਉਣ ਲਈ ਕਰਜ਼ਾ ਲੈਣਾ ਪੈ ਰਿਹਾ ਹੈ, ਜੋ ਕਿ ਦਸੰਬਰ 2023 ਵਿਚ ਵੱਧ ਕੇ ਜੀ.ਡੀ.ਪੀ. ਦਾ 40 ਫੀਸਦੀ ਹੋ ਚੁੱਕਾ ਹੈ ਅਤੇ ਲੋਕਾਂ ਦੀ ਬਚਤ 5 ਫੀਸਦੀ ਨਾਲ ਘਟੀ ਹੈ। ਘਰੇਲੂ ਕਰਜ਼ੇ ਵਿਚ ਵੀ ਅਸੁਰੱਖਿਅਤ ਨਿੱਜੀ ਕਰਜ਼ਾ ਸਭ ਤੋਂ ਵੱਧ ਹੈ। ਇਸ ਤਰ੍ਹਾਂ ਦੇ ਨਿੱਜੀ ਕਰਜ਼ੇ ਜਿਸ ਪ੍ਰਤੀ ਕੋਈ ਸਕਿਉਰਟੀ ਨਹੀਂ ਰੱਖੀ ਜਾਂਦੀ। ਇਸ ਦੇ ਲਈ ਵਿਆਜ ਦਰ ਤਕਰੀਬਨ 24 ਤੋਂ 36 ਫੀਸਦੀ ਤੱਕ ਚਲੀ ਜਾਂਦੀ ਹੈ। ਉਸ ਦਾ ਇਸ ਦੀ ਰਿਕਵਰੀ ਮੁਸ਼ਕਿਲ ਹੁੰਦੀ ਹੈ ਅਤੇ ਕਰਜ਼ਾ ਦੇਣ ਵਾਲੀਆਂ ਏਜੰਸੀਆਂ ਨੇ ਅੱਗੋਂ ਬਾਹੂਬਲੀਆਂ ਨੂੰ ਠੇਕੇ ਦਿੱਤੇ ਹੁੰਦੇ ਹਨ। ਦੂਜੇ ਪਾਸੇ ਹੈ ਕਿ ਸਾਡੇ ਦੇਸ਼ ਦੇ ਅਰਬਪਤੀ ਵੀ ਹੁਣ ਦੁਨੀਆਂ ਦੇ ਸਭ ਤੋਂ ਅਮੀਰ ਦੱਸ ਬੰਦਿਆਂ ਵਿਚ ਪਹੁੰਚ ਚੁੱਕੇ ਹਨ। ਇਸ ਸਮੇਂ ਦੌਰਾਨ 40 ਹੋਰ ਭਾਰਤੀ ਅਰਬਪਤੀ ਵੀ ਸੂਚੀ ਵਿਚ ਸ਼ਾਮਲ ਹਨ। ਯੂ.ਐੱਨ.ਡੀ.ਪੀ. ਦੀ ਏਸ਼ੀਆ ਪੈਸਿਫਿਕ ਹਿਊਮਨ ਡਿਵੈਲਪਮੈਂਟ (**Asia pacific human development**) ਦੀ ਤਾਜ਼ੀ ਰਿਪੋਰਟ ਅਨੁਸਾਰ ਦੇਸ਼ ਦੇ ਇੱਕ ਫੀਸਦੀ ਲੋਕਾਂ ਕੋਲ 22 ਫੀਸਦੀ ਆਮਦਨ ਹੈ, ਜਦਕਿ 10 ਫੀਸਦੀ ਉਪਰਲਿਆਂ ਕੋਲ 40 ਫੀਸਦੀ ਆਮਦਨ ਹੈ। ਇਸਦਾ ਅਰਥ ਹੈ ਕਿ ਬਚੇ 90 ਫੀਸਦੀ ਲੋਕਾਂ ਕੋਲ 60 ਫੀਸਦੀ ਆਮਦਨ ਹੈ।

ਇਸ ਵੇਲੇ ਭਾਰਤ ਦੀ ਪ੍ਰਤੀ ਜੀਅ ਆਮਦਨ 2389 ਡਾਲਰ। ਪਰ ਜਿਸ ਦੇਸ਼ ਨੂੰ ਪਛਾੜ ਕੇ ਅਸੀਂ ਵਿਸ਼ਵ ਦੀ ਪੰਜਵੀਂ ਅਰਥ ਵਿਵਸਥਾ ਬਣੇ ਹਾਂ, ਉਸ ਨਾਲੋਂ ਸਾਡੀ ਪ੍ਰਤੀ ਜੀਅ ਆਮਦਨ ਦੱਸਵੇ ਹਿੱਸੇ ਤੋਂ ਘੱਟ ਹੈ। ਇਸ ਵੇਲੇ ਸਵਾਲ ਤਾਂ ਇਹ ਹਨ ਕਿ ਕੀ ਆਮ ਲੋਕਾਂ ਦੀ ਆਮਦਨ ਵਧੀ ਹੈ? ਕੀ ਮਹਿੰਗਾਈ ਘਟੀ ਹੈ? ਦਰਅਸਲ ਦੇਸ਼ ਵਿਚ ਮਹਿੰਗਾਈ ਦਰ ਕਾਬੂ ਵਿਚ ਨਹੀਂ ਆ ਰਹੀ, ਖਾਸ ਕਰਕੇ ਜ਼ਰੂਰਤ ਦੀਆਂ ਚੀਜ਼ਾਂ ਦੀ। ਇਸ ਦੇ ਨਾਲ ਹੀ ਬੇਰੁਜ਼ਗਾਰੀ ਵੀ ਕਾਬੂ ਵਿਚ ਨਹੀਂ ਆ ਰਹੀ, ਜਿਹੜਾ ਰੋਜ਼ਗਾਰ ਮਿਲਦਾ ਹੈ, ਉਸ ਨਾਲ ਪਰਿਵਾਰ ਦਾ ਗੁਜ਼ਾਰਾ ਨਹੀਂ ਚੱਲਦਾ। ਸਰਕਾਰਾਂ ਵੀ ਰੋਜ਼ਗਾਰ ਦੇਣ ਵਿਚ ਦਿਲਚਸਪੀ ਨਹੀਂ ਰੱਖਦੀਆਂ, ਬਲਕਿ ਮੁਫ਼ਤ ਦੀ ਰਾਜਨੀਤੀ ਵੱਲ ਜ਼ਿਆਦਾ ਧਿਆਨ ਹੈ। ਇਸ ਦਾ ਪ੍ਰਮਾਣ ਮਿਲਦਾ ਹੈ ਕਿ ਕਿਵੇਂ ਲੋਕ ਦੇਸ਼ ਛੱਡਣ ਨੂੰ ਕਾਹਲੇ ਹਨ। ਇਸ ਵਿਚ ਬਦਨਾਮ ਸਿਰਫ ਪੰਜਾਬ ਹੀ ਹੋ ਰਿਹਾ ਹੈ ਪਰ ਜੇ ਅੰਕੜਿਆਂ ਦੀ ਗੱਲ ਕਰੋ, ਤਾਂ ਪੜ੍ਹਾਈ ਲਈ ਬਾਹਰਲੇ ਦੇਸ਼ਾਂ ਵੱਲ ਜਾਣ ਵਾਲੇ 12.5 ਫੀਸਦੀ ਪੰਜਾਬੀ ਹਨ, ਜਦਕਿ 12.5 ਫੀਸਦੀ ਹੀ ਮਹਾਂਰਾਸ਼ਟਰਾ, ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾ ਵਿਚੋਂ ਜਾ ਰਹੇ ਹਨ। ਸੋਚਣ ਦੀ ਗੱਲ ਹੈ ਕਿ ਹੈਦਰਾਬਾਦ ਵਿਚ ਪੜ੍ਹਾਈ ਲਈ ਵਧੀਆ ਸੈਂਟਰਲ ਇੰਸਟੀਚਿਊਟ ਹਨ, ਜਦਕਿ ਬੈਂਗਲੋਰ ਆਈ.ਟੀ. ਹੱਬ ਹੈ। ਇਸ ਦੇ ਨਾਲ ਹੀ ਭਾਰਤ ਵਿਚ ਰੋਲ ਮਾਡਲ ਮੰਨਿਆ ਜਾਣ ਵਾਲਾ ਸੂਬਾ ਗੁਜਰਾਤ ਵੀ 8.5 ਫੀਸਦੀ 'ਤੇ ਹੈ। ਹਾਲ ਵੀ ਵਿਚ ਨਿਕਾਰਾਗੁਆ ਜਾ ਰਹੀ ਡਾਂਕੀ ਫਲਾਈਟ ਜਿਨ੍ਹਾਂ ਨੂੰ ਅੱਗੋਂ ਅਮਰੀਕਾ ਡਾਂਕੀ ਲਗਾ ਕੇ ਭੇਜਣਾ ਸੀ, ਉਹ ਫੜੀ ਗਈ, ਤਾਂ ਉਸ ਵਿਚ ਪੰਜਾਬੀਆ, ਹਰਿਆਣਵੀਆਂ ਦੇ ਨਾਲ ਗੁਜਰਾਤੀਆਂ ਦੀ ਗਿਣਤੀ ਵੀ ਭਰਪੂਰ ਸੀ।

16 ਦਸੰਬਰ 2023 ਨੂੰ ਭਾਰਤੀ ਅੰਤਰਰਾਸ਼ਟਰੀ ਮਾਮਲਿਆਂ ਦੇ ਸੂਬਾ ਮੰਤਰੀ, ਵੀ. ਮੂਰਲੀਧਰਨ ਨੇ ਸੰਸਦ ਵਿਚ ਦੱਸਿਆ ਕਿ ਉਨ੍ਹਾਂ ਨੇ ਨਕਲੀ ਟਰੈਵਲ ਏਜੰਟਾਂ ਦੀ ਸੂਚੀ ਜਾਰੀ ਕੀਤੀ ਹੈ, ਜਿਸ ਵਿਚ ਆਂਧਰਾ ਪ੍ਰਦੇਸ਼ ਵਿਚ 471, ਉੱਤਰ ਪ੍ਰਦੇਸ਼ ਵਿਚ 400, ਤਾਮਿਲਨਾਡੂ ਵਿਚ 360, ਮਹਾਂਰਾਸ਼ਟਰਾ ਵਿਚ 309, ਦਿੱਲੀ ਵਿਚ 292 ਤੇ ਪੰਜਾਬ ਵਿਚ 190 ਸਨ। ਸੋਚਣ ਦੀ ਗੱਲ ਹੈ ਕਿ ਨੌਜਵਾਨ ਜਿਨ੍ਹਾਂ ਵਿਚ ਕੰਮ ਕਰਨ ਦਾ ਜਜ਼ਬਾ ਹੈ, ਉਹ ਇਥੋਂ ਬਾਹਰ ਕਿਉਂ ਨਿਕਲ ਰਹੇ ਹਨ। ਇਸ ਵਿਚ ਜੇ ਅੰਕੜਿਆਂ 'ਤੇ ਹੋਰ ਝਾਤ ਮਾਰੀਏ, ਤਾਂ ਸੁਪਨਿਆਂ ਦੇ ਦੇਸ਼ ਅਮਰੀਕਾ ਵਿਚੋਂ ਸਤੰਬਰ 2022 ਤੋਂ ਅਕਤੂਬਰ 2023 ਤੱਕ 96917 ਭਾਰਤੀ ਅਮਰੀਕੀ ਬਾਰਡਰ ਤੋਂ ਵਾਪਸ ਭੇਜੇ ਹਨ। ਇਹ ਅੰਕੜਾ 2019-20 ਨਾਲੋਂ ਪੰਜ ਗੁਣਾ ਜ਼ਿਆਦਾ ਹੈ। ਜਿਹੜੇ ਜੰਗਲਾਂ ਵਿਚ ਮਰ ਗਏ ਜਾਂ ਹੋਰ ਦੇਸ਼ਾਂ ਵਿਚੋਂ ਵਾਪਸ ਭੇਜ ਦਿੱਤੇ ਗਏ, ਉਹ ਉਪਰੋਕਤ ਅੰਕੜੇ ਤੋਂ ਵੱਖ ਹਨ। ਵਿਚਾਰਨਯੋਗ ਸਥਿਤੀ ਤਾਂ ਇਹ ਹੈ ਕਿ ਇਨਸਾਨ ਅੰਦਰ ਕਿੰਨੀ ਨਿਰਾਸ਼ਾ ਹੈ ਕਿ ਉਹ ਘਰ-ਬਾਰ ਵੇਚ ਕੇ ਜਾਂ ਕਰਜ਼ਾ ਲੈ ਕੇ ਮੌਤ ਨੂੰ ਗਲ਼ ਲਾ ਰਿਹਾ ਹੈ। ਇਥੇ ਇੱਕ ਹੋਰ ਗੱਲ ਵੀ ਹੈ ਕਿ ਸਭ ਵੱਡੇ ਧਨਾਢ ਲੋਕਾਂ ਨੇ ਆਪਣੇ ਤੇ ਆਪਣਿਆਂ ਬੱਚਿਆਂ ਵਾਸਤੇ ਬਾਹਰਲੇ ਦੇਸ਼ਾਂ ਦੀ ਨਾਗਰਿਕਤਾ ਲੈ ਰੱਖੀਆਂ ਹਨ। ਕਈਆਂ ਦੇ ਤਾਂ ਬੱਚੇ ਵਸੇ ਹੀ ਬਾਹਰ ਹਨ। 2023 ਵਿਚ ਹੈਨਲੇਏ ਪ੍ਰਾਈਵੇਟ ਵੈਲਥ ਮਾਈਗਰੇਸ਼ਨ ਰਿਪੋਰਟ 2023 (**Henley Private Wealth Migration Report 2023**) ਮੁਤਾਬਕ 2023 ਵਿਚ 6500 ਅਮੀਰ ਲੋਕ ਦੇਸ਼ ਛੱਡ ਜਾਣਗੇ, ਜਦਕਿ 2022 ਵਿਚ 7500 ਅਮੀਰ ਲੋਕਾਂ ਨੇ ਦੇਸ਼ ਛੱਡਿਆ ਸੀ।

ਅੱਜ ਯੂ.ਐੱਨ. (ਸੰਯੁਕਤ ਰਾਸ਼ਟਰ) ਦੀ ਖੁਸ਼ੀ ਦੇ ਮੁਲਾਂਕਣ ਦੀ 2024 ਰਿਪੋਰਟ ਮੁਤਾਬਕ ਭਾਰਤ 143 ਦੇਸ਼ਾ ਵਿਚੋਂ 126ਵੇਂ ਸਥਾਨ 'ਤੇ ਰਿਹਾ। ਇਸੇ ਤਰ੍ਹਾਂ ਗਲੋਬਲ ਹੰਗਰ ਇੰਡੈਕਸ 2023 'ਤੇ, ਭਾਰਤ ਦਾ ਸਥਾਨ 125 ਦੇਸ਼ਾਂ ਵਿਚੋਂ 111 'ਤੇ ਰਿਹਾ। 'ਦ ਹਿੰਦੂ' ਅਖਬਾਰ ਵਿਚ ਛਪੀ ਖਬਰ ਦੇ ਹਿਸਾਬ ਨਾਲ ਭਾਰਤ ਭ੍ਰਿਸ਼ਟਾਚਾਰ ਵਿਚ 180 ਦੇਸ਼ਾਂ ਵਿਚੋਂ 93ਵੇਂ ਸਥਾਨ 'ਤੇ ਆਉਂਦਾ ਹੈ (ਕੁਰੱਪਸ਼ਨ ਪ੍ਰਸੈਪਸ਼ਨ ਇੰਡੈਕਸ 2023)।

ਹਾਲ ਹੀ ਵਿਚ ਆਈ ਲੋਕਨੀਤੀ ਸੀ.ਐੱਸ.ਡੀ.ਐੱਸ. 2024 ਪ੍ਰੀ-ਪੋਲ ਸਰਵੇਖ ਮੁਤਾਬਕ 62 ਫੀਸਦੀ ਲੋਕ ਪਿੰਡਾਂ ਤੇ ਛੋਟੇ ਸ਼ਹਿਰਾਂ ਵਾਲੇ ਅਤੇ 65 ਫੀਸਦੀ ਵੱਡੇ ਸ਼ਹਿਰਾਂ ਵਾਲੇ ਲੋਕ ਇਹ ਮੰਨਦੇ ਹਨ ਕਿ ਪਿਛਲੇ ਸਾਲਾਂ ਵਿਚ ਨੌਕਰੀ ਲੈਣਾ ਔਖਾ ਹੁੰਦਾ ਜਾਂਦਾ ਹੈ। ਇਸ ਰਿਪੋਰਟ ਦੇ ਹਿਸਾਬ ਨਾਲ 56 ਫੀਸਦੀ ਲੋਕ ਇਹ ਕਹਿੰਦੇ ਹਨ ਕਿ ਮਹਿੰਗਾਈ ਵਧੀ ਹੈ। 35 ਫੀਸਦੀ ਲੋਕ ਕਹਿੰਦੇ ਹਨ ਕਿ ਉਨ੍ਹਾਂ ਦੀ ਜ਼ਿੰਦਗੀ (**Quality of Life**) ਬਦ ਤੋਂ ਬਦਤਰ ਹੋਈ ਹੈ। ਇਸੇ ਤਰ੍ਹਾਂ 55 ਫੀਸਦੀ ਲੋਕ ਇਹ ਕਹਿੰਦੇ ਹਨ ਕਿ ਭ੍ਰਿਸ਼ਟਾਚਾਰ ਵਧਿਆ ਹੈ।

ਹਾਲਾਂਕਿ ਪੜ੍ਹਾਈ ਦੇ ਸੁਧਾਰ ਲਈ 34 ਸਾਲਾਂ ਬਾਅਦ ਨਵੀ ਐੱਨ.ਈ.ਪੀ. 2020 ਲਿਆਂਦੀ ਗਈ ਹੈ। ਪਰ ਇੰਡੀਆ ਸਕਿੱਲ ਰਿਪੋਰਟ 2024 ਦੇ ਮੁਤਾਬਕ ਅੱਜ ਵੀ 48.75 ਫੀਸਦੀ ਨੌਜਵਾਨਾਂ ਕੋਲ ਕੋਈ ਹੁਨਰ (ਸਕਿਲ) ਨਹੀਂ ਹੈ ਕਿ ਉਨ੍ਹਾਂ ਨੂੰ ਨੌਕਰੀ ਮਿਲ ਸਕੇ। ਅੱਜ ਜੋ ਪੜ੍ਹੇ ਵੀ ਹਨ, ਜਦੋਂ ਉਨ੍ਹਾਂ ਨੂੰ ਇਹ ਕਹਿ ਦਿੱਤਾ ਜਾਂਦਾ ਹੈ ਕਿ ਇਨ੍ਹਾਂ ਨੂੰ ਆਉਂਦਾ ਕੁੱਝ ਨਹੀਂ, ਫੇਰ ਉਸ ਪੜ੍ਹਾਈ ਦਾ ਕੀ ਫਾਇਦਾ।

ਇਸੇ ਦੌਰਾਨ ਆਮ ਲੋਕਾਂ ਵਿਚ ਇਹ ਧਾਰਨਾ ਬਣ ਰਹੀ ਹੈ ਕਿ ਸਰਕਾਰੇ-ਦਰਬਾਰੇ ਇਨਸਾਫ ਮਿਲਣ ਦੀ ਉਮੀਦ ਘੱਟਦੀ ਜਾ ਰਹੀ ਹੈ। ਕਾਰਜਕਾਰੀ ਅਫਸਰ ਬਿਨਾਂ ਕਿਸੇ ਸਿਫਾਰਿਸ਼ ਦੇ ਗੱਲ ਹੀ ਨਹੀਂ ਸੁਣਦੇ ਅਤੇ ਆਮ ਕੰਮ ਧੰਦੇ ਲਈ ਲੋਕਾਂ ਨੂੰ ਹਲਕਾ ਇੰਚਾਰਜਾਂ ਵੱਲ ਜਾਣਾ ਪੈਂਦਾ ਹੈ। ਅੱਜ ਹਾਲਾਤ ਇਹ ਹਨ ਕਿ ਜੇ ਸਭ ਦਸਤਾਵੇਜ਼ ਵੀ ਪੂਰੇ ਹਨ ਅਤੇ ਕੰਮ ਵੀ ਜਾਇਜ਼ ਹੈ, ਤਾਂ ਵੀ ਕੰਮ ਨਹੀਂ ਹੁੰਦਾ। ਦਰਅਸਲ ਇਸ ਦੇ ਪਿੱਛੇ ਨੀਅਤ ਅਤੇ ਨੀਤੀ ਸਾਡੇ ਵੱਲੋਂ ਹੀ ਵੋਟਾਂ ਪਾ ਕੇ ਜਿਤਾਏ ਹੋਏ ਸਾਡੇ ਨੁਮਾਇੰਦਿਆਂ ਦੀ ਹੈ। ਜੋ ਵੋਟਾਂ ਵੇਲੇ ਤਾਂ ਆਰਜੀ ਰੂਪ ਵਿਚ ਲੋਕਾਂ ਦੇ ਹਮਸਾਇਆ ਬਣਦੇ ਹਨ ਪਰ ਵੋਟਾਂ ਤੋਂ ਬਾਅਦ ਸੁਰੱਖਿਆ ਦੇ ਮੱਦੇਨਜ਼ਰ ਆਮ ਲੋਕਾਂ ਤੋਂ ਦੂਰੀ ਬਣ ਜਾਂਦੀ ਹੈ। ਫਿਰ ਚੱਲਦੀ ਹੈ ਸਰਕਾਰੀ ਨੀਤੀ ਘਾੜਿਆਂ ਦੀ ਜਿਨ੍ਹਾਂ ਦਾ ਰਿਮੋਟ ਵੱਡੇ ਉਦਯੋਗਪਤੀਆਂ ਦੇ ਹੱਥ ਵਿਚ ਹੈ। ਕਾਨੂੰਨ ਵਿਵਸਥਾ ਦਾ ਹਾਲ ਇਹ ਹੈ ਕਿ ਅੱਜ ਲੋਕ ਘਰਾਂ ਵਿਚ ਬੈਠੇ ਵੀ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰਦੇ। ਰੋਜ਼ ਰਾਤ ਤਾਂ ਛੱਡੋ, ਦਿਨ-ਦਿਹਾੜੇ ਹੀ ਲੁੱਟਾਂ-ਖੋਹਾਂ ਨੂੰ ਧੜੱਲੇ ਨਾਲ ਅੰਜਾਮ ਦਿੱਤਾ ਜਾਂਦਾ ਹੈ। ਸਰਕਾਰਾਂ ਦੀ ਆਵਦੀ ਸੁਰੱਖਿਆ ਯਕੀਨੀ ਹੈ, ਇਸ ਲਈ ਉਨ੍ਹਾਂ ਦਾ ਇਸ ਪਾਸੇ ਧਿਆਨ ਨਹੀਂ ਜਾਂਦਾ, ਜੇ ਕੋਈ ਧਿਆਨ ਦਿਵਾਉਂਦਾ ਹੈ, ਤਾਂ ਕਹਿ ਦਿੱਤਾ ਜਾਂਦਾ ਹੈ ਕਿ ਐਨੀ ਵੱਡੀ ਅਬਾਦੀ ਵਿਚ ਇਹੋ ਜਿਹੀਆਂ ਘਟਨਾਵਾਂ ਤਾਂ ਮਾਮੂਲੀ ਗੱਲ ਹੈ ਪਰ ਜਿਸ ਦਾ ਘਰ-ਬਾਰ ਲੁੱਟਿਆ ਜਾਂਦਾ ਹੈ ਜਾਂ ਜਿਸ ਦਾ ਪਰਿਵਾਰਕ ਮੈਂਬਰ ਮਾਰਿਆ ਜਾਂਦਾ ਹੈ, ਉਹ ਘਰ ਤਬਾਹ ਹੋ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਭਾਰਤ ਸਭ ਤੋਂ ਵੱਡੀ ਡੈਮੋਕਰੇਸੀ ਹੈ। ਇਕੱਲੀ ਵੋਟ ਪਾਉਣ ਦੇ ਅਧਿਕਾਰ ਨਾਲ ਸਭ ਤੋਂ ਵੱਡੀ ਡੈਮੋਕਰੇਸੀ ਨਹੀਂ ਬਣਦੀ, ਡੈਮੋਕਰੇਟਿਕ ਸਰਕਾਰ ਉਹ ਹੁੰਦੀ ਹੈ, ਜਿਹੜੀ ਸਰਕਾਰ ਲੋਕਾਂ ਵੱਲੋਂ ਚੁਣੀ ਜਾਵੇ ਅਤੇ ਲੋਕਾਂ ਦੀ ਸਲਾਹ ਨਾਲ ਲੋਕਾਂ ਲਈ ਕੰਮ ਕਰੇ। ਪਰ ਬਹੁਤੀਆਂ ਸਰਕਾਰਾਂ ਲੋਕਾਂ ਲਈ ਘੱਟ ਅਤੇ ਆਪਣੇ ਪਰਿਵਾਰਾਂ ਲਈ ਕੰਮ ਜ਼ਿਆਦਾ ਕਰਦੀਆਂ ਹਨ। ਆਮ ਲੋਕਾਂ ਨੂੰ ਇਸ ਕਦਰ ਕੋਈ ਪੜ੍ਹਾਈ ਲਿਖਾਈ ਹੀ ਨਹੀਂ ਕਰਵਾਈ ਜਾਂਦੀ ਕਿ ਉਹ ਸਰਕਾਰਾਂ ਦੇ ਕੰਮਕਾਜ ਦੀਆਂ ਬਰੀਕੀਆਂ ਨੂੰ ਸਮਝ ਸਕਣ ਅਤੇ ਚੰਗੇ-ਮਾੜੇ ਦੀ ਪਰਖ ਕਰ ਸਕਣ, ਉਨ੍ਹਾਂ ਨੂੰ ਤਾਂ ਸਿਰਫ ਮੁਫਤ ਦੀ ਰਾਜਨੀਤੀ ਵਿਚ ਐਸਾ ਉਲਝਾਇਆ ਹੈ ਕਿ ਉਹ ਇਸ ਤੋਂ ਬਾਹਰ ਨਿਕਲ ਹੀ ਨਾ ਸਕਣ। ਮੁਫਤ ਦੇ ਰਾਸ਼ਨ ਨਾਲ ਸਿਰਫ ਵੋਟ ਪਾਉਣ ਦੀ ਊਰਜਾ ਹੀ ਬਣਦੀ ਹੈ। ਇਸ ਤੋਂ ਵੱਧ ਉਹ ਹੋਰ ਕਿਸੇ ਕੰਮ ਜੋਗੇ ਨਹੀਂ। ਸਹਿਕਦੇ ਰਹੋ, ਵੋਟ ਪਾਈ ਜਾਉ।



# ਕੁੱਤਿਆਂ ਦਾ ਕਹਿਰ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA)



ਇਸ ਵੇਲੇ ਭਾਰਤ ਦੇ ਕਾਫ਼ੀ ਸਾਰੇ ਸੂਬਿਆਂ ਵਿਚ ਅਵਾਰਾ ਪਸ਼ੂਆਂ ਅਤੇ ਅਵਾਰਾ ਕੁੱਤਿਆਂ ਦਾ ਆਤੰਕ ਚੱਲ ਰਿਹਾ ਹੈ। ਵਿਸ਼ੇਸ਼ ਕਰਕੇ ਅਵਾਰਾ ਕੁੱਤਿਆਂ ਦੀ ਭਾਰੀ ਦਹਿਸ਼ਤ ਅਤੇ ਖੌਫ ਹੈ। ਹੈਰਾਨੀ ਦੀ ਗੱਲ ਹੈ, ਇਸ ਕਾਰਨ ਦੇਸ਼ ਵਿਚ ਸੈਂਕੜੇ ਕੀਮਤੀ ਜਾਨਾਂ ਰੋਜ਼ਾਨਾ ਅਣਿਆਈ ਮੌਤੇ ਖਤਮ ਹੋ ਰਹੀਆਂ ਅਤੇ ਸਰਕਾਰਾਂ ਕੁੰਭਕਰਨੀ ਨੀਂਦ ਸੁੱਤੀਆਂ ਪਈਆਂ ਹਨ। ਆਮ ਅਵਾਮ ਵਿਚੋਂ ਖੁਦਦਾਰੀ ਖੰਭ ਲਾ ਕੇ ਉੱਡ ਗਈ ਹੈ ਜਾਂ ਉੱਡ ਰਹੀ, ਜੋ ਖੁਦ ਖੂੰਖਾਰ ਅਵਾਰਾ ਕੁੱਤਿਆਂ ਤੋਂ ਆਪਣੀ ਰਾਖੀ ਨਹੀਂ ਕਰ ਸਕਦੇ। ਬਹੁਤ ਦੁਖਦਾਈ ਹੈ ਘਟਨਾਵਾਂ ਤਾਂ ਰੋਜ਼ਾਨਾ ਪੜ੍ਹਨ ਸੁਣਨ ਨੂੰ ਮਿਲਦੀਆਂ ਹਨ ਪਰ ਇਸ ਦੁਖਦਾਈ ਖ਼ਬਰ ਨੇ ਬਹੁਤ ਮਨ ਦੁਖੀ ਕੀਤਾ। ਅਜੇ ਦੋ-ਚਾਰ ਦਿਨ ਦੀ ਹੀ ਖ਼ਬਰ ਹੈ ਕਿ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਵਿਚ ਅਵਾਰਾ ਕੁੱਤਿਆਂ ਨੇ ਇੱਕ ਪੱਚੀ ਸਾਲ ਦੀ ਮੁਟਿਆਰ (ਦੋ ਬੱਚਿਆਂ ਦੀ ਮਾਂ) ਹਰਜੀਤ ਕੌਰ ਨੂੰ ਨੋਚ-ਨੋਚ ਕੇ ਖਤਮ ਕਰ ਦਿੱਤਾ, ਜਿਸ ਦਾ ਪਤੀ ਜੋ ਕਿ ਦੇਸ਼ ਦੀ ਸਰਹੱਦ ਉਤੇ ਦੇਸ਼ ਦੀ ਆਨ, ਬਾਨ ਅਤੇ ਸ਼ਾਨ ਵਾਸਤੇ ਬੀ.ਐੱਸ.ਐੱਫ. ਵਿਚ ਡਿਊਟੀ ਕਰ ਰਿਹਾ ਹੈ। ਸੁਣ ਕੇ ਮਨ ਡਾਢਾ ਖਰਾਬ ਹੋਇਆ ਕਿ ਉਸ ਫੌਜੀ ਨੌਜਵਾਨ ਅਤੇ ਦੋ ਮਾਸੂਮ ਬੱਚਿਆਂ ਨੂੰ ਕਿੰਨੀ ਵੱਡੀ ਸਜ਼ਾ ਮਿਲ ਗਈ। ਅੱਜ ਤੱਕ ਬਹੁਤੇ ਕੇਸਾਂ ਵਿਚ ਇਨ੍ਹਾਂ ਖੂੰਖਾਰ ਕੁੱਤਿਆਂ ਦਾ ਸ਼ਿਕਾਰ ਬੱਚੇ ਜਾਂ ਬੁੱਢੇ ਹੁੰਦੇ ਸਨ ਪਰ ਅੱਜ ਇੱਕ ਨੌਜਵਾਨ ਔਰਤ ਨੂੰ ਕੋਹ-ਕੋਹ ਕੇ ਮਾਰਨਾ ਖਤਰੇ ਦੀ ਘੰਟੀ ਹੈ। ਉਪਰੋਂ ਸਰਕਾਰ ਵੱਲੋਂ ਜਾਂ ਪ੍ਰਸ਼ਾਸਨ ਵੱਲੋਂ ਕਿਸੇ ਦੇ ਮੂੰਹੋਂ ਉੱਫ ਨਹੀਂ ਨਿਕਲਿਆ। ਹੋਰ ਵੀ ਹੈਰਾਨ ਕਰਦਾ ਹੈ, ਜਿਨ੍ਹਾਂ ਪੰਜਾਬੀਆਂ ਨੇ ਕਦੇ ਗਜ਼ਨੀ, ਅਬਦਾਲੀ, ਸਿਕੰਦਰ, ਅਫ਼ਗਾਨਿਸਤਾਨ ਦੇ ਲੁਟੇਰਿਆਂ ਨੂੰ ਧੂਲ ਚਟਾ ਦਿੱਤੀ ਸੀ, ਅੱਜ ਉਨ੍ਹਾਂ ਦੇ ਪਰਿਵਾਰ ਅਵਾਰਾ ਕੁੱਤਿਆਂ ਹੱਥੋਂ ਮਾਰੇ ਜਾ ਰਹੇ ਹਨ, ਤਾਂ ਸੁਭਾਵਿਕ ਸਵਾਲ ਉੱਠਦਾ ਹੈ ਕਿ ਕਿੱਥੇ ਹਨ ਸਾਡੇ ਪੁਰਖਿਆਂ ਦੇ ਬਹਾਦੁਰੀ ਦੇ ਕਿੱਸੇ। ਜ਼ਿੰਦਗੀ ਵਿਚ ਬਹੁਤ ਦੁੱਖ-ਸੁੱਖ ਆਉਂਦੇ ਹਨ ਪਰ ਇਸ ਤੋਂ ਵੱਧ ਕੋਈ ਦੁਖਦਾਈ ਮੌਤ ਹੋਵੇਗੀ, ਸੋਚ ਕੇ ਵੀ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ। ਮੌਤ ਇਕ ਅਟੱਲ ਸੱਚਾਈ ਹੈ ਪਰ ਮੌਤ ਆਉਂਦੀ ਕਿਵੇਂ ਹੈ, ਮਾਇਨੇ ਰੱਖਦਾ ਹੈ? ਕਿਵੇਂ ਤਿਲ-ਤਿਲ ਕਰਕੇ ਜਾਨ ਨਿਕਲੀ ਹੋਵੇਗੀ ਉਸ ਦੁਖਿਆਰੀ ਅਬਲਾ ਦੀ? ਸਰਕਾਰ ਨੂੰ ਚਾਹੀਦਾ ਸੀ ਕਿ ਜੇ ਜ਼ਿਆਦਾ ਨਹੀਂ, ਤਾਂ ਘੱਟੋ-ਘੱਟ ਉਸ ਪਿੰਡ ਦੇ ਉਨ੍ਹਾਂ ਖੂਨੀ ਕੁੱਤਿਆਂ ਨੂੰ ਹੀ ਮਾਰ ਦਿੱਤਾ ਜਾਂਦਾ। ਪਰ ਹੈਰਾਨੀ ਹੈ ਇੰਡੀਆ ਵਿਚ ਬੰਦੇ ਦੀ ਕੀਮਤ ਅਵਾਰਾ ਕੁੱਤੇ ਤੋਂ ਵੀ ਘੱਟ ਹੈ? ਪ੍ਰਮਾਤਮਾ ਦੇ ਚਰਨਾਂ ਵਿਚ ਅਰਦਾਸ ਹੈ ਕਿ ਸਾਡੀਆਂ ਸਰਕਾਰਾਂ ਅਤੇ ਅਖੌਤੀ ਆਵਾਰਾ ਕੁੱਤਾ ਪ੍ਰੇਮੀਆਂ ਨੂੰ ਸੁਮੱਤ ਬਖਸ਼ਣ ਕਿ ਅੱਗੇ ਤੋਂ ਕੋਈ ਛੋਟੇ-ਛੋਟੇ ਬੱਚਿਆਂ ਦੀ ਮਾਂ ਅਤੇ ਗੱਭਰੂ ਦੀ ਨਾਰ ਇਸ ਜ਼ੁਲਮ ਦਾ ਸ਼ਿਕਾਰ ਨਾ ਹੋਵੇ। ਕੁੱਤਾ ਪ੍ਰੇਮੀਆਂ ਨੂੰ ਅਪੀਲ ਹੈ ਤੁਸੀਂ ਕੁੱਤੇ ਰੱਖੋ, ਜੀਅ ਸਦਕੇ ਰੱਖੋ ਪਰ ਉਨ੍ਹਾਂ ਨੂੰ ਸੰਗਲੀਆਂ ਪਾ ਕੇ ਆਪਣੇ ਘਰਾਂ ਵਿਚ ਰੱਖੋ ਅਤੇ ਸਰਕਾਰਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਆਵਾਮ ਦੀ ਰੱਖਿਆ ਕਰਨ। ਹਰ ਗੱਲ ਨੂੰ ਧਾਰਮਿਕ ਮੁੱਦੇ ਨਾਲ ਨਾ ਜੋੜ ਕੇ ਵੇਖਣ। ਜੇ ਕਿਸੇ ਪਸ਼ੂ-ਪੰਛੀ ਵਿਚ ਤੁਹਾਡੀ ਧਾਰਮਿਕ ਆਸਥਾ ਹੈ, ਤਾਂ ਉਸ ਦੀ ਪੂਰਨ ਤੌਰ 'ਤੇ ਸਾਂਭ ਕਰੋ। ਸੜਕਾਂ 'ਤੇ ਆਵਾਰਾ ਘੁੰਮਦੇ ਅਤੇ ਆਮ ਲੋਕਾਂ ਦੀ ਜਾਨ ਦਾ ਖੌਅ ਬਣਦੇ ਪਸ਼ੂ ਕਿਸੇ ਦੇ ਸਕੇ ਨਹੀਂ ਹੁੰਦੇ।



## 9 ਮਈ ਨੂੰ ਬਰਸੀ 'ਤੇ ਵਿਸ਼ੇਸ਼

# ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਚੇਤ ਸਿੰਘ, ਬਾਬਾ ਸੰਤਾ ਸਿੰਘ

-ਦਿਲਜੀਤ ਸਿੰਘ ਬੇਦੀ
(Punjab Mail USA)



ਸਿੰਘ ਸਾਹਿਬ ਬਾਬਾ ਚੇਤ ਸਿੰਘ ਬੁੱਢਾ ਦਲ ਦੇ ਨਿਧੜਕ ਜਰਨੈਲ, ਸੇਵਾ ਦੇ ਪੁੰਜ, ਕਥਨੀ ਕਰਨੀ ਦੇ ਸੂਰੇ, ਦੂਰਅੰਦੇਸ਼, ਸੂਝਵਾਨ ਬੁੱਢਾ ਦਲ ਦੇ 12ਵੇਂ ਜਥੇਦਾਰ ਹੋਏ ਹਨ। ਇਨ੍ਹਾਂ ਦਾ ਜਨਮ ਸੰਨ 1903 ਵਿਚ ਪਿੰਡ ਤਲਵੰਡੀ ਸਾਬੋ ਕੀ ਸ੍ਰੀ ਦਮਦਮਾ ਸਾਹਿਬ ਗੁਰੂ ਕਾਂਸੀ ਜ਼ਿਲ੍ਹਾ ਬਠਿੰਡਾ ਦੇ ਸਰਦੇ-ਪੁਜਦੇ ਕਿਸਾਨ ਸ. ਰਾਮਦਿੱਤਾ ਸਿੰਘ ਦੇ ਗ੍ਰਹਿ ਅਤੇ ਮਾਤਾ ਪ੍ਰਧਾਨ ਕੌਰ ਦੀ ਕੁੱਖੋ ਹੋਇਆ। ਬਾਬਾ ਚੇਤ ਸਿੰਘ 13 ਸਾਲ ਦੀ ਆਯੂ ਦੇ ਸਨ, ਜਦ ਉਹ ਬੁੱਢਾ ਦਲ ਵਿਚ ਭਰਤੀ ਹੋਏ, ਤਾਂ ਉਨ੍ਹਾਂ ਦੇ ਪਿਤਾ ਨੇ ਪਿਆਰ ਭਰੇ ਲਹਿਜ਼ੇ 'ਤੇ ਵਿਅੰਗ ਨਾਲ ਕਿਹਾ, ਜਿਹੜੇ ਆਪ ਪਿੰਡ-ਪਿੰਡ ਤੁਰੇ ਫਿਰਦੇ ਹਨ, ਤੂੰ ਉਨ੍ਹਾਂ ਵਿਚ ਜਾ ਕੇ ਕੀ ਕਰੇਂਗਾ? ਬਾਬਾ ਚੇਤ ਸਿੰਘ ਨੇ ਬਹੁਤ ਹੀ ਨਿਮਰਤਾ, ਤਲੀਮ ਤੇ ਠਰੰਮੇ ਨਾਲ ਉੱਤਰ ਦੇਂਦਿਆਂ ਕਿਹਾ ਕਿ ਇਹੀ ਘਰ ਹੈ, ਜਿਥੋਂ ਘਾਹ ਖੋਤਣ ਵਾਲਿਆਂ, ਘੋੜਿਆਂ ਦੀ ਸੇਵਾ ਕਰਨ ਵਾਲਿਆਂ ਨੂੰ ਪਾਤਸ਼ਾਹੀਆਂ ਤੇ ਨਵਾਬੀਆਂ ਮਿਲਦੀਆਂ ਹਨ।

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਛਾਉਣੀ ਅਕਾਲੀ ਬਾਬਾ ਫੂਲਾ ਸਿੰਘ ਜੀ ਸ਼ਹੀਦ ਵਿਖੇ ਬੁੱਢਾ ਦਲ ਦਾ ਪੜਾਓ ਸੀ। ਬਾਬਾ ਚੇਤ ਸਿੰਘ ਉਸ ਸਮੇਂ ਨਿਗਾਰਚੀ ਸਿੰਘ ਦਾ ਪਹਿਰਾ ਦਿਆ ਕਰਦੇ ਸਨ, ਸਾਰੇ ਦਲ ਨੂੰ ਅੰਗਰੇਜ਼ ਸਰਕਾਰ ਨੇ ਘੇਰੇ ਵਿਚ ਲੈ ਲਿਆ, ਬਾਬਾ ਚੇਤ ਸਿੰਘ ਸਰਕਾਰੀ ਕਰਮਚਾਰੀਆਂ ਨਾਲ ਜੂਝਣ ਲਈ ਤਿਆਰ ਹੋ ਗਏ। ਦਲ ਦੇ ਜੱਥੇਦਾਰ ਬਾਬਾ ਸਾਹਿਬ ਸਿੰਘ ਕਲਾਧਾਰੀ ਨੇ ਫੌਰੀ ਤੌਰ 'ਤੇ ਰੋਕ ਦਿੱਤਾ। ਦਲ ਦੇ ਮੁਖੀ ਬਾਬਾ ਸਾਹਿਬ ਸਿੰਘ ਜੀ ਦਲ ਸਮੇਤ ਬੋਸਟਰ ਜੇਲ੍ਹ ਵਲਾਇਤ ਵਿਖੇ ਭੇਜ ਦਿੱਤੇ ਗਏ। ਉਸ ਸਮੇਂ ਗਿ. ਸ਼ੇਰ ਸਿੰਘ ਪ੍ਰਸਿੱਧ ਅਕਾਲੀ ਲੀਡਰ, ਕਲਾਧਾਰੀ ਜੀ ਦੇ ਖਾਸ ਮਿੱਤਰਾਂ ਵਿਚੋਂ ਸਨ, ਦੀ ਪ੍ਰੇਰਨਾ ਨਾਲ ਸਰ ਸੁੰਦਰ ਸਿੰਘ ਮਜੀਠੀਆ, ਸਰ ਜੋਗਿੰਦਰ ਸਿੰਘ ਆਦਿ ਦੇ ਜ਼ੋਰ ਦੇਣ ਕਰਕੇ ਪੰਜਾਬ ਦੇ ਗਵਰਨਰ ਨੇ ਦਲ ਨੂੰ ਰਿਹਾਅ ਕਰ ਦਿੱਤਾ। 30 ਜੁਲਾਈ, 1942 ਨੂੰ ਬਾਬਾ ਸਾਹਿਬ ਸਿੰਘ ਕਲਾਧਾਰੀ ਗੁਰੂ ਪਿਆਨਾ ਕਰ ਗਏ, ਤਾਂ ਸਮੁੱਚੇ ਦਲ ਪੰਥ ਨੇ ਗੁਰਮਤਾ ਕਰਕੇ ਬਾਬਾ ਚੇਤ ਸਿੰਘ ਨੂੰ ਬੁੱਢੇ ਦਲ ਦੇ 12ਵੇਂ ਜੱਥੇਦਾਰ ਵਜੋਂ ਥਾਪ ਦਿੱਤਾ। ਬਾਬਾ ਚੇਤ ਸਿੰਘ, ਅਕਾਲੀ ਫੂਲਾ ਸਿੰਘ ਸ਼ਹੀਦ ਦੀ ਸਪਿਰਟ ਦੇ ਮਾਲਕ ਸਨ। ਬੁੱਢਾ ਦਲ ਦੇ ਹਰੇਕ ਜੱਥੇਦਾਰ ਆਪਣੇ ਸਮੇਂ ਦੇ ਤੇਜ਼ ਪਰਤਾਪੀ ਹੋਏ ਹਨ, ਜੋ ਸੇਵਾ ਬਾਬਾ ਚੇਤ ਸਿੰਘ ਨੂੰ ਵਿਰਸੇ ਵਿਚ ਮਿਲੀ, ਉਹ ਇੱਕ ਵਿਲੱਖਣ ਸੇਵਾ ਹੈ। ਸਿੱਖ ਪੰਥ ਬੁੱਢਾ ਦਲ ਦੀ



ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਚਲਦਾ ਵਹੀਰ ਚੱਕਰਵਰਤੀ ਪੰਜਾਬ ਹਿੰਦੋਸਤਾਨ (ਵਿਸ਼ਵ) ਦੇ ਬਾਰਵੇਂ ਜਥੇਦਾਰ ਸਿੰਘ ਸਾਹਿਬ ਬਾਬਾ ਚੇਤ ਸਿੰਘ ਜੀ ੯੬ ਕਰੋੜੀ

ਜਾਇਦਾਦ ਬਣਾਉਣ ਵਿਚ ਉਹ ਮੋਹਰੀ ਸਨ। ਉਨ੍ਹਾਂ ਨੇ ਕਠਿਨ ਤਪੱਸਿਆ ਕਰਕੇ ਅਨੇਕਾਂ ਛਾਉਣੀਆਂ ਕਾਇਮ ਕੀਤੀਆਂ, ਬੁੰਗੇ, ਬਾਗ਼ ਅਤੇ ਫਾਰਮ ਬਣਾਏ, ਜੋ ਪ੍ਰਤੱਖ ਰੂਪ ਵਿਚ ਪਰਗਟ ਹਨ।

ਜਦੋਂ ਸਾਹਿਬੇ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ਼ਸਤਰ ਵਲਾਇਤੋਂ, ਭਾਰਤ ਲਿਆਂਦੇ ਗਏ, ਤਾਂ ਉਸ ਸਮੇਂ ਬਾਬਾ ਚੇਤ ਸਿੰਘ ਨੂੰ ਉਚੇਚੇ ਤੌਰ 'ਤੇ ਦਿੱਲੀ ਬੁਲਾਇਆ ਗਿਆ ਸੀ। ਪਾਲਮ ਹਵਾਈ ਅੱਡੇ ਉੱਤੇ ਪ੍ਰਧਾਨ ਮੰਤਰੀ ਸ਼੍ਰੀ ਲਾਲ ਬਹਾਦਰ ਸ਼ਾਸਤਰੀ ਦੇ ਨਾਲ ਵਿਸ਼ੇਸ਼ ਥਾਂ ਦਿੱਤੀ ਗਈ ਸੀ, ਬਾਬਾ ਚੇਤ ਸਿੰਘ ਨੇ ਉਸ ਵੇਲੇ ਕਿਹਾ ਸੀ ਕਿ ਕਲਗੀਧਰ ਪਾਤਸ਼ਾਹ ਦੇ ਸ਼ਸਤਰਾਂ ਦੇ ਨਾਲ ਨਿਹੰਗ ਸਿੰਘਾਂ ਦਾ ਅਟੁੱਟਵਾਂ ਮੇਲ ਹੈ। ਸਰਕਾਰ ਇਹ ਸ਼ਸਤਰ ਉਨ੍ਹਾਂ ਲੋਕਾਂ ਦੇ ਹਵਾਲੇ ਕਰ ਰਹੀ ਹੈ, ਜਿਨ੍ਹਾਂ ਦਾ ਚੇਹਰਾ ਮੋਹਰਾ ਇਨ੍ਹਾਂ ਨਾਲ ਮਿਲਦਾ-ਜੁਲਦਾ ਨਹੀਂ। ਉਸੇ ਸ਼ਾਮ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਸਜੇ ਭਾਰੀ ਦੀਵਾਨ ਵਿਚ, ਜੱਥੇਦਾਰ ਸੰਤੋਖ ਸਿੰਘ ਨੇ, ਦਿੱਲੀ ਗੁਰਦੁਆਰਾ



ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਚਲਦਾ ਵਹੀਰ ਚੱਕਰਵਰਤੀ ਪੰਜਾਬ ਹਿੰਦੋਸਤਾਨ (ਵਿਸ਼ਵ) ਦੇ ਤੇਰਵੇਂ ਜਥੇਦਾਰ ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ ਅਕਾਲੀ ੯੬ ਕਰੋੜੀ

ਮੈਨੇਜਮੈਂਟ ਕਮੇਟੀ ਵਲੋਂ ਵਿਸ਼ੇਸ਼ ਤੌਰ 'ਤੇ ਬਾਬਾ ਜੀ ਨੂੰ ਸਨਮਾਨ ਵਜੋਂ ਸ੍ਰੀ ਸਾਹਿਬ 'ਤੇ ਸਿਰੋਪਾਉ ਭੇਟ ਕੀਤਾ ਸੀ।

ਬਾਬਾ ਚੇਤ ਸਿੰਘ ਲੰਮਾ ਸਮਾਂ ਦਲ ਵਿਚ ਗਾਖੜੀ ਸੇਵਾ ਅਤੇ ਜੱਥੇਦਾਰੀ ਦੀ ਜ਼ਿੰਮੇਦਾਰੀ ਨਿਭਾਈ, ਬਾਬਾ ਚੇਤ ਸਿੰਘ ਤਿਆਗੀ ਮਹਾਂ ਪੁਰਸ਼ ਸਨ, ਆਪ ਦਮਦਮਾ ਸਾਹਿਬ ਦੇ ਜੰਮਪਲ ਸਨ, ਹਰ ਸਾਲ ਦਮਦਮਾ ਸਾਹਿਬ ਆਉਂਦੇ ਪਰ ਛਾਉਣੀ ਵਿਚ ਹੀ ਰਹਿੰਦੇ। ਅਖੀਰ ਬਾਬਾ ਚੇਤ ਸਿੰਘ 9-5-68 ਨੂੰ 'ਘਲੇ ਆਇ ਨਾਨਕਾ ਸਦੇ ਉਠੀ ਜਾਇ' ਦੇ ਮਹਾਂ ਵਾਕ ਨੂੰ ਸੰਪੂਰਨ ਕਰ ਗਏ।

### ਬਾਬਾ ਸੰਤਾ ਸਿੰਘ ਅਕਾਲੀ 96 ਕਰੋੜੀ:-

ਬਾਬਾ ਸੰਤਾ ਸਿੰਘ ਦਾ ਜੀਵਨ ਪੂਰਨ ਸੰਘਰਸ਼ਮਈ ਤੇ ਸੇਵਾ ਭਾਵਨਾ ਵਾਲਾ ਤੇ ਗੁਰੂ ਦੀ ਓਟ ਵਿਚ ਬਤੀਤ ਹੋਇਆ। ਆਪ ਦਾ ਜਨਮ ਸੰਮਤ 1985 ਮੁਤਾਬਕ ਸੰਨ 1928 ਈ. ਨੂੰ ਪਿਤਾ ਸ. ਭਗਵਾਨ ਸਿੰਘ ਚਾਵਲਾ ਜੋ ਇਲਾਹਾਬਾਦ ਵਿਖੇ ਰੇਲਵੇ ਵਿਚ ਨੌਕਰੀ ਕਰਦੇ ਸਨ, ਦੇ ਗ੍ਰਹਿ ਵਿਖੇ ਮਾਤਾ ਮਾਲਾਂ (ਪ੍ਰਿਤਪਾਲ ਕੌਰ) ਦੀ ਕੁੱਖੋਂ ਹੋਇਆ। ਬਾਬਾ ਜੀ ਦਾ ਪਿੰਡ ਕਿਲ੍ਹਾ ਮੀਹਾਂ ਸਿੰਘ ਪਾਕਿਸਤਾਨ ਵਿਚ ਸੀ ਪਰ 1925 ਵਿਚ ਇਨ੍ਹਾਂ ਦੇ ਵਡੇਰੇ ਗੁਜਰਾਂਵਾਲਾ ਆਣ ਵੱਸੇ। ਆਪ ਨੇ ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਜੀ ਸ਼ਹੀਦ ਅੰਮ੍ਰਿਤਸਰ ਵਿਖੇ ਸਿੰਘ ਸਾਹਿਬ ਬਾਬਾ ਸਾਹਿਬ ਸਿੰਘ ਕਲਾਧਾਰੀ ਤੋਂ ਸੰਮਤ 1995 ਬਿਕਰਮੀ ਸੰਨ 1938 ਈ. ਨੂੰ ਦੀਵਾਲੀ ਦੇ ਮਹਾਨ ਦਿਹਾੜੇ 'ਤੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਆਪ ਦਾ ਪਹਿਲਾ ਨਾਮ ਪਿਸ਼ੌਰਾ ਸਿੰਘ ਸੀ ਅਤੇ ਅੰਮ੍ਰਿਤ ਛੱਕਣ 'ਤੇ ਆਪ ਦਾ ਨਾਮ ਸੰਤਾ ਸਿੰਘ ਪ੍ਰਚਲਤ ਹੋਇਆ। ਆਪ ਨੇ ਹੋਲੇ-ਮਹੱਲੇ 'ਤੇ ਹਾਜ਼ਰ ਹੋ ਕੇ ਬੁੱਢੇ ਦਲ ਵਿਚ ਦੇਗ ਲੰਗਰ ਦੀ ਸੇਵਾ ਸੰਭਾਲੀ।

ਪੰਥ ਵੱਲੋਂ ਬਾਬਾ ਸੰਤਾ ਸਿੰਘ ਨੂੰ ਪੁਰਾਤਨ ਰਵਾਇਤ ਅਨੁਸਾਰ ਸਰਬ ਸੰਮਤੀ ਨਾਲ ਗੁਰਮਤਾ ਕਰਕੇ ਨਿਹੰਗ ਸਿੰਘਾਂ ਨੇ ਸਰਬੱਤ ਦੀ ਆਗਿਆ ਨਾਲ ਜਥੇਦਾਰੀ ਦੀ ਨਿਯੁਕਤੀ ਸਮੇਂ ਢਾਲ ਤੇ ਸ੍ਰੀ ਸਾਹਿਬ ਭੇਟ ਕੀਤੀ ਅਤੇ ਪੰਜ ਪਿਆਰਿਆਂ ਨੇ ਜਥੇਦਾਰ ਸਾਹਿਬ ਦੇ ਸੀਸ ਉੱਤੇ ਦੁਮਾਲਾ ਸਜਾ ਕੇ ਰਸਮ ਦਸਤਾਰਬੰਦੀ ਦੀ ਪੂਰਤੀ ਕੀਤੀ। ਬੇਅੰਤ ਫੌਜਾਂ, ਸੰਸਥਾਵਾਂ ਦੇ ਮੁਖੀ ਲੀਡਰਾਂ, ਜਥੇਦਾਰਾਂ, ਸੁਨੇਹੀਆਂ ਦਸਤਾਰੇ ਤੇ ਸਿਰੋਪਾਓ ਭੇਟ ਕੀਤੇ। ਇਸ ਤਰ੍ਹਾਂ ਬਾਬਾ ਸੰਤਾ ਸਿੰਘ ਦਲ ਪੰਥ ਬੁੱਢਾ ਦਲ ਦੇ 13ਵੇਂ ਮੁਖੀ ਜਥੇਦਾਰ ਬਣੇ। ਸਿੰਘ ਸਾਹਿਬ ਜਥੇਦਾਰ ਬਾਬਾ ਸੰਤਾ ਸਿੰਘ ਜੀ ਦੇ ਪਹਿਰੇ ਵਿਚ ਬੇ-ਮਿਸਾਲ ਬੁੱਢਾ ਦਲ ਦੀ ਤਰੱਕੀ ਹੋਈ। ਸਿੰਘਾਂ ਦੀ ਰਹਿਤ ਬਹਿਤ, ਸ਼ਸਤ੍ਰਾਂ-ਬਸਤ੍ਰਾਂ ਵੱਲ ਵਧੇਰੇ ਧਿਆਨ ਦਿੱਤਾ ਗਿਆ। ਬੁੱਢਾ ਦਲ ਦਾ ਜੋ ਪ੍ਰੈੱਸ ਅਨੰਦਪੁਰ ਸਾਹਿਬ ਸੀ, ਬਦਲ ਕੇ ਪਟਿਆਲਾ ਛਾਉਣੀ ਨਿਹੰਗ ਸਿੰਘਾਂ (ਬਾਬਾ ਬੰਬਾ ਸਿੰਘ ਜੀ) ਲੋਇਰ ਮਾਲ ਰੋਡ 'ਤੇ ਲਾ ਕੇ ਬੁੱਢਾ ਦਲ ਵਲੋਂ ਮਾਸਕ ਰਸਾਲਾ 'ਨਿਹੰਗ ਸਿੰਘ ਸੰਦੇਸ਼' ਜਾਰੀ ਕੀਤਾ।

ਉਨ੍ਹਾਂ ਸਦਾ ਬੁੱਢਾ ਦਲ ਦੀਆਂ ਪੁਰਾਤਨ ਰਵਾਇਤਾਂ ਨੂੰ ਕਾਇਮ ਰੱਖਿਆ। ਰੋਜ਼ਾਨਾ ਸਵੇਰੇ ਸ਼ਾਮ ਗੁਰਬਾਣੀ ਦਾ ਨਿਤਨੇਮ ਕੀਰਤਨ, ਕਥਾ ਅਤੇ ਸਿੰਘਾਂ ਵਿਚ ਰਹਿਣੀ, ਬਹਿਣੀ, ਕਹਿਣੀ ਤੇ ਸਹਿਣੀ ਦੇ ਗੁਣ ਧਾਰਨ ਕਰਵਾਉਣ ਲਈ ਸਖ਼ਤੀ ਨਾਲ ਅਮਲ ਕਰਦੇ ਸਨ। ਜਥੇਦਾਰ ਸਾਹਿਬ ਆਪ ਸਵੇਰੇ ਸਰਬ ਲੋਹ ਜਾਂ ਆਦਿ-ਦਸਮ ਸਰੂਪ ਦੀ ਕਥਾ ਅਤੇ ਸ਼ਾਮ ਨੂੰ ਸੂਰਜ ਪ੍ਰਕਾਸ਼ ਜਾਂ ਪੰਥ ਪ੍ਰਕਾਸ਼ ਦੀ ਕਥਾ ਬੜੇ ਰਸ-ਮੰਗਲ ਵਿਚ ਕਰਦੇ ਸਨ। ਓੜਕ ਬਾਬਾ ਸੰਤਾ ਸਿੰਘ 08-05-2008 ਨੂੰ ਇਸ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਏ ਸਨ। ਉਨ੍ਹਾਂ ਨੇ ਆਪਣੇ ਜੀਵਨ ਕਾਲ ਵਿਚ ਹੀ ਆਪਣਾ ਉਤਰਾਅਧਿਕਾਰੀ ਬਾਬਾ ਬਲਬੀਰ ਸਿੰਘ ਜੀ ਨੂੰ ਬਣਾ ਦਿੱਤਾ ਸੀ।

ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਜੀ 96ਵੇਂ ਕਰੋੜੀ 14ਵੇਂ ਮੁੱਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਪ੍ਰਬੰਧ ਹੇਠ ਦੋਹਾਂ ਜਥੇਦਾਰਾਂ ਦੀ ਸਾਲਾਨਾ ਯਾਦ ਗੁਰਦੁਆਰਾ ਬੇਰ ਸਾਹਿਬ (ਦੇਗਸਰ) ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ) ਸ੍ਰੀ ਦਮਦਮਾ ਸਾਹਿਬ (ਗੁਰੂ ਕਾਸ਼ੀ) ਤਲਵੰਡੀ ਸਾਬੋ ਜ਼ਿਲ੍ਹਾ ਬਠਿੰਡਾ ਵਿਖੇ ਮਿਤੀ 7-8-9 ਮਈ ਨੂੰ ਮਨਾਈ ਜਾ ਰਹੀ ਹੈ। ਇਨ੍ਹਾਂ ਸਮਾਗਮਾਂ ਵਿਚ ਸੰਗਤਾਂ ਤੋਂ ਇਲਾਵਾ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਨਿਹੰਗ ਸਿੰਘ ਜਥੇਬੰਦੀਆਂ ਦੇ ਮੁੱਖੀ ਅਤੇ ਸੰਤ ਮਹਾਂਪੁਰਸ਼ ਵੱਡੀ ਪੱਧਰ 'ਤੇ ਸ਼ਰਧਾਂਜਲੀ ਭੇਟ ਕਰਨ ਲਈ ਸ਼ਮੂਲੀਅਤ ਕਰਦੇ ਹਨ ।

---

# ਸਿੱਖ ਪੰਥ ਆਏ ਦਿਨ ਨਵੀਆਂ ਮੁਸ਼ਕਲਾਂ ਦੇ ਵਿਚ ਕਿਉਂ ਘਿਰਦਾ ਜਾ ਰਿਹਾ ਹੈ

## ਨੌਜਵਾਨ ਵਰਗ ਨੂੰ ਕੌਮੀ ਆਗੂ ਦੀ ਘਾਟ ਰੜਕਣ ਲੱਗੀ

ਸਿੰਦਰ ਸਿੰਘ ਮੀਰਪੁਰੀ
ਕੈਲੀਫ਼ੋਰਨੀਆ
559-285-0841
(Punjab Mail USA)



ਪਿਛਲੇ ਲੰਬੇ ਸਮੇਂ ਤੋਂ ਅਕਸਰ ਵੇਖਿਆ ਜਾ ਰਿਹਾ ਹੈ ਕਿ ਪੂਰੀ ਸਿੱਖ ਕੌਮ ਅੰਦਰ ਗਲਤ ਧਾਰਨਾਵਾਂ ਦੇ ਸਦਕਾ ਵੱਡੇ ਪੱਧਰ 'ਤੇ ਉਥਲ-ਪੁਥਲ ਹੁੰਦੀ ਦਿਖਾਈ ਦਿੰਦੀ ਹੈ। ਇਹ ਗੱਲਾਂ ਪੰਜਾਬ ਵਿਚ ਹੀ ਨਹੀਂ, ਸਗੋਂ ਬਾਹਰਲੇ ਮੁਲਕਾਂ ਵਿਚ ਵੀ ਵਾਪਰ ਰਹੀਆਂ ਹਨ। ਸਿੱਖ ਭਾਈਚਾਰਾ ਆਪਸ ਵਿਚ ਲੜ ਕੇ ਔਜੜੇ ਭਰੇ ਰਾਹਾਂ ਦਾ ਪਾਂਧੇ ਬਣਦਾ ਜਾ ਰਿਹਾ ਹੈ। ਨੌਜਵਾਨੀ ਦਾ ਵੀ ਇਸੇ ਤਰ੍ਹਾਂ ਪੂਰਾ ਯੋਗਦਾਨ ਹੈ। ਜਵਾਨੀ ਦਾ ਇਸ ਸਾਰੇ ਵਰਤਾਰੇ ਵਿਚ ਸ਼ਾਮਲ ਹੋ ਕੇ ਗ਼ਲਤ ਰਾਹ ਪੈ ਕੇ ਆਪਣੇ ਹੀ ਕੌਮ ਨੂੰ ਨਿੰਦਣਾ ਅਤੇ ਚੰਗੇ-ਚੰਗੇ ਵਿਦਵਾਨਾਂ 'ਤੇ ਉਂਗਲਾਂ ਉਠਾਉਣੀਆਂ, ਇਹ ਕਿਸੇ ਨੂੰ ਸ਼ੋਭਾ ਨਹੀਂ ਦਿੰਦਾ। ਇਹ ਗੱਲਾਂ ਬਹੁਤ ਮਾੜੀਆਂ ਹਨ। ਅਕਸਰ ਦੇਖਿਆ ਜਾਂਦਾ ਹੈ ਕਿ ਗੁਰਦੁਆਰੇ ਵਿਚ ਲੜਾਈਆਂ ਹੋ ਰਹੀਆਂ ਹਨ ਅਤੇ ਸਿੱਖ ਆਪਸ ਵਿਚ ਉਲਝ ਕੇ ਬੁਰੀ ਕੱਟਾ-ਵੱਢੀ ਹੋ ਕੇ ਇਕ ਦੂਜੇ ਦੇ ਦੁਸ਼ਮਣ ਬਣ ਰਹੇ ਹਨ।

ਇਹ ਵਰਤਾਰਾ ਭਾਵੇਂ ਅੱਜ ਤੋਂ ਨਹੀਂ ਚੱਲਿਆ। ਪਰ ਵੱਡੇ ਪੱਧਰ 'ਤੇ ਪਿਛਲੇ ਲੰਬੇ ਸਮੇਂ ਤੋਂ ਵਾਪਰ ਰਿਹਾ ਹੈ। ਸਾਡੀ ਸਿੱਖ ਕੌਮ ਪੂਰੀ ਤਰ੍ਹਾਂ ਲੀਡਰ ਰਹਿਤ ਹੋ ਕੇ ਰਹਿ ਚੁੱਕੀ ਹੈ। ਜਿਸ ਨੂੰ ਲੋੜ ਹੈ ਸਾਰੀਆਂ ਗੱਲਾਂ-ਬਾਤਾਂ ਕਰਕੇ ਨਵੇਂ ਸਿਰੇ ਤੋਂ ਇੱਕ ਚੰਗਾ ਵਧੀਆ ਭਾਈਚਾਰਾ ਉਸਾਰਨ ਦੀ, ਕਿਉਂਕਿ ਗੁਰੂ ਸਾਹਿਬ ਦੇ ਫਲਸਫੇ ਅਨੁਸਾਰ ਜੇਕਰ ਜ਼ਿੰਦਗੀ ਜ਼ਰੂਰੀ ਹੈ, ਤਾਂ ਸਾਰੇ ਭਾਈਚਾਰੇ ਦੇ ਲੋਕ ਇਕੱਠੇ ਹੋ ਕੇ ਗੁਰੂ ਸਾਹਿਬ ਦੇ ਫਲਸਫੇ ਅਨੁਸਾਰ ਗੁਰਬਾਣੀ ਦੇ ਦੱਸੇ ਰਸਤੇ 'ਤੇ ਚੱਲ ਕੇ ਚੰਗੀ ਜ਼ਿੰਦਗੀ ਬਿਤਾਈ ਜਾ ਸਕਦੀ ਹੈ। ਸਾਡੇ ਗੁਰੂ ਸਾਹਿਬਾਨ ਨੇ ਆਖਿਆ ਹੈ ਕਿ ਕੋਈ ਵੀ ਇਨਸਾਨ ਜਦੋਂ ਹੰਕਾਰ ਦੇ ਰਾਹ ਪੈ ਜਾਂਦਾ ਹੈ, ਤਾਂ ਉਸਦਾ ਨੁਕਸਾਨ ਹੋਣਾ ਤੈਅ ਹੈ ਕਿਉਂਕਿ ਹੰਕਾਰ ਕੁਦਰਤ ਨੂੰ ਭਾਉਂਦਾ ਨਹੀਂ ਹੈ। ਇਸ ਲਈ ਕਿਸੇ ਵੀ ਇਨਸਾਨ ਨੂੰ ਹੰਕਾਰ ਨਹੀਂ ਕਰਨਾ ਚਾਹੀਦਾ। ਉਸਨੂੰ ਹਉਮੈ ਦੇ ਪੈ ਕੇ ਜ਼ਿੰਦਗੀ ਨਹੀਂ ਜੀਣੀ ਚਾਹੀਦੀ। ਚੰਗਾ ਹੋਵੇ ਜੇਕਰ ਹਰ ਬੰਦਾ ਹਉਮੈ ਤਿਆਗ ਕੇ ਆਪਸੀ ਭਾਈਚਾਰਾ ਕਾਇਮ ਰੱਖੇ। ਇਹ ਵਧੀਆ ਗੱਲ ਹੈ।

ਅੱਜਕੱਲ੍ਹ ਪੂਰੀ ਦੁਨੀਆਂ ਦੇ ਵਿਚ ਗੁਰਦੁਆਰਾ ਸਾਹਿਬਾਨ ਦੇ ਅੰਦਰ ਜੋ ਕੁਝ ਹੋ ਰਿਹਾ, ਉਸਨੂੰ ਵੇਖ ਕੇ ਕਿਸੇ ਵੀ ਇਨਸਾਨ ਦਾ ਸਿਰ ਸ਼ਰਮ ਨਾਲ ਨੀਵਾਂ ਹੋ ਜਾਂਦਾ ਹੈ। ਅਸੀਂ ਗੋਲਕ ਪਿੱਛੇ ਲੜ ਰਹੇ ਹਾਂ। ਭਾਂਡਿਆਂ ਦੇ ਪਿੱਛੇ ਸਾਡੇ ਜੱਫੇ ਲੱਗ ਰਹੇ ਹਨ ਤੇ ਰੁਪਏ ਖਾਤਰ ਕਮੇਟੀਆਂ ਦੇ ਵਿਚ ਕਤਲਾਂ ਤੱਕ ਆਮ ਗੱਲ ਹੋ ਚੁੱਕੀ ਹੈ। ਥਾਣੇ ਕਚਹਿਰੀਆਂ ਜਾ ਕੇ ਗੁਰੂ ਘਰ ਦੇ ਝਗੜੇ ਸੁਲਝਦੇ ਰਹੇ ਹਨ। ਪੁਲਿਸ ਵੱਲੋਂ ਬਹੁਤ ਸਾਰੇ ਲੋਕਾਂ 'ਤੇ ਪਰਚੇ ਦਰਜ ਕੀਤੇ ਜਾਣਾ ਆਮ ਗੱਲ ਹੋ ਚੁੱਕੀ ਹੈ। ਸਾਨੂੰ ਸਾਡੇ ਗੁਰੂ ਸਾਹਿਬਾਨ ਨੇ ਇਹੀ ਗੱਲ ਸਿਖਾਈ ਸੀ ਕਿ ਗੁਰਦੁਆਰਿਆਂ ਪਿੱਛੇ ਉਲਝ ਕੇ ਆਪਣੀ ਪਰਿਵਾਰਾਂ ਨੂੰ ਖਰਾਬ ਕਰ ਲਵੋ। ਇਹ ਵਰਤਾਰਾ ਬਾਹਰਲੇ ਮੁਲਕਾਂ ਅੰਦਰ ਵੀ ਵਾਪਰ ਰਿਹਾ ਹੈ। ਚੌਧਰ ਦੇ ਭੁੱਖੇ ਲੋਕਾਂ ਵੱਲੋਂ ਆਮ ਲੋਕਾਂ ਨੂੰ ਅਤੇ ਸਿੱਖ ਸੰਗਤ ਨੂੰ ਲੜਾ ਕੇ ਆਪਣਾ ਉੱਲੂ ਸਿੱਧਾ ਕੀਤਾ ਜਾ ਰਿਹਾ ਹੈ। ਘਾਟ ਕਿੱਥੇ ਹੈ ਇਹ ਸੋਚਣ ਦਾ ਸਮਾਂ ਹੈ ਕਿਉਂਕਿ ਗੁਰੂ ਸਹਿਬਾਨ ਦੀ ਦਿੱਤੀ ਸਿੱਖਿਆ ਅਨੁਸਾਰ ਇਹ ਕੁਝ ਨਹੀਂ ਸਿਖਾਇਆ ਜਾਂਦਾ।

ਲੋੜ ਹੈ ਸਾਡੀ ਨੌਜਵਾਨੀ ਨੂੰ ਸਹੀ ਰਸਤੇ 'ਤੇ ਲੈ ਕੇ ਆਉਣ ਦੀ, ਕਿਉਂਕਿ ਅੱਜਕੱਲ੍ਹ ਜੋ ਕੁਝ ਸਾਡੀ ਨੌਜਵਾਨੀ ਵੱਲੋਂ ਕੀਤਾ ਜਾ ਰਿਹੈ, ਉਸ ਨੂੰ ਵੇਖ ਕੇ ਵੀ ਕਿਸੇ ਇਨਸਾਨ ਦਾ ਕਾਲਜਾ ਤੱਕ ਪਾੜ ਜਾਂਦਾ ਹੈ। ਵਿਦੇਸ਼ਾਂ ਅੰਦਰ ਨੌਜਵਾਨੀ ਕਿਹੜੇ ਰਾਹ ਤੁਰ ਚੁੱਕੀ ਹੈ, ਕਹਿਣ ਦੀ ਲੋੜ ਨਹੀਂ। ਬਹੁਤ ਸਾਰੇ ਨੌਜਵਾਨਾਂ ਵੱਲੋਂ ਨਸ਼ਾ ਕਰਕੇ ਗੁਰਦੁਆਰਿਆਂ ਅੰਦਰ ਝਗੜੇ ਕਰਨੇ ਆਮ ਗੱਲ ਹੋ ਚੁੱਕੀ ਹੈ। ਇਹ ਕੁਝ ਪਹਿਲਾਂ ਪੰਜਾਬ ਵਿਚ ਵੇਖਿਆ ਜਾਂਦਾ ਸੀ ਪਰ ਹੁਣ ਵਿਦੇਸ਼ਾਂ ਦੀ ਧਰਤੀ 'ਤੇ ਵੀ ਵਾਪਰ ਰਿਹਾ ਹੈ। ਪਿਛਲੇ ਦਿਨੀਂ ਕੈਨੇਡਾ ਦੀ ਧਰਤੀ 'ਤੇ ਜਿੱਥੇ ਵਿਦਿਆਰਥੀਆਂ ਦਾ ਜਾਣਾ ਆਮ ਗੱਲ ਹੋ ਚੁੱਕੀ ਹੈ। ਇੱਕ ਲੜਕੀ ਵੱਲੋਂ ਗੁਰਦੁਆਰਾ ਸਾਹਿਬਾਨ ਦੇ ਅੰਦਰ ਦਾਖਲ ਹੋ ਕੇ ਸਿਰਫ ਰੋਟੀ ਖਾਤਰ ਇੱਕ ਵੱਡਾ ਬਵਾਲ ਖੜ੍ਹਾ ਕਰਦਿਆਂ ਪ੍ਰਬੰਧਕਾਂ 'ਤੇ ਨੁਕਤਾਚੀਨੀ ਕੀਤੀ ਹੈ, ਜੋ ਬਿਲਕੁਲ ਗ਼ਲਤ ਵਰਤਾਰਾ ਹੈ। ਇਸ ਤਰ੍ਹਾਂ ਦੀਆਂ ਹਰਕਤਾਂ ਸਾਡੀ ਜਵਾਨੀ ਨੂੰ ਸੋਭਾ ਨਹੀਂ ਦਿੰਦੀਆਂ, ਜੋ ਕਿਤੇ ਨਾ ਕਿਤੇ ਸੂਝ-ਬੂਝ ਦੀ ਘਾਟ ਹੈ।

ਇੱਕ ਵੱਡਾ ਕਾਰਨ ਇਸ ਸਾਰੇ ਘਟਨਾਕ੍ਰਮ ਦਾ ਇਹ ਵੀ ਸੋਚਿਆ ਤੇ ਵੇਖਿਆ ਜਾਣਾ ਜ਼ਰੂਰੀ ਹੋ ਜਾਂਦਾ ਹੈ ਕਿ ਸਾਡੀ ਲੀਡਰਸ਼ਿਪ ਦੀ ਘਾਟ ਕਾਰਨ ਨੌਜਵਾਨੀ ਗ਼ਲਤ ਰਸਤੇ 'ਤੇ ਤਾਂ ਚੱਲੀ ਹੀ, ਪਰ ਨਾਲ ਦੀ ਨਾਲ ਸਾਡੇ ਸਿਆਸੀ ਤੇ ਧਾਰਮਿਕ ਆਗੂ ਆਗੂਆਂ ਦੀ ਬਦੌਲਤ ਪੂਰੀ ਕੌਮ ਦਾ ਬੇੜਾ ਗਰਕ ਹੋ ਗਿਆ। ਕਿਉਂਕਿ ਸਾਡੇ ਆਗੂਆਂ ਵੱਲੋਂ ਸਦਾ ਹੀ ਕੁਰਸੀ ਦੀ ਖ਼ਾਤਰ ਆਪਣੇ ਨਿੱਜੀ ਹਿੱਤਾਂ ਨੂੰ ਅੱਗੇ ਰੱਖ ਕੇ ਕੌਮ ਦਾ ਨੁਕਸਾਨ ਕੀਤਾ ਗਿਆ। ਸਾਡੀ ਨੌਜਵਾਨੀ ਪਹਿਲਾਂ ਹੀ ਗਲਤ ਰਸਤੇ 'ਤੇ ਨਹੀਂ ਤੁਰੀ। ਇਹ ਸਾਡੇ ਆਗੂਆਂ ਦੀ ਬਦੌਲਤ ਵਾਪਰਿਆ ਹੈ। ਸਾਡੇ ਆਗੂਆਂ ਵੱਲੋਂ ਆਪਣੀ ਨਿੱਜੀ ਪਹਿਲ ਨੂੰ ਬਰਕਰਾਰ ਰੱਖ ਕੇ ਵੱਡੇ ਲੋਕਾਂ ਦੇ ਕੰਧੇਰੇ ਚੜ੍ਹ ਕੇ ਚੰਗੀ ਬਣੀ ਖੇਡ ਦਾ ਨਾਸ਼ ਕਰ ਦਿੱਤਾ। ਸਾਡੇ ਆਗੂ ਆਪ ਹੀ ਗੁਰੂ ਸਾਹਿਬ ਦੇ ਦੱਸੇ ਰਸਤੇ 'ਤੇ ਨਹੀਂ ਚੱਲ ਸਕੇ, ਤਾਂ ਉਨ੍ਹਾਂ ਦੇ ਮਗਰ ਨੌਜਵਾਨੀ ਕਿਹੜੇ ਰਾਹ ਤੁਰੇਗੀ, ਕਹਿਣ ਦੀ ਲੋੜ ਨਹੀਂ। ਜੋ ਕੁਝ ਸਿੱਖਾਂ ਦੀਆਂ ਨੁਮਾਇੰਦਾ ਜਮਾਤਾਂ ਵੱਲੋਂ ਪਿਛਲੇ ਸਮੇਂ ਕੀਤਾ ਗਿਆ, ਉਨ੍ਹਾਂ ਨੂੰ ਵੇਖ ਕੇ ਤਾਂ ਸਿਰਫ ਇੰਨਾ ਹੀ ਆਖਿਆ ਜਾ ਸਕਦਾ ਹੈ ਕਿ ਸਾਡਾ ਤਾਂ ਹੁਣ ਰੱਬ ਹੀ ਰਾਖਾ ਹੈ।

ਚੰਗਾ ਹੋਵੇ ਜੇਕਰ ਸਾਡੇ ਆਗੂ ਅਤੇ ਅਸੀਂ ਇੱਕ ਪੰਥ ਇੱਕ ਸੋਚ ਦੇ ਧਾਰਨੀ ਬਣ, ਪੂਰੀ ਕੌਮ ਦੇ ਦੱਸੇ ਮਾਰਗ 'ਤੇ ਚੱਲਦਿਆਂ ਆਪਣੇ ਕੰਮ ਧੰਦਿਆਂ ਦੇ ਨਾਲ-ਨਾਲ ਕੌਮੀ ਜਜ਼ਬੇ ਵਿਚ ਗੜੁੱਚ ਹੋ ਕੇ ਭਾਈ ਪਰਮਪਾਲ ਸਿੰਘ ਹੋਰਾਂ ਦੀ ਤਰ੍ਹਾਂ ਪੰਥਕ ਕਾਰਜ ਕਰਕੇ ਨੌਜਵਾਨਾਂ ਦੀ ਅਗਵਾਈ ਕਰਦਿਆਂ ਪੂਰੀ ਕੌਮ ਪ੍ਰਤੀ ਸੇਧਿਤ ਹੋ ਕੇ ਸਿੱਖ ਗੁਰੂ ਸਾਹਿਬਾਨ ਦੇ ਫਲਸਫੇ ਅਨੁਸਾਰ ਜ਼ਿੰਦਗੀ ਜਿਊਂਦਿਆਂ ਇਮਾਨਦਾਰੀ ਨਾਲ ਕੌਮੀ ਕਾਰਜ ਕਰਕੇ ਇਕ ਵੱਖਰੀ ਪਿਰਤ ਪਾਉਣ ਦਾ ਯਤਨ ਕਰੀਏ। ਸਾਡੀਆਂ ਅਗਲੀਆਂ ਪੀੜ੍ਹੀਆਂ ਸਾਨੂੰ ਤਾਂ ਹੀ ਮਾਫ ਕਰਨਗੀਆਂ ਜੇਕਰ ਅਸੀਂ ਗੁਰੂ ਸਾਹਿਬਾਨ ਦੇ ਦੱਸੇ ਹੋਏ ਰਸਤੇ 'ਤੇ ਚੱਲ ਕੇ ਕੁਝ ਵੱਖਰਾ ਕਰਨ ਦਾ ਯਤਨ ਕਰਾਂਗੇ। ਆਓ ਇੱਕ ਪੰਥ ਇੱਕ ਸੋਚ ਦੇ ਧਾਰਨੀ ਬਣ ਕੇ ਪੂਰੀ ਕੌਮ ਨੂੰ ਇੱਕ ਧਾਗੇ ਵਿਚ, ਮਾਲਾ ਵਿਚ ਪਰੌਣ ਦਾ ਯਤਨ ਕਰੀਏ। ਇਸ ਦੇ ਵਿਚ ਹੀ ਸਾਡੀ ਭਲਾਈ ਹੈ। ਬਿਨਾਂ ਸ਼ੱਕ ਵੱਖ-ਵੱਖ ਜਥੇਬੰਦੀਆਂ ਤੇ ਭਾਈ ਪਰਮਪਾਲ ਸਿੰਘ ਹੋਰਾਂ ਦਾ ਇਹ ਉਪਰਾਲਾ ਸ਼ਲਾਘਾਯੋਗ ਕਦਮ ਹੈ।

# ਸ੍ਰੀ ਗੁਰੂ ਅੰਗਦ ਦੇਵ ਦੀ ਸਿੱਖ ਧਰਮ ਤੇ ਪੰਜਾਬੀ ਭਾਸ਼ਾ ਨੂੰ ਦੇਣ

## ਅਵਤਾਰ ਪੁਰਬ 'ਤੇ ਵਿਸ਼ੇਸ਼


-ਡਾ. ਚਰਨਜੀਤ ਸਿੰਘ ਗੁਮਟਾਲਾ
919417533060
gumtalacs@gmail.com
(Punjab Mail USA)










ਸ੍ਰੀ ਗੁਰੂ ਅੰਗਦ ਦੇਵ ਜੀ ਨੇ 5 ਵੈਸਾਖ ਸੰਮਤ 1561 ਬਿਕਰਮੀ ਮੁਤਾਬਿਕ 31 ਮਾਰਚ, ਸੰਨ 1504 ਈ. ਨੂੰ ਮੱਤੇ ਦੀ ਸਰ੍ਹਾਂ (ਪ੍ਰਚਲਤ ਨਾਂ ਨਾਗੇ ਦੀ ਸਰ੍ਹਾਂ) ਜ਼ਿਲ੍ਹਾ ਫਰੀਦਕੋਟ ਵਿਖੇ ਅਵਤਾਰ ਧਾਰਿਆ। ਆਪ ਜੀ ਦੇ ਪਿਤਾ ਦਾ ਨਾਂ ਭਾਈ ਫੇਰੂ ਮੱਲ ਸੀ ਤੇ ਮਾਤਾ ਦਾ ਨਾਂ ਸਭਰਾਈ ਸੀ। ਇਨ੍ਹਾਂ ਦਾ ਮੁੱਢਲਾ ਨਾਂ ਭਾਈ ਲਹਿਣਾ ਸੀ। ਆਪ ਦਾ ਵਿਆਹ ਸੰਮਤ 1576 ਬਿਕਰਮੀ ਮੁਤਾਬਿਕ ਸੰਨ 1519 ਨੂੰ ਖਡੂਰ ਸਾਹਿਬ ਵਿਖੇ ਭਾਈ ਦੇਵੀ ਚੰਦ ਜੀ ਖੱਤਰੀ ਦੀ ਸਪੁੱਤਰੀ ਬੀਬੀ ਖੀਵੀ ਜੀ ਨਾਲ ਹੋਇਆ। ਆਪ ਜੀ ਦੇ ਦੋ ਸੁਪੱਤਰ ਸ੍ਰੀ ਦਾਸੂ ਅਤੇ ਸ੍ਰੀ ਦਾਤੂ ਜੀ ਅਤੇ ਦੋ ਸਪੁੱਤਰੀਆਂ ਬੀਬੀ ਅਮਰੋ ਜੀ ਅਤੇ ਬੀਬੀ ਅਣੋਖੀ ਜੀ ਸਨ।

ਉਸ ਸਮੇਂ ਪੰਜਾਬ ਵਿਚ ਹਫ਼ੜਾ-ਦਫੜੀ ਮੱਚੀ ਹੋਈ ਸੀ। ਜਦ ਮੱਤੇ ਦੀ ਸਰ੍ਹਾਂ ਮੁਗ਼ਲਾਂ ਅਤੇ ਬਲੋਚਾਂ ਨੇ ਉਜਾੜ ਦਿੱਤੀ, ਤਾਂ ਫੇਰੂ ਜੀ ਅਤੇ ਭਾਈ ਲਹਿਣਾ ਜੀ ਦੇ ਪਰਿਵਾਰ ਖਡੂਰ ਵਿਚ ਰਹਿਣ ਲਈ ਚਲੇ ਗਏ। ਗੋਇੰਦਵਾਲ ਅਜੇ ਵਸਿਆ ਨਹੀਂ ਸੀ। ਖਡੂਰ ਆਪ ਦੀ ਭੂਆ ਵਿਆਹੀ ਹੋਈ ਸੀ, ਉਸੇ ਦੀ ਰਾਹੀਂ ਆਪ ਦਾ ਰਿਸ਼ਤਾ ਖਡੂਰ ਹੋਇਆ। ਖਡੂਰ ਆ ਕੇ ਬਾਬਾ ਫੇਰੂ ਨੇ ਪ੍ਰਚੂਨ ਦੀ ਦੁਕਾਨ ਪਾ ਲਈ। ਆਪ ਦੀ ਉਸ ਸਮੇਂ ਉਮਰ ਵੀਹ ਸਾਲ ਦੀ ਸੀ।

ਬਾਬਾ ਫੇਰੂ ਜੀ ਵੈਸ਼ਨੋ ਦੇਵੀ ਦੇ ਭਗਤ ਸਨ ਤੇ ਹਰ ਸਾਲ ਵੈਸ਼ਨੋ ਦੇਵੀ ਦੇ ਦਰਸ਼ਨਾਂ ਲਈ ਪੈਦਲ ਜੰਮੂ ਕਟੜਾ ਜਾਂਦੇ ਸਨ। ਸੰਮਤ 1583 (1526 ਈ.) ਵਿਚ ਬਾਬਾ ਫੇਰੂ ਜੀ ਅਕਾਲ ਚਲਾਣਾ ਕਰ ਗਏ। ਉਨ੍ਹਾਂ ਤੋਂ ਪਿੱਛੋਂ ਆਪ ਨੇ ਇਹ ਸੇਵਾ ਸੰਭਾਲ ਲਈ।

ਖਡੂਰ ਵਿਚ ਇੱਕ ਸਿੱਖ ਭਾਈ ਜੋਧਾ ਰਹਿੰਦਾ ਸੀ। ਭਾਈ ਜੋਧਾ ਹਰ ਰੋਜ਼ ਅੰਮ੍ਰਿਤ ਵੇਲੇ ਪਹਿਰ ਰਾਤ ਰਹਿੰਦੀ ਉੱਠਦਾ ਸੀ ਅਤੇ ਜਪੁਜੀ ਤੇ ਆਸਾ ਕੀ ਵਾਰ ਦਾ ਪਾਠ ਕਰਦਾ ਸੀ। ਉਸ ਰਾਹੀਂ ਆਪ ਜੀ ਦਾ ਮੇਲ ਗੁਰੂ ਨਾਨਕ ਦੇਵ ਜੀ ਨਾਲ ਰਾਵੀ ਦੇ ਕੰਢੇ ਕਰਤਾਰਪੁਰ ਵਿਚ ਹੋਇਆ। ਭਾਈ ਲਹਿਣਾ ਨੇ ਬਹੁਤ ਮਨ ਲਾ ਕੇ 6-7 ਸਾਲ ਗੁਰੂ ਜੀ ਦੀ ਸੇਵਾ ਕੀਤੀ ਤੇ ਗੁਰੂ ਸਾਹਿਬ ਨੇ ਵੀ ਕਈ ਤਰ੍ਹਾਂ ਦੀਆਂ ਪਰਖਾਂ ਕੀਤੀਆਂ। ਅੰਤ ਵਿਚ ਗੁਰੂ ਨਾਨਕ ਦੇਵ ਨੇ ਅਸੂ ਵਦੀ 10 (7 ਅਸੂ) ਸੰਮਤ 1596 (7 ਸਤੰਬਰ 1539 ਈ.) ਨੂੰ ਜੋਤੀ ਜੋਤ ਸਮਾਉਣ ਤੋਂ ਕੁਝ ਦਿਨ ਪਹਿਲਾਂ 2 ਅਸੂ ਸੰਮਤ 1596 (ਅਸੂ ਵਦੀ 5) ਮੁਤਾਬਿਕ 2 ਸਤੰਬਰ ਸੰਨ 1539 ਨੂੰ ਲਹਿਣੇ ਨੂੰ ਅੰਗਦ ਬਣਾ ਕੇ ਗੁਰਿਆਈ ਦੇ ਦਿੱਤੀ ਗਈ। ਸ੍ਰੀ ਚੰਦ ਤੇ ਲਖਮੀਦਾਸ ਦੀ ਨਾਰਾਜ਼ਗੀ ਕਾਰਨ ਸਿੱਖ ਸੰਗਤਾਂ ਵਿਚ ਫੁੱਟ ਦਾ ਬੀਜ ਨਾ ਬੀਜਿਆ ਜਾਵੇ, ਇਸ ਲਈ ਗੁਰੂ ਨਾਨਕ ਜੀ ਦੀ ਆਗਿਆ ਅਨੁਸਾਰ ਆਪ ਕਰਤਾਰਪੁਰ ਛੱਡ ਕੇ ਖਡੂਰ ਆ ਗਏ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਦੀ ਭਾਸ਼ਾ ਪੰਜਾਬੀ ਵਿਚ ਲਿਖਣ ਦੀ ਜੋ ਸ਼ੁਰੂਆਤ ਕੀਤੀ ਸੀ, ਉਸ ਨੂੰ ਹੀ ਗੁਰੂ ਅੰਗਦ ਜੀ ਨੇ ਅੱਗੇ ਤੋਰਿਆ ਤੇ ਉਸ ਦੇ ਪ੍ਰਚਾਰ ਤੇ ਪਾਸਾਰ ਲਈ ਹਰ ਤਰ੍ਹਾਂ ਦੇ ਉਪਰਾਲੇ ਕੀਤੇ। ਗੋਕਲ ਚੰਦ ਨਾਰੰਗ ਅਨੁਸਾਰ ਉਸ ਸਮੇਂ ਬ੍ਰਾਹਮਣ ਦੇ ਮਹੱਤਵ ਦਾ ਇੱਕ ਵੱਡਾ ਆਧਾਰ ਉਸ ਦਾ ਸੰਸਕ੍ਰਿਤ ਦਾ ਗਿਆਨ ਸੀ, ਜੋ ਕਿ ਧਰਮ ਦੀ ਭਾਸ਼ਾ ਸੀ। ਜਦੋਂ ਗੁਰਮੁੱਖੀ ਅੱਖਰਾਂ ਵਿਚ ਲਿਪੀ ਪੰਜਾਬੀ ਨੂੰ ਵੀ ਉਹੀ ਸੁਚਮਤਾ ਪ੍ਰਾਪਤ ਹੋ ਗਈ, ਤਾਂ ਬ੍ਰਾਹਮਣ ਦੀ ਪ੍ਰਤਿਸ਼ਠਾ ਨੂੰ ਧੱਕਾ ਲੱਗਣਾ ਜ਼ਰੂਰੀ ਸੀ। ਇਸ ਨਵੀਨ ਲਿਪੀ ਦੀ ਵਰਤੋਂ ਦਾ ਪ੍ਰਭਾਵ ਇਹ ਪਿਆ ਕਿ ਪੜ੍ਹੇ-ਲਿਖੇ ਵਿਅਕਤੀਆਂ ਦੀ ਗਿਣਤੀ ਵਿਚ ਵਾਧਾ ਹੋ ਗਿਆ ਅਤੇ ਜਨਤਾ ਤੱਕ ਉਨ੍ਹਾਂ ਦੀ ਮਾਤਰੀ ਭਾਸ਼ਾ ਵਿਚ ਧਾਰਮਿਕ ਸਾਹਿਤ ਦੀ ਰਸਾਈ ਕਰਨ ਕਰਕੇ, ਗੁਰੂਆਂ ਦੇ ਸੁਧਾਰ-ਕਾਰਜ ਨੂੰ ਉਤਸ਼ਾਹ ਮਿਲਿਆ।

ਗੁਰੂ ਅੰਗਦ ਦੇਵ ਨੇ ਦੂਸਰਾ ਕਦਮ ਗੁਰੂ ਨਾਨਕ ਦੀਆਂ ਸਾਖੀਆਂ ਦੇ ਸੰਗ੍ਰਹਿ ਸੰਬੰਧੀ ਚੁੱਕਿਆ। ਬਾਲੇ ਨੇ, ਜੋ ਕਿ ਜੋਤੀ ਜੋਤ ਸਮਾ ਚੁੱਕੇ ਗੁਰੂ ਸਾਹਿਬ ਦਾ ਜੀਵਨ ਸੰਗੀ ਰਿਹਾ ਸੀ ਅਤੇ ਉਨ੍ਹਾਂ ਦੀਆਂ ਸਾਰੀਆਂ ਉਦਾਸੀਆਂ ਵਿਚ ਉਨ੍ਹਾਂ ਦੇ ਨਾਲ ਰਿਹਾ ਸੀ, ਆਪਣੀ ਯਾਦਾਸ਼ਤ ਦੁਆਰਾ ਸਭ ਕੁਝ ਬਿਆਨ ਕੀਤਾ, ਜੋ ਉਸ ਨੇ ਗੁਰੂ ਨਾਨਕ ਦੇ ਬਾਲਪਨ ਤੋਂ ਲੈ ਕੇ ਮ੍ਰਿਤੂ ਤੱਕ ਵੇਖਿਆ ਸੀ ਜਾਂ ਸੁਣਿਆ ਸੀ ਅਤੇ ਗੁਰੂ ਅੰਗਦ ਨੇ ਇਸ ਨੂੰ ਲਿਪੀ ਬੱਧ ਕਰਨ ਦਾ ਨਿਸ਼ਚਾ ਧਾਰ ਲਿਆ। ਗੁਰੂ ਨਾਨਕ ਪਹਿਲੇ ਪੰਜਾਬੀ ਕਵੀ ਸਨ, ਜਿਨ੍ਹਾਂ ਨੂੰ ਲੋਕ-ਪ੍ਰਿਯਤਾ ਅਤੇ ਪ੍ਰਸਿੱਧੀ ਪ੍ਰਾਪਤ ਹੋਈ ਅਤੇ ਗੁਰੂ ਅੰਗਦ ਦੁਆਰਾ ਸੰਪਾਦਿਤ ਉਨ੍ਹਾਂ ਦੀ ਸਾਖੀ ਪੰਜਾਬੀ ਭਾਸ਼ਾ ਦੀ ਸਭ ਤੋਂ ਪਹਿਲੀ ਗੱਦ-ਰਚਨਾ ਬਣੀ। ਗੁਰੂ ਨਾਨਕ ਦੇ ਸਿੱਖਾਂ ਵਿਚ ਇਹ ਪੁਸਤਕ ਛੇਤੀ ਹੀ ਹਰਮਨ-ਪਿਆਰੀ ਹੋ ਗਈ ਅਤੇ ਕਿਉਂਕਿ ਇਸ ਪੁਸਤਕ ਵਿਚ ਗੁਰੂ ਸਾਹਿਬ ਦੀ ਸਿੱਖਿਆ ਅਤੇ ਜੀਵਨ ਦੋਵੇਂ ਹੀ ਦਰਜ ਸਨ, ਇਸ ਨੇ ਸਿੱਖਾਂ ਦੇ ਧਾਰਮਿਕ ਗ੍ਰੰਥ ਹੋਣ ਦਾ ਮਾਣ ਤੁਰੰਤ ਪ੍ਰਾਪਤ ਕਰ ਲਿਆ।

ਆਪ ਜੀ ਨੇ ਲੰਗਰ ਪ੍ਰਣਾਲੀ ਜੋ ਗੁਰੂ ਨਾਨਕ ਜੀ ਨੇ ਸ਼ੁਰੂ ਕੀਤੀ ਸੀ, ਉਸ ਨੂੰ ਅੱਗੇ ਤੋਰਿਆ। ਸਿੱਖ ਹੁਣ ਪੁਰਾਤਨ ਹਿੰਦੂ ਸਮਾਜ ਤੋਂ ਹੌਲੀ-ਹੌਲੀ ਦੂਰ ਹੋਣ ਲੱਗੇ ਅਤੇ ਇੱਕ ਨਵੀਂ ਸ਼੍ਰੇਣੀ ਅਥਵਾ ਇੱਕ ਕਿਸਮ ਦੇ ਨਵੇਂ ਭਾਈਚਾਰੇ ਵਿਚ ਬੱਝਣ ਲੱਗੇ।

ਗੁਰੂ ਬਣਾਉਣ ਵੇਲੇ ਸਤਿਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਨੂੰ ਆਪਣੀ ਉਹ 'ਕਿਤਾਬ' ਵੀ ਦੇ ਦਿੱਤੀ, ਜਿਸ ਵਿਚ ਉਨ੍ਹਾਂ ਆਪਣੀ ਸਾਰੀ ਹੀ ਬਾਣੀ ਲਿਖ ਕੇ ਰੱਖੀ ਹੋਈ ਸੀ, ਅਤੇ ਬਾਬਾ ਫ਼ਰੀਦ, ਭਗਤ ਨਾਮਦੇਵ, ਕਬੀਰ, ਰਵਿਦਾਸ ਆਦਿਕ ਸਾਰੇ ਭਗਤਾਂ ਦੀ ਬਾਣੀ ਵੀ ਲਿਖੀ ਹੋਈ ਸੀ। ਜਦੋਂ ਗੁਰੂ ਨਾਨਕ ਦੇਵ ਜੀ ਮੱਕੇ ਗਏ ਸਨ, ਤਾਂ ਹਾਜੀਆਂ ਨੇ ਵੀ ਇਸੇ 'ਕਿਤਾਬ' ਬਾਰੇ ਆਖਿਆ ਸੀ ਕਿ ਇਸ ਨੂੰ ਖੋਲ੍ਹ ਕੇ ਸਾਨੂੰ ਆਪਣੀ ਰਾਇ ਦੱਸੋ ਕਿ ਹਿੰਦੂ ਵੱਡਾ ਹੈ ਜਾਂ ਮੁਸਲਮਾਨ। ਇਹ ਹੁਕਮ ਵੀ ਕੀਤਾ ਕਿ ਰਾਵੀ ਬਿਆਸ ਵਿਚਲੇ ਇਲਾਕੇ ਮਾਝੇ ਵਿਚ ਦੇ ਕਿਸਾਨ ਆਦਿਕ ਲੋਕਾਂ ਵਿਚ ਪ੍ਰਚਾਰ ਕਰੋ ਅਤੇ ਉਨ੍ਹਾਂ ਨੂੰ ਹੌਂਸਲਾ ਦਿਉ। ਗੁਰੂ ਅੰਗਦ ਦੇਵ ਜੀ ਨੇ ਕਰਤਾਰਪੁਰ ਤੋਂ ਸਿੱਖ ਧਰਮ ਦੇ ਪ੍ਰਚਾਰ ਦਾ ਕੇਂਦਰ ਖਡੂਰ ਵਿਚ ਆ ਬਣਾਇਆ।

ਗੋਇੰਦਵਾਲ ਵਾਲ਼ੀ ਜਗਾਹ ਪਹਿਲਾਂ ਇਕ ਥੇਹ ਸੀ ਤੇ ਇੱਕ ਮਰਵਾਹੇ ਖੱਤਰੀ ਗੋਂਦੇ ਦੇ ਵੱਡਿਆਂ ਦੀ ਮਾਲਕੀ। ਗੋਂਦਾ ਆਪਣੇ ਵੱਡਿਆਂ ਦਾ ਨਾਮ ਉਜਾਗਰ ਕਰਨ ਲਈ ਉੱਥੇ ਨਗਰ ਵਸਾਣਾ ਚਾਹੁੰਦਾ ਸੀ। ਗੋਂਦਾ ਇਸ ਬਾਰੇ ਗੁਰੂ ਅੰਗਦ ਦੇਵ ਜੀ ਪਾਸ ਆਇਆ। ਗੁਰੂ ਅੰਗਦ ਸਾਹਿਬ ਨੇ ਨਗਰ ਵਸਾਉਣ ਦੀ ਇਹ ਜ਼ਿੰਮੇਵਾਰੀ (ਗੁਰੂ) ਅਮਰਦਾਸ ਜੀ ਨੂੰ ਸੌਂਪੀ ਅਤੇ ਹੁਕਮ ਦਿੱਤਾ ਕਿ ਨਗਰ ਬਣਾ ਕੇ ਬਾਸਰਕੇ ਤੋਂ ਆਪਣੇ ਨਿਕਟੀ ਸਾਕ-ਸੰਬੰਧੀਆਂ ਨੂੰ ਉੱਥੇ ਲਿਆ ਵਸਾਓ। ਇਹ ਜ਼ਿਕਰ ਸੰਨ 1546 (ਸੰਮਤ 1603) ਦਾ ਹੈ। ਨਗਰ ਦਾ ਨਾਮ ਗੋਇੰਦਵਾਲ ਰੱਖਿਆ ਗਿਆ। (ਗੁਰੂ) ਅਮਰਦਾਸ ਜੀ ਆਪਣੇ ਕਈ ਸਾਕ-ਸੰਬੰਧੀਆਂ ਨੂੰ ਗੋਇੰਦਵਾਲ ਲੈ ਆਏ।

ਜਿੱਥੋਂ ਤੱਕ ਗੁਰਮੁੱਖੀ ਲਿਪੀ ਦਾ ਸੰਬੰਧ ਹੈ, ਇਸ ਨੂੰ ਅਜੋਕਾ ਰੂਪ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਦਿੱਤਾ ਸੀ। ਡਾ. ਜ.ਸ. ਜੋਸ਼ੀ ਅਨੁਸਾਰ ਗੁਰਮੁਖੀ ਦੇ ਅੱਖਰ ਵਰਤਮਾਨ ਦੇਵਨਾਗਰੀ ਨਾਲੋਂ ਵੀ ਪੁਰਾਣੇ ਹਨ। ਕੋਈ ਪੈਂਤੀ ਅੱਖਰਾਂ ਦੀ ਵਰਣਮਾਲਾ ਗੁਰੂ ਨਾਨਕ ਸਾਹਿਬ ਦੇ ਬਚਪਨ ਵੇਲੇ ਮੌਜੂਦ ਸੀ। ਇਹ ਵਰਣਮਾਲਾ ਪਾਂਧੇ ਤੋਂ ਗੁਰੂ ਨਾਨਕ ਦੇਵ ਜੀ ਨੇ ਸਿੱਖੀ ਅਤੇ ਇਸ ਨੂੰ ਮੁੱਖ ਰੱਖਕੇ 'ਪੱਟੀ' ਵਾਲੀ ਰਚਨਾ ਕੀਤੀ। ਇਹ ਵਰਣਮਾਲਾ ਪੰਜਾਬ ਵਿਚ ਸਿੱਖਿਆ ਪ੍ਰਣਾਲੀ ਦਾ ਮੁੱਢ ਸੀ। ਇਹੋ ਵਰਣਮਾਲਾ ਹੀ ਪਿੱਛੋਂ 'ਗੁਰਮੁਖੀ' ਅਖਵਾਉਣ ਵਾਲੀ ਹੋ ਸਕਦੀ ਹੈ, ਜੇ ਪੈੜੇ ਮੋਖੇ ਦੇ ਜਨਮਸਾਖੀ ਲਿਖਣ ਵਾਲੀ ਕਹਾਣੀ ਨੂੰ ਜਿਸ ਤਰ੍ਹਾਂ ਉਹ ਬਾਲੇ ਵਾਲੀ ਜਨਮ ਸਾਖੀ ਵਿਚ ਦਿੱਤੀ ਗਈ ਹੈ। ਸੱਚ ਮੰਨ ਲਈਏ ਤਾਂ ਪ੍ਰਤੱਖ ਹੈ ਕਿ ਪੈੜੇ ਮੋਖੇ ਨੂੰ ਗੁਰਮੁਖੀ ਲਿਖਣੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਮਿਲਣ ਤੋਂ ਪਹਿਲਾਂ ਹੀ ਚੰਗੀ ਤਰ੍ਹਾਂ ਆਉਂਦੀ ਸੀ, ਜਿਸ ਤੋਂ ਗੁਰੂ ਅੰਗਦ ਦੇਵ ਜੀ ਨੇ ਐਡਾ ਵੱਡਾ ਕੰਮ ਉਸ ਦੇ ਸਪੁਰਦ ਕੀਤਾ। ਡਾ. ਜੋਸ਼ੀ ਅੱਗੇ ਲਿਖਦੇ ਹਨ ਕਿ ਗੁਰਮੁਖੀ ਅੱਖਰਾਂ ਦੀ ਵਰਤਮਾਨ ਤਰਤੀਬ ਆਧੁਨਿਕ ਯੁੱਗ ਦੀਆਂ ਧੁਨੀ ਵਿਗਿਆਨ ਦੇ ਖੇਤਰ ਦੀਆਂ ਖੋਜਾਂ ਦੀ ਕਸਵਟੀ 'ਤੇ ਪੂਰੀ ਤਰ੍ਹਾਂ ਠੀਕ ਉਤਰਦੀ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਦਾ ਇਸ ਤੋਂ ਵੱਧ ਮਹੱਤਵਪੂਰਨ ਯੋਗਦਾਨ ਗੁਰਮੁਖੀ ਲਿਪੀ ਨੂੰ ਗੁਰਬਾਣੀ ਅਤੇ ਬਾਕੀ ਗੁਰਮਤਿ ਸਾਹਿਤ ਨੂੰ ਲਿਖਤੀ ਰੂਪ ਦੇਣ ਲਈ ਢੁੱਕਵੀਂ ਮੰਨ ਕੇ ਮਾਧਿਅਮ ਵਜੋਂ ਅਪਨਾਉਣਾ ਹੈ। ਬੱਚਿਆਂ ਨੂੰ ਇਸਦੀ ਸਿੱਖਿਆ ਪ੍ਰਦਾਨ ਕਰਨ ਲਈ ਆਪ ਜੀ ਨੇ 'ਬਾਲ ਬੋਧ' ਦੀ ਰਚਨਾ ਕੀਤੀ। ਗੁਰਮੁਖੀ ਅੱਖਰਾਂ ਤੋਂ ਜਾਣੂੰ ਲਿਖਾਰੀਆਂ ਨੂੰ ਵਰਤਮਾਨ ਲਿਪੀ ਵਿਚ ਪੰਜਾਬੀ ਸਾਹਿਤ ਲਿਖਣ ਦੀ ਪ੍ਰੇਰਣਾ ਅਤੇ ਉਤਸ਼ਾਹ ਦਿੱਤਾ। ਸ਼ਾਇਦ ਇਸੇ ਕਰਕੇ ਗੁਰਮੁਖਾਂ ਨੇ ਆਪ ਜੀ ਨੂੰ ਗੁਰਮੁਖੀ ਲਿਪੀ ਦਾ ਨਿਰਮਾਤਾ ਮੰਨ ਲਿਆ।

ਆਪ ਨੇ ਕੇਵਲ ਸਲੋਕ ਹੀ ਲਿਖੇ, ਜਿਨ੍ਹਾਂ ਦਾ ਗਿਣਤੀ 63 ਹੈ। ਗੁਰੂ ਗ੍ਰੰਥ ਦੀ ਬੀੜ ਤਿਆਰ ਕਰਨ ਸਮੇਂ ਇਨ੍ਹਾਂ ਸਲੋਕਾਂ ਨੂੰ ਗੁਰੂ ਅਰਜਨ ਦੇਵ ਨੇ ਗੁਰੂ ਨਾਨਕ ਸਾਹਿਬ, ਗੁਰੂ ਅਮਰਦਾਸ ਜੀ ਤੇ ਗੁਰੂ ਰਾਮਦਾਸ ਜੀ ਦੀਆਂ ਲਿਖੀਆਂ ਵਾਰਾਂ ਦੀਆਂ ਕੁਝ ਪਉੜੀਆਂ ਦੇ ਨਾਲ ਦਰਜ ਕਰ ਦਿੱਤਾ। ਸਿਰੀਰਾਗ ਕੀ ਵਾਰ ਮਹਲਾ ਪਹਿਲਾ ਚੌਥਾ ਵਿਚ 2 ਸਲੋਕ, ਮਾਝ ਕੀ ਵਾਰ ਮਹਲਾ ਪਹਿਲਾ ਵਿਚ 12 ਸਲੋਕ, ਆਸਾ ਕੀ ਵਾਰ ਮਹਲਾ ਪਹਿਲਾ ਵਿਚ 15, ਸੋਰਿਠ ਕੀ ਵਾਰ ਮਹਲਾ ਚਾਰ ਵਿਚ 1, ਸੂਹੀ ਕੀ ਵਾਰ ਮਹਲਾ ਤਿੰਨ ਵਿਚ 11 ਸਲੋਕ, ਰਾਮਕਲੀ ਕੀ ਵਾਰ ਮਹਲਾ ਤੀਜਾ 7, ਮਾਰੂ ਕੀ ਵਾਰ ਮਹਲਾ ਤੀਜਾ 1 ਸਲੋਕ, ਸਾਰੰਗ ਕੀ ਵਾਰ ਮਹਲਾ ਚਾਰ 9 ਸਲੋਕ, ਮਲਾਰ ਕੀ ਵਾਰ ਮਹਲਾ ਪਹਿਲਾ ਵਿਚ 5 ਸਲੋਕ = 63

ਸ੍ਰੀ ਗੁਰੂ ਅੰਗਦ ਸਾਹਿਬ ਖਡੂਰ ਨਗਰ ਵਿਚ 3 ਵੈਸਾਖ ਸੰਮਤ 1609 (ਚੇਤਰ ਸੁਦੀ 4) ਨੂੰ ਜੋਤੀ ਜੋਤਿ ਸਮਾਏ। ਈਸਵੀ ਸੰਨ ਅਨੁਸਾਰ 29 ਮਾਰਚ ਸੰਨ 1552 ਦਿਨ ਮੰਗਲਵਾਰ ਸੀ। ਕੁੱਲ ਉਮਰ 48 ਸਾਲ ਦੀ ਸੀ।

### ਸਹਾਇਕ ਪੁਸਤਕਾਂ


1. ਸਾਹਿਬ ਸਿੰਘ, ਪ੍ਰੋਫ਼ੈਸਰ, ਗੁਰ-ਇਤਿਹਾਸ, ਪਾਤਸ਼ਾਹੀ 2 ਤੋਂ 9, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2018
2. ਗੁਰਨਾਮ ਕੌਰ (ਡਾ.) ਘੁੰਮਣ, ਰਣਜੀਤ ਸਿੰਘ (ਡਾ.) (ਸੰਪਾ.) ਸ੍ਰੀ ਗੁਰੂ ਅੰਗਦ ਦੇਵ 'ਗੁਰ ਚੇਲਾ, ਚੇਲਾ ਗੁਰੂ', ਪੰਜਾਬੀ ਯੂਨੀਵਰਸਿਟੀ ਪਟਿਆਲਾ 2007
3. ਜੋਧ ਸਿੰਘ ਡਾ., ਸਿੱਖ ਧਰਮ ਵਿਸ਼ਵ ਕੋਸ਼ (ਪਹਿਲੀ ਸੈਂਚੀ), ਪੰਜਾਬੀ ਯੂਨੀਵਰਸਿਟੀ ਪਟਿਆਲਾ 2008
4. ਨਾਰੰਗ, ਗੋਕਲ ਚੰਦ (ਅਨੁਵਾਦਕ ਗੁਰਚਰਨ ਸਿੰਘ), ਸਿੱਖ ਮਤ ਦਾ ਪਰਿਵਰਤਨ, ਪੰਜਾਬੀ ਯੂਨੀਵਰਸਿਟੀ ਪਟਿਆਲਾ 2009
5. ਪਦਮ ਪਿਆਰਾ ਸਿੰਘ, ਸੰਖੇਪ ਸਿੱਖ ਇਤਿਹਾਸ, ਸਿੰਘ ਬਦਰਜ਼, ਅੰਮ੍ਰਿਤਸਰ 2014,
6. ਮੈਕਾਲਿਫ਼, ਮੈਕਸ ਅਰਥਰ, ਅਨੁਵਾਦਕ ਅਜੈਬ ਸਿੰਘ, ਸੋਧਕ ਡਾ. ਜੀ.ਐੱਸ. ਔਲਖ ,ਸਿੱਖ ਇਤਿਹਾਸ, ਭਾਗ 1-2, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2014

ਕੌਣ ਕਹਿੰਦੈ ਕਿ ਪੰਜਾਬ ਵਿਚ ਬੇਰੁਜ਼ਗਾਰੀ ਹੈ। ਸਾਡਾ ਤਰਕ ਇਹ ਐ ਕਿ ਜੇ ਪੰਜਾਬ ਵਿਚ ਬੇਰੁਜ਼ਗਾਰੀ ਹੁੰਦੀ, ਤਾਂ ਪੰਜਾਬ ਵਿਚ ਪੰਜਾਹ ਲੱਖ ਦੇ ਕਰੀਬ ਵਸਿਆ ਗੈਰ ਪੰਜਾਬੀ ਹੁਣ ਨੂੰ ਪੰਜਾਬ ਛੱਡ ਗਿਆ ਹੁੰਦਾ। ਪਰ ਨਹੀਂ 'ਜਿਹਾ ਨਹੀਂ ਹੋਇਆ।

ਅਖਾਣ ਹੈ, 'ਪਿਓ ਰਿਹਾ ਨਾ ਬਾਬਾ–ਵਲੈਤ ਨੇ ਪੱਟਿਆ ਦੁਆਬਾ।' ਪਰ ਹੁਣ ਮਾਝਾ ਅਤੇ ਮਾਲਵਾ ਵੀ ਦੁਆਬੇ ਦੇ ਹਮਰਾਹ ਹੋ ਚੁੱਕੇ ਹਨ, ਸੋ ਹੁਣ ਅਖਾਣ ਇੰਝ ਢੁੱਕਦਾ ਹੈ, 'ਪਿਓ ਰਿਹਾ ਨਾ ਬਾਬਾ–ਵਲੈਤ ਨੇ ਪੱਟਿਆ ਪੰਜਾਬਾ।'

1967 'ਚ ਪੰਜਾਬ ਵਿਚ ਹਰੀ ਕ੍ਰਾਂਤੀ ਆਈ। ਪੰਜਾਬ ਖ਼ੁਸ਼ਹਾਲ ਹੋਇਆ। ਦਵਾਈਆਂ, ਖਾਦਾਂ, ਪਾਣੀ ਦੀ ਬੇਤਹਾਸ਼ਾ ਵਰਤੋਂ ਹੋਣ 'ਤੇ ਹੁਣ ਅਸੀਂ ਹਰੀ ਕ੍ਰਾਂਤੀ ਦੇ ਦੁਰਪ੍ਰਭਾਵਾਂ ਦਾ ਸਾਹਮਣਾ ਕਰ ਰਹੇ ਹਾਂ। ਸਿਹਤ ਅਤੇ ਪਾਣੀ ਸੰਕਟ 'ਚ ਹੋਰ ਕਾਰਕ ਵੀ ਜ਼ਿੰਮੇਵਾਰ ਹਨ ਪਰ ਬਹੁਤੀ ਦੇਣ ਹਰੀ ਕ੍ਰਾਂਤੀ ਦੀ ਹੀ ਹੈ।

ਇਸੇ ਤਰ੍ਹਾਂ ਹੁਣ ਪੰਜਾਬੀਆਂ ਵਲੋਂ ਕੀਤੀ ਜਾਂਦੀ ਧੜਾਧੜ ਪ੍ਰਵਾਸ ਦੇ ਦੁਰਪ੍ਰਭਾਵ ਸਾਹਮਣੇ ਆ ਰਹੇ ਹਨ। ਕੋਈ ਸ਼ੱਕ ਨਹੀਂ ਕਿ ਪੰਜਾਬੀਆਂ ਵਲੋਂ ਵਿਦੇਸ਼ਾਂ ਨੂੰ ਮੁਹਾਰ ਮੋੜਨ 'ਤੇ ਪੰਜਾਬ ਵਿਚ ਖ਼ੁਸ਼ਹਾਲੀ ਦੇ ਦੁਆਰ ਖੁੱਲ੍ਹੇ। ਪੰਜਾਬੀਆਂ 'ਜਿਹੀ ਮਿਹਨਤਕਸ਼ ਅਤੇ ਬਹਾਦਰ ਕੌਮ ਨੇ ਜਿਥੇ ਵੀ ਵਾਸ ਕੀਤਾ, ਉਥੇ ਹੀ ਆਪਣੀ ਸਫ਼ਲਤਾ ਦੇ ਝੰਡੇ ਗੱਡੇ। ਰੱਜ ਕੇ ਵਾਹਿਆ ਤੇ ਖਾਧਾ। ਪਰ ਹੁਣ ਇਸ ਦੇ ਨੁਕਸਾਨਦਾਇਕ ਸਿੱਟੇ ਸਾਹਮਣੇ ਆ ਰਹੇ ਹਨ ਕਿ ਪੰਜਾਬ ਦਿਨੋਂ-ਦਿਨ ਹੱਥੋਂ ਨਿਕਲ ਰਿਹੈ। 3-4 ਦਹਾਕੇ ਪਹਿਲਾਂ ਪੰਜਾਬ ਵਿਚੋਂ ਪ੍ਰਵਾਸ ਦੀ ਗਤੀ ਮੱਠੀ ਸੀ। ਪੰਜਾਬੀਆਂ ਨੇ ਪੈਸਾ ਕਮਾ ਕੇ ਪਿੱਛੇ ਭੇਜਿਆ। ਪੰਜਾਬ ਖ਼ੁਸ਼ਹਾਲ ਹੋਇਆ। ਕਾਰਾਂ ਕੋਠੀਆਂ, ਟਰੈਕਟਰ ਕੰਬਾਈਨਾਂ, ਮਾਨੋ ਪਹਿਰਾਵਾ, ਲਹਿਜ਼ਾ ਸਭ ਕੁੱਝ ਬਦਲ ਗਿਆ। 'ਪਰਸਾ, ਪਰਸੂ ਤੋਂ ਪਰਸਾ ਰਾਮ ਬਣ ਗਿਆ'। ਪ੍ਰਵਾਸ ਨੇ ਹੁਣ ਹੋਰ ਦਸ ਗੁਣਾ ਤੇਜ਼ ਰਫ਼ਤਾਰ ਫੜ ਲੀ। ਪੱਕੇ ਹੋਇਆਂ ਆਪਣੇ ਪਰਿਵਾਰ ਸੱਦ ਲਏ। ਹੋਰ ਵੱਡੀ ਸੱਟ ਪੰਜਾਬ ਨੂੰ ਇਹ ਲੱਗੀ ਕਿ ਪਿਛਲਿਆਂ ਦਹਾਕਿਆਂ 'ਚ ਪ੍ਰਵਾਸ ਕਰ ਗਏ ਪੰਜਾਬੀਆਂ ਦਾ ਐਨਾ ਘਾਟਾ ਨਜ਼ਰ ਨਾ ਆਇਆ। ਕਿਉਂ ਜੋ ਤਦੋਂ ਹਰ ਘਰ ਵਿਚ ਕਰੀਬ 5-6 ਭੈਣ ਭਰਾ ਹੁੰਦੇ। ਉਨ੍ਹਾਂ ਵਿਚੋਂ 1-2 ਪ੍ਰਵਾਸ ਕਰ ਵੀ ਜਾਂਦੇ, ਤਾਂ ਉਨ੍ਹਾਂ ਦਾ ਖੱਪਾ ਬਾਕੀ ਭੈਣ-ਭਰਾਵਾਂ ਦੁਆਰਾ ਪੂਰਾ ਹੋ ਜਾਂਦਾ। ਇਸ ਦੇ ਪ੍ਰਤੀਕੂਲ ਹੁਣ ਔਸਤਨ ਹਰ ਘਰ ਵਿਚ ਇੱਕ ਪੁੱਤਰ ਅਤੇ ਇੱਕ ਧੀ ਹੈ। ਕਈ ਘਰਾਂ ਵਿਚ ਕੇਵਲ ਇੱਕ ਹੀ ਪੁੱਤਰ ਜਾਂ ਧੀ। ਕਈ ਘਰ ਔਲਾਦ ਤੋਂ ਸੱਖਣੇ ਹੀ ਨੇ। ਇਹ ਅਜੋਕੀ ਪੀੜ੍ਹੀ ਵਿਦੇਸ਼ਾਂ ਦੀ ਚਕਾਚੌਂਧ ਦੁਆਰਾ ਖਿੱਚੀ ਗਈ। ਅਫ਼ਸੋਸ ਕਿ ਹੁਣ ਉਨ੍ਹਾਂ ਦਾ ਖੱਪਾ

## ਉਠੋ ਜਾਗੋ ਮੇਰੇ ਪੰਜਾਬ ਦੇ ਬੇਖ਼ਬਰ ਲੋਕੋ

# ਪਿਓ ਰਿਹਾ ਨਾ ਬਾਬਾ– ਵਲੈਤ ਨੇ ਪੱਟਿਆ ਪੰਜਾਬਾ



ਪ੍ਰਵਾਸੀ ਪੁੱਤਰਾਂ ਦੀ ਉਡੀਕ ਵਿਚ, ਬਜ਼ੁਰਗ ਮਾਪੇ।

ਮੁਲਾਕਾਤੀ: ਸਤਵੀਰ ਸਿੰਘ ਚਾਨੀਆਂ
92569-73526
(Punjab Mail USA)



ਭਰਨ ਲਈ ਹੋਰ ਧੀਆਂ ਪੁੱਤਰਾਂ ਦੀ ਬਹੁਤਾਤ ਨਹੀਂ।

2019 ਵਿਚ ਸਮੁੱਚੇ ਦੇਸ਼ 'ਚੋਂ 5.8 ਲੱਖ ਵਿਦਿਆਰਥੀ ਵਿਦੇਸ਼ਾਂ ਵਿਚ ਪੜ੍ਹਨ ਲਈ ਗਏ। 2023 ਵਿਚ ਇਹ ਅੰਕੜਾ 75 ਲੱਖ ਨੂੰ ਪਾਰ ਕਰ ਗਿਆ। ਪੰਜਾਬ ਵਿਚੋਂ 1.5 ਲੱਖ ਸਾਲਾਨਾ ਵਿਦਿਆਰਥੀ ਅਤੇ ਉਨ੍ਹਾਂ 'ਤੇ ਆਉਂਦਾ ਖਰਚ 30,000 ਕਰੋੜ ਰੁਪਏ ਵੀ ਵਿਦੇਸ਼ੀ ਅਰਥਚਾਰੇ ਵਿਚ ਸਮਾ ਜਾਂਦਾ ਹੈ। ਔਸਤ ਹਰ ਰੋਜ਼ ਤਿੰਨ ਜਹਾਜ਼ ਭਰ ਕੇ ਵਿਦੇਸ਼ ਜਾ ਰਹੇ ਨੇ ਅਤੇ ਉਨ੍ਹਾਂ ਦਾ ਖੱਪਾ ਪੂਰਨ ਲਈ ਰੋਜ਼ਾਨਾ ਤਿੰਨ ਗੱਡੀਆਂ ਯੂ.ਪੀ., ਬਿਹਾਰ ਤੋਂ ਪੰਜਾਬ ਆ ਰਹੀਆਂ ਨੇ। ਜੇ ਪੰਜਾਬੀ ਨਾ ਜਾਗੇ, ਤਾਂ ਦੋ-ਤਿੰਨ ਦਹਾਕਿਆਂ ਤੱਕ ਪੰਜਾਬ ਬਿਹਾਰਸਤਾਨ ਬਣਿਆਂ ਕਿ ਬਣਿਆਂ। ਫਿਰ ਉਹੀ ਹਾਲ ਹੋਵੇਗਾ ਕਿ ਜਿਵੇਂ ਹੁਣ ਸਾਡੇ ਧੀਆਂ ਪੁੱਤਰ ਆਪਣੇ ਬਜ਼ੁਰਗਾਂ ਦੀ ਧਰਤੀ, ਪਿੰਡ, ਘਰ ਪਾਕਿਸਤਾਨੀ ਪੰਜਾਬ ਵਿਚ ਦੇਖਣ ਜਾਂਦੇ ਆ। ਇਸੇ ਤਰ੍ਹਾਂ ਇਸ ਸਦੀ ਦੇ ਅਖੀਰਲੇ ਦਹਾਕਿਆਂ 'ਚ ਵਿਦੇਸ਼ਾਂ ਤੋਂ ਸਾਡੇ ਪੁੱਤ ਪੋਤਰੇ ਆਪਣੇ ਬਜ਼ੁਰਗਾਂ ਦੀ ਧਰਤੀ ਭਾਰਤੀ ਪੰਜਾਬ ਵਿਚ ਦੇਖਣ ਆਇਆ ਕਰਨਗੇ।

ਉਠੋ ਜਾਗੋ ਮੇਰੇ ਪੰਜਾਬ ਦੇ ਬੇਖ਼ਬਰ ਲੋਕੋ।

ਮੁਰਝਾਉਂਦੇ ਹੋਏ ਗੁਲਾਬ ਦੇ ਬੇਖ਼ਬਰ ਲੋਕੋ।

ਉਹੀ ਕੁੱਝ ਹੋਣ ਵਾਲਾ ਹੈ, ਜਿਸ ਦਾ ਚਿਰਾਂ ਤੋਂ ਡਰ ਸੀ।

ਫਿਰ ਤੂੰ 'ਗੁਰਦੇਵ' ਆਖੇਂਗਾ, ਇਸ ਥਾਂ 'ਤੇ ਮੇਰਾ ਘਰ ਸੀ।

ਤੇ ਫੇਰ ਕੁੱਝ ਸਦੀਆਂ ਤੱਕ ਅਗਲੀਆਂ ਨਸਲਾਂ, ਪੰਜਾਬ ਨੂੰ ਮੂਲੋਂ ਭੁੱਲ ਜਾਣਗੀਆਂ, ਜਿਵੇਂ ਹੁਣ ਅਸੀਂ ਆਪਣੇ ਚਿਰੋਕਣੇ ਆਬਾਈ ਦੇਸ਼ ਮੱਧ ਏਸ਼ੀਆ/ਯੂਰੇਸ਼ੀਆ ਨੂੰ ਵਿਸਾਰ ਬੈਠੇ ਆਂ ਕਿ ਪੰਜ ਹਜ਼ਾਰ ਸਾਲ ਪਹਿਲਾਂ ਸਾਡੇ ਵਡੇਰੇ ਉਥੋਂ ਆਏ ਸਨ।

ਪੰਜਾਬੀਆਂ ਦਾ ਬਹੁਤਾ ਰੁਝਾਨ ਪਹਿਲਾਂ ਪਹਿਲ ਅਰਬ ਦੇਸ਼ਾਂ ਵਿਚ ਜ਼ਿਆਦਾ ਰਿਹਾ। ਉਥੋਂ ਦੇ ਮਾਰੂਥਲਾਂ ਦੀ ਅੱਤ ਦੀ ਗਰਮੀ ਵਿਚ ਪੰਜਾਬੀ ਕਾਮਿਆਂ ਬੜੀ ਮੁਸ਼ੱਕਤ ਕੀਤੀ। ਸਾਉਦੀਆ ਵਿਚੋਂ ਇਕ ਪੰਜਾਬੀ ਕਾਮਾ ਬੋਲਦਾ ਐ, "ਕੀ ਦੱਸੀਏ ਭਾਅ ਜੀ ? ਦੀਨਾਰ, ਡਾਲੇ ਕੋਈ ਦਰੱਖਤਾਂ ਨੂੰ ਨਹੀਂ ਲੱਗੇ। ਸਿਖ਼ਰ ਦੁਪਹਿਰ ਦੀ ਗਰਮੀ ਤੇ ਦੂਜੀ ਮਾਰੂਥਲ ਦੀ ਧੁੱਪ 'ਚ ਕੰਮ ਕਰਦਿਆਂ ਸਿਰ ਤੋਂ ਗਿੱਟਿਆਂ ਤੀਕਰ ਪਸੀਨਾ ਚੋ-ਚੋ ਕੇ ਬੂਟ ਪਸੀਨੇ ਨਾਲ ਭਰ ਜਾਂਦੇ ਨੇ।"

ਅੱਜ ਫੇਰ ਬਣਿਆਂ ਮੈਂ ਕੋਲ੍ਹੂ ਦਾ ਬੈਲ, ਮਦੀਨੇ ਇਕ ਸ਼ਹਿਰ ਵਿੱਚ।

ਵਗਰਨਾ ਸੁਣੀ ਕਿਧਰੋਂ ਰੁਮਕਦੀ, ਤਾਰ ਬਾਬੇ ਰਬਾਬ ਦੀ।

ਭੈਣਾਂ ਦੇ ਵਿਆਹਾਂ ਦੀ ਚਿੰਤਾ, ਬਾਪੂ ਦੇ ਕਰਜ਼ ਵਿਆਜ ਦੀ।

ਅਰਬ ਦੀ ਤਪਸ਼ ਵਿਚ ਸੜ ਗਈ, ਹਾਏ ਜਵਾਨੀ ਪੰਜਾਬ ਦੀ।

ਉਦੋਂ ਇਧਰ ਦੇ ਖਰਚਿਆਂ ਮੁਤਾਬਿਕ ਓਧਰ ਉਜਰਤਾਂ ਢੁੱਕਵੀਆਂ ਸਨ। ਪਰ ਹੁਣ ਇਧਰ ਖਰਚੇ ਅਸੀਂ ਕਈ ਗੁਣਾ ਵਧਾ ਲਏ ਪਰ ਓਧਰਲੀਆਂ ਉਜਰਤਾਂ ਹੁਣ ਸਮੇਂ ਮੁਤਾਬਿਕ ਢੁੱਕਵੀਆਂ ਨਹੀਂ। ਇਸੇ ਕਰਕੇ ਹੁਣ ਜਵਾਨੀ ਠੰਢੇ ਮੁਲਕਾਂ ਦੀ ਦੀਵਾਨੀ ਹੋਈ। ਅਰਬ ਦੇਸ਼ਾਂ ਨੂੰ ਗਏ ਮੁੰਡਿਆਂ ਤੇ ਮਾਪੇ ਇਸ ਉਮੀਦ 'ਤੇ ਜਿਉਂਦੇ ਸਨ ਕਿ ਉਹ ਖੱਟ ਕਮਾ ਕੇ ਕੁੱਝ ਸਾਲਾਂ ਤੱਕ ਘਰ ਵਾਪਸ ਆ ਜਾਣਗੇ ਪਰ ਵਲੈਤ ਗਿਆਂ ਤੋਂ ਇਹ ਉਮੀਦ ਵਰ੍ਹ ਨਹੀਂ। ਇਕ ਗਿਆ ਤਾਂ ਸਮਝੋ ਦਸ ਸਾਲਾਂ 'ਚ ਪਿੱਛੇ ਘਰ ਨੂੰ ਜਿੰਦਾ। ਇਸੇ ਕਰਕੇ ਅੱਜ ਪੰਜਾਬ ਦੇ ਇਕ ਚੌਥਾਈ ਘਰਾਂ ਵਿਚ ਗੈਰ ਪੰਜਾਬੀਆਂ ਦਾ ਵਾਸ ਐ।

ਭਲੇ ਵਿਕਾਸਸ਼ੀਲ ਮੁਲਕਾਂ ਤੋਂ ਵਿਕਸਿਤ ਮੁਲਕਾਂ ਵੱਲ ਬਿਹਤਰ ਭਵਿੱਖ ਲਈ ਜਾਣ ਦਾ ਰੁਝਾਨ ਇਕ ਕੁਦਰਤੀ ਵਰਤਾਰਾ ਹੈ, ਜੋ ਅੰਗਰੇਜ਼ੀ ਰਾਜ ਸਮੇਂ ਸ਼ੁਰੂ ਹੋਇਆ ਅਤੇ ਪਹਿਲੀ, ਦੂਜੀ ਆਲਮੀ ਜੰਗ ਨੇ ਪ੍ਰਵਾਸ ਨੂੰ ਹੋਰ ਬੱਲ ਦਿੱਤਾ। ਇਸ ਵਕਤ ਦੁਖਾਂਤ ਇਹ ਹੈ ਕਿ ਉਪਰੋਕਤ ਬੱਲ ਕੁੱਝ ਜ਼ਿਆਦਾ ਹੀ ਅੱਗੇ ਨਿਕਲ ਗਿਆ ਏ। ਇਸ ਦੇ ਕਾਰਨ ਸਰਕਾਰੀ ਨੀਤੀਆਂ, ਵੋਟ ਰਾਜਨੀਤੀ, ਸੱਤਾ ਦੀ ਲਾਲਸਾ, ਕੇਂਦਰ ਸਰਕਾਰ ਦਾ ਪੰਜਾਬ ਨਾਲ ਮਤਰੇਆ ਸਲੂਕ ਅਤੇ ਵਿਦੇਸ਼ੀ ਚਕਾਚੌਂਧ ਵਗੈਰਾ ਨੇ। ਰਾਜ ਸਰਕਾਰ ਨੂੰ ਪ੍ਰਵਾਸ ਦੇ ਕਾਰਨਾਂ ਨਾਲ ਨਜਿੱਠਣ, ਗੈਰ ਪੰਜਾਬੀਆਂ ਨੂੰ ਦਿੱਤੀਆਂ ਜਾ ਰਹੀਆਂ ਢਿੱਲਾਂ ਨਾਲੋਂ ਮੂਲ ਪੰਜਾਬੀਆਂ ਦੇ ਹਿੱਤਾਂ ਦੀ ਰਾਖੀ ਕਰਨ ਨੂੰ ਪਹਿਲ ਦੇਣੀ ਬਣਦੀ ਹੈ।

ਰਹਿਣ ਦੇ ਕੈਨੇਡਾ ਜਾਣ ਨੂੰ ਸਾਨੂੰ ਇਥੇ ਹੀ ਰਿਜ਼ਕ ਬਥੇਰਾ

ਜਿਥੇ ਕਿਸਾਨੀ ਸੰਘਰਸ਼ ਅਤੇ ਭਾਈ ਅੰਮ੍ਰਿਤਪਾਲ ਸਿੰਘ ਲਹਿਰ ਸਿੱਖ ਜਵਾਨੀ ਨੂੰ ਪ੍ਰਵਾਸ ਤੋਂ ਕੁੱਝ ਹਲੂਣਾ ਦੇਣ 'ਚ ਕਾਮਯਾਬ ਰਹੀ, ਉਥੇ ਸਾਡੀ ਜਾਚੇ ਪੰਜਾਬੀਆਂ ਨੂੰ ਆਪਣੀ ਜ਼ਮੀਨ ਨਾਲ ਜੁੜਨ, ਉੱਚੇ ਕਿਰਦਾਰ, ਕਿਰਤ ਅਤੇ ਕਿਰਸ 'ਤੇ ਜ਼ੋਰ ਦੇਣਾ ਲੋੜੀਂਦਾ ਹੈ। ਅੱਜ ਦੇ ਮਾਹੌਲ ਵਿਚ ਹੁਨਰਮੰਦ ਕਾਮਿਆਂ ਦੀ ਵੱਡੀ ਲੋੜ ਹੈ। ਬਜ਼ੁਰਗਾਂ ਦਾ ਕਹਿਣਾ ਹੈ ਕਿ ਜਿਸ ਪਾਸ ਕਿਸੇ ਕੰਮ ਦਾ ਹੁਨਰ ਐ, ਉਹ ਸ਼ਖ਼ਸ ਕਦੇ ਭੁੱਖਾ ਨਹੀਂ ਮਰ ਸਕਦਾ। ਸਾਡੇ ਬਹੁਤੇ ਗਭਰੂਆਂ ਵਿਚ ਕਿਧਰੇ ਨਾ ਕਿਧਰੇ ਇਹਦੀ ਕਮੀ ਹੈ। ਪ੍ਰਵਾਸ ਨੂੰ ਨੱਥ ਪਾਉਣ ਦੇ ਨਾਲ-ਨਾਲ ਹਮ ਦੋ-ਹਮਾਰੇ ਦੋ, ਹਮ ਦੋ-ਹਮਾਰੇ ਇੱਕ ਤੋਂ ਉਪਰ ਉਠ ਕੇ ਆਬਾਦੀ ਦਾ ਗ੍ਰਾਫ਼ ਵਧਾਉਣ ਦੀ ਵੀ ਵੱਡੀ ਲੋੜ ਹੈ, ਤਾਂ ਕਿ ਘੱਟੋ-ਘੱਟ ਪੰਜਾਬ ਵਿਚ ਸਿੱਖ ਅਕਸਰੀਅਤ ਨੂੰ ਬਹਾਲ ਰੱਖਿਆ ਜਾ ਸਕੇ।

ਕਿੱਧਰ ਤੁਰ ਗਏ ਪਿੰਡ ਮੇਰੇ ਦੇ, ਸ਼ੇਰਾਂ ਵਰਗੇ ਜਾਏ।

ਰੋਜ਼ੀ ਖ਼ਾਤਰ ਹੋਏ ਪ੍ਰਦੇਸੀ, ਮੁੜ ਫਿਰ ਦਰਸ਼ ਨ ਪਾਏ।

ਮਿੱਟੀ ਪਿੰਡ ਦੀ ਵਾਜਾਂ ਮਾਰੇ, ਮੁੜ ਆਓ ਪਿੰਡ ਦੇ ਜਾਇਓ।

ਸੁੰਞੇ ਵਿਹੜੇ ਵਿਚ ਮਾਪੇ ਬੈਠੈ, ਤਾਂਘ ਵਸਲ ਮਨ ਪਾਇਓ।





# 'ਦਿਲਾਂ ਦੀ ਜੂਹ'

-ਸ਼ਿਵਚਰਨ ਜੱਗੀ ਕੁੱਸਾ
(Punjab Mail USA)



## ਕਾਂਡ ਨੌਂ




ਸਾਰੀ ਦਿਹਾੜੀ ਗਿੰਦਰ ਨੇ ਮੰਜੇ 'ਤੇ ਪੈ ਕੇ ਹੀ ਕੱਟੀ। ਉਹ ਕੀੜਿਆਂ ਵਾਲ਼ੇ ਕੁੱਤੇ ਵਾਂਗ ਸਾਰਾ ਦਿਨ ਅੰਦਰ ਹੀ ਪਿਆ ਰਿਹਾ, ਬਾਹਰ ਨਿਕਲਣ ਨੂੰ ਮਨ ਨਾ ਕੀਤਾ।

ਆਥਣੇਂ ਜਦ ਸ਼ਾਮ ਕੌਰ ਅਤੇ ਬੱਚੇ ਵਾਪਸ ਆਏ, ਤਾਂ ਉਨ੍ਹਾਂ ਨੂੰ ਘਰ ਦਾ ਮਾਹੌਲ ਸੁਖਾਵਾਂ ਨਾ ਲੱਗਿਆ।

ਸ਼ਾਮ ਕੌਰ ਨੇ ਫ਼ਿਕਰ ਕੀਤਾ।

–"ਤੇਰਾ ਚਿੱਤ ਤਾਂ ਠੀਕ ਐ ਨ੍ਹਾਂ..? ਬਿਮਾਰ ਠਮਾਰ ਤਾਂ ਨੀ...!"

–"ਨਹੀਂ, ਠੀਕ ਐਂ ਮੈਂ ਤਾਂ...!" ਗਿੰਦਰ ਨੂੰ ਗੱਲ ਦਾ ਸਿਰਾ ਨਹੀਂ ਲੱਭ ਰਿਹਾ ਸੀ ਕਿ ਗੱਲ ਕਿੱਥੋਂ ਸ਼ੁਰੂ ਕੀਤੀ ਜਾਵੇ..? ਚੋਰੀ ਦਾ ਦੋਸ਼ ਸਿੱਧਾ ਗਿੰਦਰ ਦੀ ਦਾਰੂ 'ਤੇ ਆ ਕੇ ਵੱਜਣਾ ਸੀ। ਇਸ ਲਈ ਉਹ ਆਪਣੇ ਆਪ ਨੂੰ ਦੋਸ਼ੀ ਮੰਨ ਰਿਹਾ ਸੀ ਅਤੇ ਸ਼ਾਮ ਕੌਰ ਦਾ ਦਿਲ ਵੀ ਦੁਖੀ ਨਹੀਂ ਕਰਨਾ ਚਾਹੁੰਦਾ ਸੀ। ਕਿੰਨੀਆਂ ਔਖਿਆਈਆਂ ਕੱਟੀਆਂ ਸੀ ਸ਼ਾਮ ਕੌਰ ਨੇ ਮੇਰੇ ਨਾਲ਼...! ਬਖਸ਼ਣਹਾਰੀ ਨੇ ਕਦੇ ਮੱਥੇ ਵੱਟ ਨਹੀਂ ਪਾਇਆ, ਕਦੇ ਕੋਈ ਉਲਾਂਭਾ ਨਹੀਂ ਦਿੱਤਾ, ਸਗੋਂ ਮੋਢੇ ਨਾਲ਼ ਮੋਢਾ ਡਾਹ ਕੇ ਬਲ਼ਦ ਵਾਂਗੂੰ ਨਾਲ਼ ਵਗਦੀ ਰਹੀ..!

–"ਫ਼ੇਰ ਸੁੰਨੀ ਜੀ ਵੱਟੀ ਕਾਹਤੋਂ ਪਿਐਂ..?"

–"ਮੈਂ ਦੱਸਦੈਂ ਸ਼ਾਮ ਕੁਰੇ...!" ਚਾਨਣ ਸਿੰਘ ਅੰਦਰ ਆਉਂਦਾ ਬੋਲਿਆ।

ਘਰਾਂ 'ਚੋਂ ਲੱਗਦੇ ਜੇਠ ਨੂੰ ਦੇਖ ਕੇ ਸ਼ਾਮ ਕੌਰ ਨੇ ਮੂੰਹ 'ਤੇ ਪੱਲਾ ਲੈ ਲਿਆ।

–"ਤਕੜੇ ਐਂ ਭਾਈ ਜੀ..?"

–"ਪੂਰਾ ਘੋੜ੍ਹਾ...! ਲੋਹੇ ਅਰਗਾ...!"

–"ਆਹ ਥੋਡੇ ਭਰਾ ਨੂੰ ਕੀ ਹੋ ਗਿਆ..? ਮੂੰਹ ਈ ਨੀ ਪੱਟਦਾ..!" ਸ਼ਾਮ ਕੌਰ ਬੋਲੀ।

–"ਇਹ ਤੇਰਾ ਦਰੇਗ ਕਰ ਗਿਆ..! ਵਿਛੋੜਾ ਨੀ ਝੱਲਦਾ..!" ਚਾਨਣ ਸਿਉਂ ਨੇ ਮਾਹੌਲ ਸੁਖਾਵਾਂ ਬਣਾਉਣ ਲਈ ਆਖਿਆ।

–"ਲੈ ਫ਼ੁੱਟ...!" ਸ਼ਰਮ ਨਾਲ਼ ਸ਼ਾਮ ਕੌਰ ਦਾ ਮੂੰਹ ਲਾਲ ਰੱਤਾ ਹੋ ਗਿਆ।

–"ਐਥੇ ਬੈਠ ਸ਼ਾਮ ਕੁਰੇ..! ਹਾਸੇ ਨਾਲ਼ ਰਿਹਾ ਹਾਸਾ, ਮੈਂ ਤੈਨੂੰ ਇੱਕ ਗੱਲ ਦੱਸਦੈਂ..!"

ਸ਼ਾਮ ਕੌਰ ਦੂਜੇ ਮੰਜੇ 'ਤੇ ਪਿੱਠ ਕਰ ਕੇ ਬੈਠ ਗਈ।

ਅੰਦਰੋਂ ਉਹ ਘੋਰ ਹੈਰਾਨ ਸੀ ਕਿ ਉਹ ਕਿਹੜੀ ਗੱਲ ਸੀ, ਜੋ ਗਿੰਦਰ ਦੀ ਜਗਾਹ ਜੇਠ ਚਾਨਣ ਸਿਉਂ ਦੱਸ ਰਿਹਾ ਸੀ..? ਉਸ ਦਾ ਕਾਲ਼ਜਾ ਧੜਕਿਆ।

–"ਤੇਰੇ ਘਰੇ ਹੋਗੀ ਰਾਤ, ਚੋਰੀ..!"

ਸ਼ਾਮ ਕੌਰ ਦੇ ਸਿਰ 'ਚ ਧਮਾਕਾ ਹੋਇਆ। ਬੈਠੀ ਦੀ ਦੇਹ ਡੋਲ ਗਈ।

–"ਵੱਸ ਗਿੰਦਰ ਦੇ ਵੀ ਕੋਈ ਨੀ, ਇਹ ਖੇਤੋਂ ਆਇਆ ਥੋੜ੍ਹਾ ਜਿਆ ਲੇਟ, ਤੇ ਕੋਈ ਹੱਥ ਸਾਫ਼ ਕਰ ਗਿਆ..!" ਘਰ ਦਾ ਮਾਹੌਲ ਸ਼ਾਂਤ ਰੱਖਣ ਲਈ ਚਾਨਣ ਨੇ ਸਰਾਸਰ ਝੂਠ ਬੋਲਿਆ, "ਸਿਆਣੇ ਬਣ ਕੇ ਰੱਬ ਦਾ ਭਾਣਾਂ ਮੰਨਿਓਂ ਭਾਈ, ਘਰੇ ਕੋਈ ਕਾਟੋ ਕਲੇਸ਼ ਨਾ ਕਰਿਓ...!"

–"ਕਲ਼ੇਸ਼ ਕਾਹਨੂੰ ਕਰਨੈਂ ਭਾਈ ਜੀ, ਜੋ ਹੋ ਗਿਆ, ਸੋ ਹੋ ਗਿਆ..! ਝੋਰਾ ਕਰ-ਕਰ ਮਰਨਾ ਥੋੜ੍ਹੋ ਐ..?"

ਗਿੰਦਰ ਨੂੰ ਕੁਝ ਸੁਖ ਦਾ ਸਾਹ ਆਇਆ।

–"ਤੂੰ ਢੇਰੀ ਜੀ ਢਾਹੀ ਕਾਹਤੋਂ ਪਿਐਂ..? ਕੋਈ ਜੂਆ ਥੋੜ੍ਹੋ ਹਾਰੇ ਐਂ..? ਟੱਸ ਫ਼ੜ ਮਾੜੀ ਮੋਟੀ, ਘਾਟੇ ਵਾਧੇ ਤਾਂ ਜ਼ਿੰਦਗੀ 'ਚ ਆਉਂਦੇ ਰਹਿੰਦੇ ਐ..! ਚੱਲ ਉਠ, ਮੈਂ ਚਾਹ ਬਣਾਉਨੀ ਐਂ, ਤੂੰ ਵੀ ਪੀ ਕੇ ਜਾਈਂ ਭਾਈ ਜੀ..!"

–"ਸ਼ਾਬਾਸ਼ੇ ਤੇਰੇ ਸ਼ਾਮ ਕੁਰੇ...! ਤੂੰ ਐਂ ਦਲੇਰ ਤੀਮੀਂ..! ਕੋਈ ਹੋਰ ਹੁੰਦੀ ਬਾਹੁ ਉਧ-ਮੂਲ਼ ਖੜ੍ਹਾ ਕਰ ਲੈਂਦੀ, ਸ਼ਾਬਾਸ਼ੇ ਭਾਈ ਤੇਰੇ ਜਿਹੜੀ ਤੂੰ ਸਮਾਈ ਰੱਖੀ..!" ਚਾਨਣ ਸਿਉਂ ਨੇ ਦਿਲੋਂ ਸਲ਼ਾਹੁਤਾ ਕੀਤੀ।

–"ਉਧ-ਮੂਲ਼ ਖੜ੍ਹਾ ਕਰ ਕੇ ਤਾਂ ਲੋਕਾਂ ਨੂੰ ਈ ਤਮਾਸ਼ਾ ਦਿਖਾਉਣ ਐਂ ਭਾਈ ਜੀ, ਝੱਗਾ ਚੱਕ ਕੇ ਆਬਦਾ ਢਿੱਡ ਈ ਨੰਗਾ ਕਰਾਂਗੇ..! ਝੱਜੂ ਪਾਉਣ ਨਾਲ਼ ਵਿਚੋਂ ਨਿਕਲੂ ਕੀ..?"

–"ਸ਼ਾਬਸ਼ੇ ਭਾਈ..! ਸ਼ਾਬਾਸ਼ੇ..!"

–"ਨਾਲ਼ੇ ਕੋਈ ਬੰਦਾ ਆਬਦੇ ਘਰ ਵਾਸਤੇ ਬੇਈਮਾਨ ਥੋੜ੍ਹੋ ਹੁੰਦੈ..?"

–"ਹਰ ਕੋਈ ਭਲਾ ਚਾਹੁੰਦੈ ਭਾਈ, ਹਰ ਕੋਈ ਭਲਾ ਈ ਚਾਹੁੰਦੈ ਆਬਦੇ ਟੱਬਰ ਦਾ..!"

–"ਮੈਂ ਚਾਹ ਬਣਾ ਲਿਆਵਾਂ ਭਾਈ ਜੀ, ਤੁਸੀਂ ਦੋਵੇਂ ਭਰਾ ਕਰੋ ਗੱਲਾਂ ਬਾਤਾਂ..!" ਉਹ ਉਠ ਕੇ ਰਸੋਈ ਨੂੰ ਤੁਰ ਚੱਲੀ, "ਤੂੰ ਬੁੱਲ੍ਹ ਜੇ ਕਾਹਤੋਂ ਸਿੱਟੀ ਬੈਠੈਂ..? ਜੇ ਚੋਰੀ ਹੋਗੀ, ਫ਼ਿਕਰ ਨਾਲ਼ ਮਰਨਾ ਥੋੜ੍ਹੋ ਐ..?" ਸ਼ਾਮ ਕੌਰ ਗਿੰਦਰ ਨੂੰ ਬੋਲੀ।

ਗਿੰਦਰ ਉਠ ਕੇ ਬੈਠ ਗਿਆ।

ਸ਼ਾਮ ਕੌਰ ਦੇ ਵਰਤਾਓ ਨੇ ਉਸ ਨੂੰ ਅੰਦਰੋਂ ਹਲਕਾ ਕਰ ਦਿੱਤਾ ਸੀ।

ਉਸ ਦੀ ਰੂਹ ਤੋਂ ਮਣਾਂ-ਮੂੰਹੀਂ ਭਾਰ ਲਹਿ ਗਿਆ ਸੀ।

–"ਇੱਕ ਤਾਂ ਘਰ ਦਾ ਨਕ਼ਸਾਨ ਹੋ ਜਾਂਦੈ, ਤੇ ਦੂਜਾ ਬੰਦਾ ਚਿੰਤਾ ਕਰ-ਕਰ ਦੇਹ ਵਿਗਾੜ ਲੈਂਦੈ..!" ਚਾਨਣ ਖ਼ੁਸ਼ ਸੀ ਕਿ ਗਿੰਦਰ ਦੇ ਘਰ ਦਾ ਮਾਹੌਲ ਨਹੀਂ ਵਿਗੜਿਆ ਸੀ।

–"ਚਿੰਤਾ ਨਾਲ਼ ਸੌ ਬਿਮਾਰੀ ਲੱਗਦੀ ਐ ਭਾਈ ਜੀ..!"

–"ਬਿਮਾਰੀ ਵੀ ਤਾਂ ਖਰਚੇ ਦਾ ਘਰ ਈ ਹੁੰਦੀ ਐ, ਸ਼ਾਮ ਕੁਰੇ..!"

ਸ਼ਾਮ ਕੌਰ ਚਾਹ ਲੈ ਕੇ ਆ ਗਈ।

ਚਾਹ ਪੀ ਕੇ ਚਾਨਣ ਸਿਉਂ ਤੁਰ ਗਿਆ।

ਚਾਨਣ ਸਿਉਂ ਦੇ ਜਾਣ ਬਾਅਦ ਸ਼ਾਮ ਕੌਰ ਨੇ ਗਿੰਦਰ ਤੋਂ ਸਾਰੀ ਗੱਲ ਪੁੱਛੀ।

–"ਹੁਣ ਤੂੰ ਸੇਠ ਕੋਲ਼ੇ ਫ਼ੇਰ ਜਾਹ, ਜਿੰਦਰ ਦੀ ਟਿਗਟ ਤਾਂ ਬੀਬੀ ਲਾ ਦਿਊਗੀ, ਪਰ ਐਥੋਂ ਆਲ਼ਾ ਖਰਚਾ-ਬਰਚਾ ਤਾਂ ਆਪਾਂ ਨੂੰ ਈ ਸਾਂਭਣਾ ਪੈਣੈਂ, ਸੁੰਨੀ ਵੱਟੀ ਤੋਂ ਕੁਛ ਨੀ ਬਣਨਾ, ਤੂੰ ਸਵੇਰੇ ਬਾਣੀਏਂ ਕੋਲ਼ ਜਾਹ, ਤੇ ਚੋਰੀ ਆਲ਼ੀ ਗੱਲ ਦੱਸ ਕੇ ਪੈਸਿਆਂ ਬਾਰੇ ਬਾਤ ਪਾ..!"

–"ਅਜੰਟ ਦੇ ਮੱਥੇ ਵੀ ਲੱਗਣਾ ਪੈਣੈ..! ਕੱਲ੍ਹ ਦਾ ਕਰਾਰ ਐ ਉਨ੍ਹਾਂ ਨਾਲ਼ ਵੀ..!" ਗਿੰਦਰ ਅਥਾਹ ਉਦਾਸੀ ਵਿਚ ਬੋਲਿਆ।

–"ਅਜੰਟ ਕੋਲ਼ੇ ਤਾਂ ਤੂੰ ਅੱਜ ਈ ਜਾਹ, ਉਹ ਨਾ ਕੰਮ 'ਚ ਕੋਈ ਅੜੱਚਣ ਖੜ੍ਹੀ ਕਰ ਲੈਣ..! ਤੇ ਕੱਲ੍ਹ ਨੂੰ ਜਾਹ ਮਹਾਜਨ ਕੋਲ਼ੇ..! ਮੈਂ ਪਾਣੀ ਤੱਤਾ ਕਰਦੀ ਐਂ, ਪਹਿਲਾਂ ਤੂੰ ਨ੍ਹਾਹ ਲੈ..! ਤੈਨੂੰ ਤਾਂ ਨ੍ਹਾਤੇ ਨੂੰ ਵੀ ਬਲ੍ਹਾਈ ਦਿਨ ਹੋਗੇ, ਤੇਰੀ ਤਾਂ ਸੁਰਤ ਜੀ ਬੌਂਦਲ਼ੀ ਪਈ ਐ..!"

ਸ਼ਾਮ ਕੌਰ ਪਾਣੀ ਗਰਮ ਕਰਨ ਜਾ ਲੱਗੀ।

ਨਹਾ ਕੇ ਗਿੰਦਰ ਏਜੰਟ ਵੱਲ ਬੱਸ ਚੜ੍ਹ ਗਿਆ।

ਜਦ ਉਹ ਏਜੰਟ ਦੇ ਦਫ਼ਤਰ ਪਹੁੰਚਿਆ ਤਾਂ ਦਫ਼ਤਰ ਦਾ ਸ਼ਟਰ ਬੰਦ ਸੀ ਅਤੇ ਸ਼ਟਰ ਦੇ ਮੱਥੇ 'ਤੇ ਬਿੱਲੇ ਦੇ ਸਿਰ ਜਿੱਡਾ ਤਾਲਾ ਲੱਗਿਆ ਹੋਇਆ ਸੀ। ਦੇਖ ਕੇ ਗਿੰਦਰ ਦੇ ਹਰਾਸ ਮਾਰੇ ਗਏ।

–"ਜਦੋਂ ਸਾਲ਼ਾ ਬਖਤ ਪੈਂਦੈ, ਸਾਲ਼ੀ ਸੁੱਬੀ ਵੀ ਸੱਪ ਬਣ ਜਾਂਦੀ ਐ..!" ਉਸ ਦਾ ਮਨ ਬੋਲਿਆ।

–"ਆਹ ਦਫ਼ਤਰ ਅੱਜ ਸਾਝਰੇ ਈ ਬੰਦ ਕਰਗੇ..?" ਜੱਕੋ-ਤੱਕੀ ਵਿਚ ਖੜ੍ਹੇ ਗਿੰਦਰ ਨੇ ਨਾਲ਼ ਦੀ ਦੁਕਾਨ ਵਾਲ਼ੇ ਬਾਬੂ ਨੂੰ ਪੁੱਛਿਆ।

–"ਅੱਜ ਐਤਵਾਰ ਐ ਸਰਦਾਰ ਜੀ..! ਐਤਵਾਰ ਨੂੰ ਇਹ ਦਫ਼ਤਰ ਬੰਦ ਰੱਖਦੇ ਐ..!"

–"ਸਵੇਰੇ ਕਿੰਨੇ ਵਜੇ ਖੋਲ੍ਹਦੇ ਐ..?"

–"ਦਸ ਵਜੇ ਖੋਲ੍ਹਦੇ ਐ ਸਰਦਾਰ ਜੀ..!"

ਸੁਣ ਕੇ ਗਿੰਦਰ ਚੁੱਪ ਚਾਪ ਤੁਰ ਪਿਆ।

# ਜ਼ਿੰਦਗੀ ਦਾ ਮਨੋਰਥ

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
(Punjab Mail USA)



ਜ਼ਿੰਦਗੀ ਦੇ ਮਨੋਰਥ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਮਨੁੱਖ ਨੂੰ to know theyself ਭਾਵ ਮਨੁੱਖ ਨੂੰ ਆਪਣੇ ਬਾਰੇ ਜਾਨਣਾ। ਬਹੁਤ ਜ਼ਰੂਰੀ ਹੈ। ਜ਼ਿੰਦਗੀ ਦਾ ਮਨੋਰਥ ਦੀ ਚੋਣ ਕਰਨ ਤੋਂ ਪਹਿਲਾਂ ਮਨੁੱਖ ਨੂੰ ਆਪਣੀ ਸਰੀਰਕ, ਮਾਨਸਿਕ ਸ਼ਕਤੀ ਅਤੇ ਮਨੁੱਖ ਦੀ ਰੁਚੀ ਕੀ ਹੈ, ਜਾਨਣਾ ਅਤਿ ਜ਼ਰੂਰੀ ਹੈ। ਤੁਸੀਂ ਕੀ ਕਰ ਸਕਦੇ ਹੋ? ਤੁਸੀਂ ਕਰਨਾ ਕੀ ਚਾਹੁੰਦੇ ਹੋ? ਤੁਹਾਨੂੰ ਕਰਨਾ ਕੀ ਚਾਹੀਦਾ ਹੈ ਅਤੇ ਤੁਸੀਂ ਕਰ ਕੀ ਰਹੇ ਹੋ? ਕਈ ਵਾਰੀ ਮਨੁੱਖ ਨੂੰ ਕੁੱਝ ਚਾਹੀਦਾ ਹੁੰਦਾ ਹੈ ਪਰ ਉਸ ਨੂੰ ਇਹ ਨਹੀਂ ਪਤਾ ਲੱਗਦਾ ਕਿ ਕੀ ਚਾਹੀਦਾ ਹੈ। ਕਈ ਵਾਰੀ ਪਤਾ ਤਾਂ ਲੱਗ ਜਾਂਦਾ ਹੈ ਪਰ ਇਹ ਪਤਾ ਨਹੀਂ ਲੱਗਦਾ ਕਿ ਜੋ ਤੁਹਾਨੂੰ ਚਾਹੀਦਾ ਹੈ, ਉਹ ਕਿਥੋਂ ਅਤੇ ਕਿਵੇਂ ਪ੍ਰਾਪਤ ਕਰਨਾ ਹੈ?

ਇਸ ਤਰ੍ਹਾਂ ਕਈ ਵਾਰੀ ਮਨੁੱਖ ਬਹੁਤ ਸਾਰਾ ਸਮਾਂ ਇਸ ਵਿਚ ਹੀ ਬਤੀਤ ਕਰ ਦਿੰਦਾ ਹੈ ਕਿ What to do and What not to do. ਇਸ ਦੇ ਸੰਬੰਧ ਵਿਚ ਜਸਵਿੰਦਰ ਦੀ ਗਜ਼ਲ ਦਾ ਇੱਕ ਸ਼ੇਅਰ ਪੇਸ਼ ਹੈ:-

ਜਦੋਂ ਤੱਕ ਹੋਸ਼ ਆਉਂਦੀ ਕੁੱਝ ਨਹੀਂ ਬਚਦਾ ਸੰਭਾਲਣ ਨੂੰ।

ਪਤਾ ਮੁੱਠੀ 'ਚੋਂ ਕਿਰਦੀ ਰੇਤ ਦਾ ਛੇਤੀ ਨਹੀਂ ਲੱਗਦਾ।

ਜ਼ਿੰਦਗੀ ਦਾ ਸਭ ਤੋਂ ਪਹਿਲਾਂ ਵੱਡਾ ਮਨੋਰਥ ਮਨੁੱਖ ਦਾ ਮਨੁੱਖ ਹੋਣਾ ਚਾਹੀਦਾ, ਭਾਵ ਮਨੁੱਖ ਨੂੰ ਇੱਕ ਚੰਗਾ ਮਨੁੱਖ ਬਣਨਾ ਚਾਹੀਦਾ। ਮਾਤਾ-ਪਿਤਾ ਨੂੰ ਬੱਚੇ ਨੂੰ ਪਹਿਲਾਂ ਤੋਂ ਗੁਰੂਆਂ ਦੀਆਂ ਸਿੱਖਿਆਵਾਂ ਦੇਣੀਆਂ ਚਾਹੀਦੀਆਂ। ਬੱਚੇ ਨੂੰ ਆਪਣੇ ਕਿਰਦਾਰ ਬਾਰੇ ਸਿੱਖਿਆ ਦੇਣੀ ਚਾਹੀਦੀ ਹੈ। ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ:-

"ਸਚਹੁ ਉਰੈ ਸਭੁ ਕੋ ਉਪਰਿ ਸਚੁ ਆਚਾਰੁ॥

ਆਦਮੀ ਮੇਂ ਲਾਖੋਂ ਜ਼ੌਹਰ ਹੋਂ, ਅਗਰ ਆਦਮੀਅਤ ਨਹੀਂ ਤੋ ਕੁੱਝ ਭੀ ਨਹੀਂ।

ਮਨੁੱਖ ਦਾ ਮਨੁੱਖ ਨਾਲ ਇੱਕ ਨਿੱਘਾ ਜਿਹਾ ਰਿਸ਼ਤਾ ਮਨੁੱਖਤਾ ਦਾ ਵੀ ਹੁੰਦਾ ਹੈ। ਤੁਸੀਂ ਜੇ ਮਨੁੱਖ ਨਹੀਂ ਬਣ ਸਕਦੇ, ਤਾਂ ਪਸ਼ੂ ਵੀ ਨਾ ਬਣੋ, ਭਾਵ ਜੇ ਤੁਸੀਂ ਕਿਸੇ ਦਾ ਭਲਾ ਨਹੀਂ ਕਰ ਸਕਦੇ, ਤਾਂ ਕਿਸੇ ਦਾ ਬੁਰਾ ਵੀ ਨਾ ਕਰੋ, ਜਿਵੇਂ ਗੁਰੂ ਜੀ ਕਹਿੰਦੇ ਹਨ, "ਸ਼ੁੱਭ ਅਮਲਾਂ 'ਤੇ ਹੋਣ ਨਿਬੇੜੇ ਤੇ ਜਾਤ ਕਿਸੇ ਪੁਛਣੀ ਨਹੀਂ"॥ ਮਨੁੱਖ ਨੂੰ ਬੁਰੇ ਕੰਮ ਛੱਡ ਕੇ ਨੇਕੀ ਵਾਲੇ ਕੰਮ ਕਰਨੇ ਚਾਹੀਦੇ ਹਨ। ਕੁੱਝ ਲੋਕ ਦੇਖਣ ਨੂੰ ਤਾਂ ਮਨੁੱਖ ਲੱਗਦੇ ਹਨ ਪਰ ਉਨ੍ਹਾਂ ਦੇ ਕੰਮ ਪਸ਼ੂਆਂ ਵਾਲੇ ਹੁੰਦੇ ਹਨ, ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ, "ਕਰਤੂਤਿ ਪਸੂ ਕੀ ਮਾਨਸ ਜਾਤਿ॥" ਦੂਜਾ ਮਨੁੱਖ ਦਾ ਮਨੋਰਥ ਬਚਪਨ ਤੋਂ ਹੀ ਸਿਹਤਮੰਦ ਹੋਣਾ ਚਾਹੀਦਾ ਹੈ। ਸਿਹਤ ਤੋਂ ਬਿਨਾਂ ਮਨੁੱਖ ਜੀਵਨ ਵਿਚ ਕੁੱਝ ਵੀ ਪ੍ਰਾਪਤ ਨਹੀਂ ਕਰ ਸਕਦਾ। ਸਿਹਤ ਨਾਲ ਹੀ ਸਭ ਕੁੱਝ ਚੰਗਾ ਲੱਗਦਾ ਹੈ। ਸਿਆਣੇ ਆਖਦੇ ਹਨ, ਜਾਨ ਨਾਲ ਹੀ ਜਹਾਨ ਹੈ। ਇੱਕ ਤੰਦਰੁਸਤੀ ਹਜ਼ਾਰ ਨਿਆਮਤ। Health is Wealth ਸਿਹਤ ਬਣਾਉਣ ਵਿਚ ਕੁਦਰਤ ਦਾ ਵੀ ਬਹੁਤ ਵੱਡਾ ਹੱਥ ਹੈ ਕਿਉਂਕਿ ਕੁੱਝ ਗੱਲਾਂ ਕੁਦਰਤ ਵੱਲੋਂ ਹੀ ਪ੍ਰਮਾਤਮਾ ਵਲੋਂ ਬਖਸ਼ੀਆਂ ਹੁੰਦੀਆਂ ਹਨ ਪਰ ਫਿਰ ਵੀ ਮਨੁੱਖ ਨੂੰ ਆਪਣੀ ਸਿਹਤ ਵੱਲ ਬਚਪਨ ਤੋਂ ਹੀ ਖਿਆਲ ਰੱਖਣਾ ਚਾਹੀਦਾ ਹੈ। ਸਿਹਤ ਲਈ ਚੰਗੀ ਖ਼ੁਰਾਕ ਅਤੇ ਕਸਰਤ ਬਹੁਤ ਜ਼ਰੂਰੀ ਹੈ। ਮਨੁੱਖ ਨੂੰ ਆਪਣੇ ਆਪ ਨੂੰ ਸਮਝਣਾ ਇਹ ਜ਼ਰੂਰੀ ਹੁੰਦਾ ਹੈ ਕਿ ਉਸ ਦੀਆਂ ਸਰੀਰਕ ਤੇ ਮਾਨਸਿਕ ਲੋੜਾਂ ਕੀ ਹਨ? ਉਸ ਨੂੰ ਕਿਸ ਪ੍ਰਕਾਰ ਦਾ ਮੌਸਮ ਅਤੇ ਵਾਤਾਵਰਣ ਚਾਹੀਦਾ ਹੈ। ਉਸ ਦੀ ਲਾਈਕਿੰਗ ਕੀ ਹੈ, ਸ਼ੌਕ ਕੀ ਹਨ ਅਤੇ ਟੇਸਟ ਕੀ ਹਨ। ਸਿਹਤ ਲਈ ਤਨਾਅ ਤੋਂ ਬਚਣਾ ਬਹੁਤ ਜ਼ਰੂਰੀ ਹੈ। ਆਪਣੇ ਵਰਗੇ ਬੰਦੇ ਨਾਲ ਸੰਬੰਧ ਬਣਾਓ ਜਿਵੇਂ ਸਿਆਣਿਆਂ ਦਾ ਕਥਨ ਹੈ ਕਿ ਜੈਸੀ ਸੰਗਤ, ਵੈਸੀ ਰੰਗਤ। ਜੈਸਾ ਅੰਨ ਵੈਸਾ ਮਨ।

ਹੁਣ ਗੱਲ ਕਰਦੇ ਹਾਂ ਮਨੁੱਖ ਦੇ ਜ਼ਿੰਦਗੀ ਦੇ ਅਸਲੀ ਮਨੋਰਥ ਬਾਰੇ ਕਿ ਮਨੁੱਖ ਜ਼ਿੰਦਗੀ ਵਿਚ ਕੀ ਕਰਨਾ ਚਾਹੁੰਦਾ ਹੈ ਅਤੇ ਕਰ ਕੀ ਸਕਦਾ ਹੈ? ਬੱਚੇ ਦੇ ਮਾਤਾ-ਪਿਤਾ ਦੀਆਂ ਬੱਚਿਆਂ ਵਾਰੀ ਬਹੁਤ ਉੱਚੀਆਂ ਇੱਛਾਵਾਂ ਤੇ ਸੁਪਨੇ ਹੁੰਦੇ ਹਨ ਪਰ ਮਾਤਾ-ਪਿਤਾ ਜੋ ਚਾਹੁੰਦੇ ਹੁੰਦੇ ਹਨ, ਬੱਚੇ ਵਿਚ ਉਹ ਕੁਝ ਕਰਨ ਦੀ ਯੋਗਤਾ ਨਹੀਂ ਹੁੰਦੀ। ਮਾਤਾ-ਪਿਤਾ ਬੱਚੇ ਨੂੰ ਮਜਬੂਰ ਕਰਦੇ ਹਨ ਪਰ ਬੱਚਾ ਉਹ ਨਾ ਕਰਨ ਲਈ ਮਜਬੂਰ ਹੁੰਦਾ ਹੈ। ਇਸ ਕਰਕੇ ਬੱਚਾ ਨਿਰਾਸ਼ਤਾ ਵਿਚ ਰਹਿਣ ਲੱਗ ਪੈਂਦਾ ਹੈ ਅਤੇ ਇਸ ਦੀ ਹੀਣ ਭਾਵਨਾ ਵੀ ਉਸ ਉੱਤੇ ਪ੍ਰਭਾਵ ਪਾਉਂਦੀ ਹੈ। ਬੱਚਾ ਇਹ ਸਭ ਕੁੱਝ ਸਹਿਣ ਨਾ ਕਰਦਾ ਹੋਇਆ ਖੁਦਕਸ਼ੀ ਕਰਨ ਲਈ ਮਜਬੂਰ ਹੋ ਜਾਂਦਾ ਹੈ, ਜਿਵੇਂ ਕਿ ਅੱਜਕੱਲ੍ਹ ਵਿਦਿਆਰਥੀਆਂ ਨਾਲ ਸੰਬੰਧਤ ਅਜਿਹੀਆਂ ਘਟਨਾਵਾਂ ਦੇਖਣ ਨੂੰ ਮਿਲਦੀਆਂ ਹਨ।

ਇਸ ਦਸ਼ਾ ਵਿਚ ਮਾਤਾ-ਪਿਤਾ ਨੂੰ ਚਾਹੀਦਾ ਹੈ ਕਿ ਬੱਚੇ ਨੂੰ ਮਜਬੂਰ ਨਾ ਕਰਨ ਅਤੇ ਬੱਚਾ ਜੋ ਕਰ ਸਕਦਾ ਹਰੈ ਜੋ ਕਰਨਾ ਚਾਹੁੰਦਾ ਹੈ, ਉਸ ਨੂੰ ਕਰਨ ਦਿੱਤਾ ਜਾਵੇ। ਇਹ ਜ਼ਰੂਰੀ ਨਹੀਂ ਕਿ ਹਰ ਬੱਚਾ ਡਾਕਟਰ, ਇੰਜੀਨੀਅਰ, ਵਕੀਲ ਅਤੇ ਅਧਿਆਪਕ ਬਣ ਸਕੇ। ਇੰਨ੍ਹਾਂ ਡਿਗਰੀਆਂ ਨੂੰ ਪ੍ਰਾਪਤ ਕਰਨ ਲਈ ਬੌਧਿਕਤਾ, ਮਿਹਨਤ, ਲਗਨ ਤੇ ਉਦਮ ਦੀ ਲੋੜ ਹੁੰਦੀ ਹੈ, ਜਿਹੜੀ ਕਿ ਹਰ ਬੱਚੇ ਵਿਚ ਇਹ ਯੋਗਤਾ ਨਹੀਂ ਹੁੰਦੀ।

ਇਸ ਦੇ ਨਾਲ ਹੀ ਜਿਊਣ ਲਈ ਇਹ ਜ਼ਰੂਰੀ ਨਹੀਂ ਕਿ ਮਨੁੱਖ ਦਾ ਇਨ੍ਹਾਂ ਡਿਗਰੀਆਂ ਤੇ ਪਦਵੀਆਂ ਤੋਂ ਬਿਨਾਂ ਗੁਜ਼ਾਰਾ ਨਹੀਂ। ਜ਼ਿੰਦਗੀ ਜਿਊਣ ਲਈ ਸਿਹਤ ਤੇ ਪੈਸੇ ਦੀ ਲੋੜ ਹੁੰਦੀ ਹੈ। ਪੈਸਾ ਤੁਸੀਂ ਕੋਈ ਕੰਮ ਕਰਕੇ ਵੀ ਕਮਾ ਸਕਦੇ ਹੋ ਅਤੇ ਜ਼ਿੰਦਗੀ ਦਾ ਆਨੰਦ ਮਾਣ ਸਕਦੇ ਹੋ। ਇੱਥੇ ਮੰਗ ਭਾਵ ਇਹ ਨਹੀਂ ਕਿ ਉੱਚੀ ਵਿੱਦਿਆ ਕਰਨੀ ਨਹੀਂ ਚਾਹੀਦੀ। ਮੇਰਾ ਭਾਵ ਇਹ ਹੈ ਕਿ ਜਿਹੜੇ ਬੱਚੇ ਇੰਨੀ ਉੱਚੀ ਵਿੱਦਿਆ ਪ੍ਰਾਪਤ ਨਹੀਂ ਕਰ ਸਕਦੇ, ਉਹ ਆਪਣੀ ਸਰੀਰਕ ਅਤੇ ਮਾਨਸਿਕ ਬੌਧਕਿਤਾ ਅਨੁਸਾਰ ਕਿਸੇ ਵੀ ਕੰਮ ਦੀ ਚੋਣ ਕਰ ਲੈਣ, ਜਿਵੇਂ ਉੱਚੀ ਵਿੱਦਿਆ ਤੋਂ ਬਿਨਾਂ ਵੀ ਹੋਰ ਕਈ ਕਿੱਤੇ 'ਤੇ ਕੰਮ ਹਨ, ਬਿਜ਼ਨਸ, ਖੇਤੀਬਾੜੀ, ਟਰਾਂਸਪੋਰਟ ਅਤੇ ਪੱਤਰਕਾਰੀ ਅਤੇ ਖੇਡਾਂ ਆਦਿ ਹੋਰ ਵੀ ਬਹੁਤ ਕੰਮ ਅਤੇ ਸ਼ੌਕ ਹਨ, ਜਿਵੇਂ ਫੋਟੋਗ੍ਰਾਫੀ, ਡਾਕਟਰੀ ਦਫ਼ਤਰਾਂ ਵਿਚ ਅਤੇ ਪੋਸਟ ਔਫ਼ਿਸ ਆਦਿ। ਇਸ ਤੋਂ ਬਿਨਾਂ ਹੋਰ ਵੀ ਬਹੁਤ ਕੰਮ ਹਨ, ਕੁੱਝ ਲੋਕਾਂ ਨੂੰ ਰਾਜਨੀਤੀ ਵਿਚ ਬਹੁਤ ਰੁਚੀ ਹੁੰਦੀ ਹੈ, ਅਜਿਹੇ ਲੋਕਾਂ ਨੂੰ ਰਾਜਨੀਤੀ ਦਾ ਖੇਤਰ ਚੁਣ ਲੈਣਾ ਚਾਹੀਦਾ ਹੈ, ਵਿਸ਼ੇਸ਼ ਕਰਕੇ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਵਿਚ ਸਮਾਜ ਸੇਵਾ ਦੀ ਭਾਵਨਾ ਹੁੰਦੀ ਹੈ, ਕੁੱਝ ਲੋਕਾਂ ਨੂੰ ਸੰਸਾਰਕ ਕੰਮਾਂ ਵਿਚ ਰੁਚੀ ਨਹੀਂ ਹੁੰਦੀ। ਅਜਿਹੇ ਲੋਕਾਂ ਨੂੰ ਪ੍ਰਮਾਤਮਾ ਤੇ ਭਗਤੀ ਦਾ ਮਾਰਗ ਚੁਣਨਾ ਚਾਹੀਦਾ ਹੈ।

ਜਿਹੜੇ ਬੱਚੇ ਉੱਚੀ ਵਿੱਦਿਆ ਪ੍ਰਾਪਤ ਕਰ ਸਕਦੇ ਹਨ, ਉਨ੍ਹਾਂ ਨੂੰ ਦਿਲ ਲਾ ਕੇ ਪੜ੍ਹਾਈ ਕਰਨੀ ਚਾਹੀਦੀ ਹੈ। ਅਜਿਹੇ ਵਿਦਿਆਰਥੀਆਂ ਨੂੰ ਵਿਆਹੁਤਾ ਜੀਵਨ ਦਾ ਅਨੰਦ ਆਪਣੇ ਜੀਵਨ ਦਾ ਮਨੋਰਥ ਪੂਰਾ ਕਰਕੇ ਹੀ ਮਾਨਣਾ ਚਾਹੀਦਾ ਹੈ। ਜਿਹੜੇ ਬੱਚੇ ਉੱਚੀ ਵਿੱਦਿਆ ਪ੍ਰਾਪਤ ਨਹੀਂ ਕਰ ਸਕਦੇ ਜਾਂ ਕਰਨੀ ਚਾਹੁੰਦੇ ਨਹੀਂ, ਉਨ੍ਹਾਂ ਦਾ ਵਿਆਹ ਛੋਟੀ ਉਮਰ ਵਿਚ ਹੀ ਕਰ ਦੇਣਾ ਚਾਹੀਦਾ ਹੈ, ਤਾਂ ਜੋ ਉਨ੍ਹਾਂ ਦਾ ਧਿਆਨ ਗ਼ਲਤ ਪਾਸੇ ਨਾ ਜਾਵੇ ਭਾਵ ਉਹ ਭੈੜੀਆਂ ਆਦਤਾਂ ਤੋਂ ਬਚੇ ਰਹਿਣ।

ਜਿਹੜੇ ਬੱਚੇ ਉੱਚੀ ਵਿੱਦਿਆ ਪ੍ਰਾਪਤ ਕਰਨੀ ਚਾਹੁੰਦੇ ਹਨ, ਉਨ੍ਹਾਂ ਨੂੰ ਪਹਿਲਾਂ ਤੋਂ ਹੀ ਆਪਣੀ ਜ਼ਿੰਦਗੀ ਦਾ ਮਨੋਰਥ ਚੁਣ ਲੈਣਾ ਚਾਹੀਦਾ ਹੈ ਅਤੇ ਉਸ ਮਨੋਰਥ ਜਾਂ ਕਿੱਤੇ ਅਨੁਸਾਰ ਵਿਸ਼ਿਆਂ ਦੀ ਚੋਣ ਸਾਵਧਾਨੀ ਨਾਲ ਕਰਨੀ ਚਾਹੀਦੀ ਹੈ। ਆਪਣੀ ਬੌਧਿਕਤਾ, ਆਰਥਿਕ ਅਤੇ ਰੁਚੀ ਅਨੁਸਾਰ ਚੋਣ ਆਪਣੇ ਕਿਤੇ ਦੀ ਚੋਣ ਕਰਨ ਭਾਵ ਉਨ੍ਹਾਂ ਨੇ ਕੀ ਬਣਨਾ ਹੈ? ਡਾਕਟਰ, ਇੰਜੀਨੀਅਰ, ਵਕੀਲ ਜਾਂ ਅਧਿਆਪਕ ਬਣਨਾ ਹੈ, ਜ਼ਿੰਦਗੀ ਵਿਚ ਸਫ਼ਲ ਹੋਣ ਲਈ ਆਪਣੇ ਮਨੋਰਥ ਨੂੰ ਹਰ ਵੇਲੇ ਆਪਣੇ ਸਾਹਮਣੇ ਰੱਖੋ।

ਜ਼ਿੰਦਗੀ ਵਿਚ ਸਫ਼ਲਤਾ ਪ੍ਰਾਪਤ ਕਰਨ ਲਈ ਮਿਹਨਤ ਲਗਨ, ਉੱਦਮ ਤੇ ਉਤਸ਼ਾਹ ਦੀ ਲੋੜ ਹੁੰਦੀ ਹੈ। Hard Work is the key to success.

ਮੇਰੀ ਨਿਗਾਹ ਮੰਜ਼ਿਲ ਪੇ ਹੋਤੀ ਹੈ,
ਮੈਂ ਨੇ ਕਭੀ ਮੀਲ ਪੱਥਰ ਨੂੰ ਨਹੀਂ ਦੇਖਾ।
ਮੰਜ਼ਿਲ ਉਸਹੀ ਕੋ ਮਿਲਤੀ ਹੈ,
ਜਿੰਨ ਕੇ ਸੁਪਨੋਂ ਮੇਂ ਜਾਨ ਹੋਤੀ ਹੈ।
ਪੰਖੋਂ ਸੇ ਕੁੱਛ ਨਹੀਂ ਹੋਤਾ,
ਉੜਾਨ ਹੌਂਸਲੇ ਸੇ ਹੋਤੀ ਹੈ।

# ਮੈਂ ਕਿਹੜਾ ਗੀਤ ਅੱਜ ਗਾਵਾਂ? ਸ਼ਿਵ ਬਟਾਲਵੀ ਰਚਿਤ ਆਰਤੀ

## ਸ਼ਿਵ ਬਟਾਲਵੀ ਦੀ ਬਰਸੀ 'ਤੇ...!

ਡਾ. ਮਨਜੀਤ ਸਿੰਘ ਬੱਲ
98728-43491
(Punjab Mail USA)







ਸ਼ਿਵ ਕੁਮਾਰ ਬਟਾਲਵੀ ਨੇ ਆਪਣੀ ਰਚਨਾ "ਆਰਤੀ" ਵਿਚ ਨਿਵੇਕਲੇ ਢੰਗ ਨਾਲ, ਆਪਣੀ ਉਸੇ ਨਿਰਾਸ਼ਾ ਵਾਲੇ ਲਹਿਜ਼ੇ ਵਿਚ ਦਸਮ ਪਿਤਾ ਨੂੰ ਸੰਬੋਧਨ ਕਰਕੇ ਕਿਹਾ ਹੈ, "ਮੈਂ ਕਿਹੜੇ ਅੱਥਰੂ ਦਾ ਦੀਵਾ ਬਾਲ਼ ਕੇ ਤੇਰੀ ਆਰਤੀ ਕਰਾਂ, ਮੇਰਾ ਕੋਈ ਵੀ ਗੀਤ ਤੇਰੇ ਮੇਚ ਦਾ ਨਹੀਂ ਹੋ ਸਕਦਾ"। ਸੋ, ਹੰਝੂਆਂ ਦੀ ਛਬੀਲ, ਪੀੜਾਂ ਦਾ ਪਰਾਗਾ, ਲਾਜਵੰਤੀ, ਆਟੇ ਦੀਆਂ ਚਿੜੀਆਂ, ਮੈਨੂੰ ਵਿਦਾ ਕਰੋ, ਦਰਦ-ਮੰਦਾਂ ਦੀਆਂ ਆਹੀਂ ਵਰਗੀਆਂ ਕਿਰਤਾਂ ਦਾ ਰਚੇਤਾ ਸ਼ਿਵ ਬਟਾਲਵੀ ਨੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਬਾਰੇ ਵੀ ਕੁਝ ਲਿਖਿਆ ਹੈ:-

"ਮੈਂ ਕਿਸ ਹੰਝੂ ਦਾ ਦੀਵਾ ਬਾਲ਼ ਕੇ, ਤੇਰੀ ਆਰਤੀ ਗਾਵਾਂ?
ਮੈਂ ਕਿਹੜੇ ਸ਼ਬਦ ਦੇ ਬੂਹੇ 'ਤੇ ਮੰਗਣ, ਗੀਤ ਅੱਜ ਜਾਵਾਂ?
ਜੋ ਤੈਨੂੰ ਕਰਨ ਲਈ ਭੇਟਾ, ਮੈਂ ਤੇਰੇ ਦੁਆਰ 'ਤੇ ਆਵਾਂ,
ਮੇਰਾ ਕੋਈ ਗੀਤ ਨਹੀਂ ਐਸਾ, ਜੋ ਤੇਰੇ ਮੇਚ ਆ ਜਾਵੇ।"

ਖ਼ਾਲਸਾ ਪੰਥ ਸਾਜਣ, ਛੋਟੇ ਸਾਹਿਬਜ਼ਾਦਿਆਂ ਦੇ ਨੀਹਾਂ ਵਿਚ ਚਿਣੇ ਜਾਣ ਤੇ ਵੱਡੇ ਸਾਹਿਬਜ਼ਾਦਿਆਂ ਦੀ ਚਮਕੌਰ ਦੀ ਜੰਗ ਵਿਚ ਸ਼ਹੀਦੀ ਤੋਂ ਬਾਅਦ ਗੁਰੂ ਜੀ ਦੁਆਰਾ ਮਾਛੀਵਾੜੇ ਦੇ ਜੰਗਲਾਂ ਵਿਚ 'ਯਾਰੜੇ ਦਾ ਸਾਨੂੰ ਸੱਥਰ ਚੰਗਾ' ਦ੍ਰਿਸ਼ਾਂ ਨੂੰ ਸਾਹਵੇਂ ਰੱਖ ਕੇ ਬਟਾਲਵੀ ਆਪਣੇ ਆਪ ਨੂੰ ਤੇ ਆਪਣੇ ਗੀਤਾਂ ਨੂੰ ਬੇਹੱਦ ਨੀਵਾਂ ਦੱਸਦਾ ਹੋਇਆ ਲਿਖਦਾ ਹੈ:-

"ਭਰੇ ਬਾਜ਼ਾਰ ਵਿਚ ਜਾ ਕੇ ਜੋ, ਆਪਣਾ ਸਿਰ ਕਟਾ ਆਵੇ,
ਜੋ ਆਪਣੇ ਸੋਹਲ ਜ਼ਿੰਦੇ ਬੋਲ, ਨੀਹਾਂ ਵਿਚ ਚਿਣਾ ਆਵੇ,
ਤਿਹਾਏ ਸ਼ਬਦ ਨੂੰ ਤਲਵਾਰ ਦਾ ਪਾਣੀ ਪਿਆ ਆਵੇ,
ਜੋ ਲੁੱਟ ਜਾਵੇ ਤੇ ਫਿਰ ਵੀ ਯਾਰੜੇ ਦੇ ਸੱਥਰੀਂ ਗਾਵੇ॥"

'ਸਵਾ ਲਾਖ ਸੇ ਏਕ ਲੜਾਊਂ ਤਬੈ ਗੋਬਿੰਦ ਸਿੰਘ ਨਾਲ ਕਹਾਊਂ, ਚਿੜੀਓਂ ਸੇ ਮੈਂ ਬਾਜ ਤੁੜਾਊਂ ਤਬੈ ਗੋਬਿੰਦ ਸਿੰਘ ਨਾਮ ਕਹਾਊਂ" ਵਾਲੀ ਸ਼ਖ਼ਸ਼ੀਅਤ ਦੇ ਮਾਲਕ, ਦੇ ਸਾਹਮਣੇ ਸ਼ਿਵ ਕਬੂਲਦਾ ਹੈ ਕਿ ਮੇਰੇ ਗੀਤ ਤਾਂ ਬੁਜ਼ਦਿਲ ਹਨ:

"ਚਿੜੀ ਦੇ ਖੰਭ ਦੀ ਲਲਕਾਰ ਸੌ ਬਾਜਾਂ ਨੂੰ ਖਾ ਜਾਵੇ,
ਮੈਂ ਕਿੰਜ ਤਲਵਾਰ ਦੀ ਗਾਨੀ ਅੱਜ ਆਪਣੇ ਗੀਤ ਦੇ ਗਲ਼ ਪਾਵਾਂ?
ਮੇਰਾ ਹਰ ਗੀਤ ਬੁਜ਼ਦਿਲ ਹੈ, ਮੈਂ ਕਿਹੜਾ ਗੀਤ ਅੱਜ ਗਾਵਾਂ?
ਮੈਂ ਕਿਹੜੇ ਬੋਲ ਦੀ ਭੇਟਾ ਲੈ, ਤੇਰੇ ਦੁਆਰ 'ਤੇ ਆਵਾਂ?"

ਉਂਜ ਸ਼ਿਵ ਆਪਣੀ ਸ਼ਾਇਰੀ ਵਿਚ ਪੰਜਾਬੀ ਧੁਨਾਂ, ਸੁਗੰਧੀਆਂ, ਰੁੱਖਾਂ ਅਤੇ ਪੰਛੀਆਂ ਦੀ ਉਭਾਰੂ ਬਿੰਬਾਵਲੀ, ਜੜ੍ਹਾਂ ਤੇ ਗੌਰਵ ਦਾ ਅਨੁਭਵ ਦੇ ਕੇ ਪੰਜਾਬੀਆਂ ਦੇ ਦਿਲਾਂ ਦੀ ਧੜਕਣ ਬਣਦਾ ਹੋਇਆ ਖੁਸ਼ਬੋਈਆਂ ਦੇ ਬਿੰਬ ਉਜਾਗਰ ਕਰਦਾ ਹੈ, ਜਿਨ੍ਹਾਂ ਵਿਚ ਸਾਹ ਲੈਣ ਨਾਲ ਬੰਦਾ ਬੇ-ਖ਼ੁਦੀ ਦੀ ਅਵਸਥਾ ਵਿਚ ਪੁੱਜ ਜਾਂਦਾ ਹੈ ਪਰ ਆਪਣੀ ਔਲਾਦ ਵਰਗੇ ਉਦਾਸੀ, ਨਿਰਾਸ਼ਾ, ਬਿਰਹਾ ਨਾਲ਼ ਭਰੇ ਕੌੜੇ-ਕਸੈਲ਼ੇ ਗੀਤਾਂ ਦੀ ਮਹਿਫਲ 'ਚੋਂ ਉਸਨੂੰ ਕੋਈ ਇਕ ਗੀਤ ਵੀ ਨਹੀਂ ਲੱਭਦਾ, ਜੋ ਬਲਵਾਨ, ਨਿਧੜਕ, ਨਿਡਰ, ਕੁਰਬਾਨੀ ਦੇਣ ਵਾਲ਼ਾ ਤੇ ਬੁਲੰਦ ਹੌਂਸਲੇ ਵਾਲਾ ਹੋਵੇ, ਜੋ ਲੋੜ ਪੈਣ 'ਤੇ ਆਪਣਾ ਸੀਸ ਤਲ਼ੀ 'ਤੇ ਧਰ ਸਕੇ:-

"ਮੇਰੇ ਗੀਤਾਂ ਦੀ ਮਹਿਫਲ 'ਚੋਂ, ਕੋਈ ਉਹ ਗੀਤ ਨਹੀਂ ਲੱਭਦਾ,
ਜੋ ਤੇਰੇ ਸੀਸ ਮੰਗਣ 'ਤੇ, ਤੇਰੇ ਸਾਂਹਵੇਂ ਖੜ੍ਹਾ ਹੋਵੇ,
ਜੋ ਮੈਲ਼ੇ ਹੋ ਚੁੱਕੇ ਲੋਹੇ ਨੂੰ, ਆਪਣੇ ਖ਼ੂਨ ਵਿਚ ਧੋਵੇ,
ਕਿ ਜਿਸ ਨੂੰ ਪੀੜ ਤਾਂ ਕੀ, ਪੀੜ ਦਾ ਅਹਿਸਾਸ ਵੀ ਨਾ ਛੋਹਵੇ,
ਜੋ ਲੋਹਾ ਪੀ ਸਕੇ, ਉਹ ਗੀਤ ਕਿੱਥੋਂ ਲੈ ਕੇ ਮੈਂ ਆਵਾਂ?
ਮੈਂ ਆਪਣੀ ਪੀੜ ਦੇ ਅਹਿਸਾਸ ਕੋਲੋਂ ਦੂਰ ਕਿੰਜ ਜਾਵਾਂ?"

ਜਿਵੇਂ ਬਟਾਲਵੀ ਦੀ ਸ਼ਾਇਰੀ ਵਿਚ ਇਹ ਜੁਗਤ ਹੈ ਕਿ ਉਹ ਗੀਤਾਂ ਨੂੰ ਮਨੁੱਖ ਬਣਾ ਦਿੰਦਾ ਹੈ (ਗੀਤਾਂ ਦੇ ਨੈਣਾਂ ਵਿਚੋਂ ਬਿਰਹੋਂ ਦੀ ਰੜਕ ਪਵੇ), ਉਹ ਮਹਿਸੂਸ ਕਰਦਾ ਹੈ ਕਿ ਦਸਮ ਪਿਤਾ ਦੀ ਉਸਤਤ ਵਾਸਤੇ ਕੋਈ ਐਸਾ ਗੀਤ ਹੋਣਾ ਚਾਹੀਦੈ, ਜਿਹਦੇ ਹੱਥ ਵਿਚ ਸੱਚ ਦੀ ਤੇਗ਼ ਹੋਵੇ, ਨੈਣਾਂ ਵਿਚ ਬਹਾਦੁਰੀ ਵਾਲ਼ਾ ਗੁੱਸਾ ਹੋਵੇ ਤੇ ਦੇਸ਼ ਕੌਮ ਦੀ ਮਿੱਟੀ ਵਾਸਤੇ ਮੋਹ-ਪਿਆਰ ਹੋਵੇ। ਸ਼ਿਵ ਮੰਨਦਾ ਹੈ ਕਿ ਮੇਰੇ ਗੀਤ ਤਾਂ ਬੁਜ਼ਦਿਲ ਹਨ, ਮੈਂ ਐਸੇ ਗੀਤ ਲੈ ਕੇ ਗੁਰੂ ਜੀ ਦੇ ਦੁਆਰ, ਕਿਸ ਮੂੰਹ ਨਾਲ ਜਾਵਾਂ?

"ਮੈਂ ਤੇਰੀ ਉਸਤਤੀ ਦਾ ਗੀਤ, ਚਾਹੁੰਦਾ ਹਾਂ ਕਿ ਉਹ ਹੋਵੇ,
ਜਿਹਦੇ ਹੱਥ, ਸੱਚ ਦੀ ਤਲਵਾਰ ਤੇ ਨੈਣਾਂ 'ਚ ਰੋਹ ਹੋਵੇ,
ਜਿਹਦੇ ਵਿਚ ਵਤਨ ਦੀ ਮਿੱਟੀ ਲਈ ਅੰਤਾਂ ਦਾ ਮੋਹ ਹੋਵੇ,
ਜਿਹਦੇ ਵਿਚ ਲਹੂ ਤੇਰੇ ਦੀ ਰਲ਼ੀ, ਲਾਲੀ ਤੇ ਲੋਅ ਹੋਵੇ,
ਮੈਂ ਆਪਣੇ ਲਹੂ ਦਾ, ਕਿਸੇ ਗੀਤ ਨੂੰ ਟਿੱਕਾ ਕਿਵੇਂ ਲਾਵਾਂ?
ਮੈਂ ਬੁਜ਼ਦਿਲ ਗੀਤ ਲੈ ਕੇ, ਕਿਸ ਤਰ੍ਹਾਂ ਤੇਰੇ ਦੁਆਰ 'ਤੇ ਆਵਾਂ?"

ਦਸਮੇਸ਼ ਪਿਤਾ ਦੀ ਸ਼ਖ਼ਸੀਅਤ ਦੇ ਸਾਹਵੇਂ ਆਪਣੇ ਆਪ ਨੂੰ ਤੇ ਆਪਣੇ ਗੀਤਾਂ ਨੂੰ ਨਿਗੂਣਾਂ ਤੇ ਮੈਲ਼ਾ ਦੱਸਦਾ ਹੋਇਆ ਸ਼ਿਵ ਕਹਿੰਦਾ ਹੈ ਕਿ ਤੇਰੀ ਆਰਤੀ ਗਾਉਣ ਤੋਂ ਪਹਿਲਾਂ ਮੈਂ ਆਪਣੇ ਮੈਲ਼ੇ ਸ਼ਬਦ ਧੋ ਕੇ ਜੀਭ ਦੀ ਕਿੱਲੀ 'ਤੇ ਸੁੱਕਣੇ ਪਾ ਆਵਾਂ ਤੇ ਆਪਣੇ ਗੀਤਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਪੀਣ ਦੀ ਆਦਤ ਪਾ ਲਵਾਂ। ਇਹ ਕਰਨ ਤੋਂ ਬਾਅਦ ਸ਼ਾਇਦ ਮੈਂ ਤੈਨੂੰ ਕੁਝ ਭੇਟ ਕਰਨ ਦੇ ਕਾਬਲ ਹੋ ਸਕਾਂ, ਸ਼ਾਇਦ ਤੇਰੀ ਆਰਤੀ ਗਾ ਸਕਾਂ, ਅਜੇ ਤਾਂ ਮੇਰਾ ਹਰ ਗੀਤ ਬੁਜ਼ਦਿਲ ਹੈ।

"ਮੈਂ ਚਾਹੁੰਦਾ ਹਾਂ, ਏਸ ਤੋਂ ਪਹਿਲਾਂ ਕਿ ਤੇਰੀ ਆਰਤੀ ਗਾਵਾਂ,
ਮੈਂ ਮੈਲ਼ੇ ਸ਼ਬਦ ਧੋ ਕੇ, ਜੀਭ ਦੀ ਕਿੱਲੀ 'ਤੇ ਪਾ ਆਵਾਂ।
ਤੇ ਮੈਲ਼ੇ ਸ਼ਬਦ ਸੁੱਕਣ ਤੀਕ, ਤੇਰੀ ਹਰ ਪੈੜ ਚੁੰਮ ਆਵਾਂ,
ਤੇਰੀ ਹਰ ਪੈੜ 'ਤੇ, ਹੰਝੂ ਦਾ ਇਕ ਸੂਰਜ ਜਗਾ ਆਵਾਂ।
ਮੈਂ ਲੋਹਾ ਪੀਣ ਦੀ ਆਦਤ, ਜ਼ਰਾ ਗੀਤਾਂ ਨੂੰ ਪਾ ਆਵਾਂ,
ਮੈਂ ਸ਼ਾਇਦ ਫੇਰ, ਕੁਝ ਭੇਟਾ ਕਰਨ ਦੇ ਯੋਗ ਹੋ ਜਾਵਾਂ।
ਮੈਂ ਬੁਜ਼ਦਿਲ ਗੀਤ ਲੈ ਕੇ, ਕਿਸ ਤਰ੍ਹਾਂ ਤੇਰੇ ਦੁਆਰ 'ਤੇ ਆਵਾਂ?
ਮੈਂ ਕਿਹੜੇ ਸ਼ਬਦ ਦੇ ਬੂਹੇ 'ਤੇ ਮੰਗਣ, ਗੀਤ ਅੱਜ ਜਾਵਾਂ?
ਮੇਰਾ ਹਰ ਗੀਤ ਬੁਜ਼ਦਿਲ ਹੈ, ਮੈਂ ਕਿਹੜਾ ਗੀਤ ਅੱਜ ਗਾਵਾਂ?"

ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਦੀ ਕਲਮ ਨੂੰ ਸਿਜਦਾ ਕਰਨ ਦਾ ਇਹ ਨਿਵੇਕਲ਼ਾ ਕੰਮ ਸ਼ਿਵ ਬਟਾਲਵੀ ਦਾ ਹੈ, ਜਿਸਨੇ ਆਪਣੀ ਕਲਮ ਦੀ ਨਿਮਰਤਾ ਨਾਲ ਗੁਰੂ ਸਾਹਿਬ ਦੀ ਕਰਨੀ ਨੂੰ ਵਡਿਆਇਆ ਹੈ।

# ਦਮਾ (ਬ੍ਰੋਨਕਾਈਟਸ) ਰੋਗੀਆਂ ਦਾ ਵਧਿਆ ਅੰਕੜਾ

**"ਵਿਸ਼ਵ ਦਮਾ ਦਿਵਸ ਸਾਲ 2024 ਦਾ ਥੀਮ ਹੈ- ਦਮੇ ਤੋਂ ਬਚਾਅ ਤੇ ਰੋਗੀਆਂ ਨੂੰ ਐਜੂਕੇਟ ਕਰਨਾ। ਸਾਹ ਰੁੱਕ-ਰੁੱਕ ਕੇ ਅਤੇ ਮੁਸ਼ਕਲ ਆਉਣਾ, ਗਲੇ ਵਿਚ ਖਰਾਸ਼, ਬਲਗਮ ਜਾਂ ਬਿਨਾਂ ਬਲਗਮ ਖਾਂਸੀ, ਬੁਖਾਰ, ਛਾਤੀ ਵਿਚ ਦਰਦ, ਸਿਰਦਰਦ, ਹਮੇਸ਼ਾ ਥਕਾਵਟ ਮਹਿਸੂਸ ਹੋਣਾ, ਵਗੈਰਾ ਲੱਛਣ ਲਗਾਤਾਰ ਹਫਤੇ ਤੋਂ ਵੱਧ ਰਹਿਣ ਦੀ ਹਾਲਤ ਵਿਚ ਬਿਨਾ ਦੇਰ ਕੀਤੇ ਇਲਾਜ ਸ਼ੁਰੂ ਕਰਨ ਦੀ ਲੋੜ ਹੁੰਦੀ ਹੈ"- ਅਨਿਲ ਧੀਰ**

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)



ਵਿਸ਼ਵ ਦਮਾ ਦਿਵਸ 2024 ਇਸ ਸਾਲ 7 ਮਈ ਵਾਲੇ ਦਿਨ ਹਰ ਪੱਧਰ 'ਤੇ ਲੋਕਾਂ ਨੂੰ ਜਾਗਰੂਕ ਕਰਕੇ ਮਨਾਇਆ ਜਾ ਗਿਆ। ਸਾਹ ਦੇ ਰੋਗੀਆਂ ਦਾ ਅੰਕੜਾ ਦਿਨੋਂ-ਦਿਨ ਵੱਧਦਾ ਜਾ ਰਿਹਾ ਹੈ। ਇਸ ਸਾਲ ਦਾ ਥੀਮ ਹੈ- ਦਮੇ ਤੋਂ ਬਚਾਅ ਅਤੇ ਰੋਗੀਆਂ ਨੂੰ ਹਰ ਪੱਧਰ 'ਤੇ ਐਜੂਕੇਟ ਕਰੋ। ਹਰ ਮੌਸਮ ਦੌਰਾਣ ਜ਼ੁਕਾਮ, ਖੰਘ, ਬ੍ਰੋਨਕਾਈਟਸ (ਦਮਾ) ਦੇ ਘੇਰੇ 'ਚ ਹਰ ਉਮਰ ਦਾ ਵਿਅਕਤੀ ਦੇਖਿਆ ਜਾ ਰਿਹਾ ਹੈ। ਲਗਾਤਾਰ ਜ਼ੁਕਾਮ, ਖੰਘ ਅਤੇ ਧੂੜ, ਮਿੱਟੀ-ਘੱਟੇ ਦੇ ਮਾਹੌਲ 'ਚ ਰਹਿਣ ਦੀ ਹਾਲਤ ਵਿਚ ਦਮਾ ਹੋ ਜਾਣ ਦੀ ਸੰਭਾਵਨਾ ਬਰਾਬਰ ਬਣੀ ਰਹਿੰਦੀ ਹੈ। ਇਸ ਮੌਸਮ ਵਿਚ ਵਾਇਰਸ-ਬੈਕਟੀਰੀਆ ਦੁਆਰਾ ਇਨਫੈਕਸ਼ਨ ਹੋ ਜਾਣਾ ਆਮ ਗੱਲ ਹੈ। ਦਮੇ ਦੀ ਸ਼ਿਕਾਇਤ 'ਚ ਸਾਹ ਨਲੀਆਂ ਸੁੱਜ ਜਾਂਦੀਆਂ ਹਨ ਅਤੇ ਬਲਗਮ ਜ਼ਿਆਦਾ ਬਣਦੀ ਹੈ। ਖੰਘ ਸੁੱਕੀ ਅਤੇ ਬਲਗਮ ਵਾਲੀ ਆਉਂਦੀ ਹੈ।

### ਦਮੇ ਦੇ ਰੋਗੀ ਆਪਣਾ ਖਿਆਲ ਰੱਖਣ:

- ਮੌਸਮ ਕੋਈ ਵੀ ਹੋਵੇ, ਪਰਿਵਾਰ 'ਚ ਸਾਹ ਦੇ ਰੋਗੀ ਬਜ਼ੁਰਗ, ਗਰਭਵਤੀ ਔਰਤਾਂ ਅਤੇ ਛੋਟੇ ਬੱਚਿਆਂ ਦਾ ਖਾਸ ਖਿਆਲ ਰੱਖੋ।
- ਆਮ ਹਾਲਤ ਵਿਚ ਇਲਾਜ਼ ਦੇ ਨਾਲ-ਨਾਲ ਸਰੀਰ ਅਤੇ ਮਨ ਨੂੰ ਆਰਾਮ ਦੇਣ ਦੀ ਲੋੜ ਹੁੰਦੀ ਹੈ।
- ਘਰੇਲੂ ਰੇਮੇਡੀਜ਼ ਵਿਚ ਡੇਲੀ 3-4 ਬਾਰ ਸਟੀਮ ਯਾਨਿ ਭਾਫ ਲਵੋ। ਕੋਸੇ ਤਰਲ-ਪਦਾਰਥ ਜ਼ਿਆਦਾ ਪੀਓ।
- ਗਰਮ ਪਾਣੀ ਨਾਲ ਸਨਾਨ ਕਰੋ। ਨਮਕ-ਪਾਣੀ ਦੇ ਗਰਾਰੇ ਕਰਦੇ ਰਹੋ। ਗਲੇ ਨੂੰ ਆਰਾਮ ਦੇਣ ਲਈ ਅਦਰਕ ਰੱਸ ਸ਼ਹਿਦ ਮਿਲਾ ਕੇ ਸੇਵਨ ਕਰੋ। ਛੋਟੀ ਇਲਾਚੀ, ਲੌਂਗ, ਮਿਸਰੀ ਚੂਸਦੇ ਰਹੋ।
- ਭਰੀ ਹੋਈ ਨੱਕ ਤੋਂ ਛੁਟਕਾਰਾ ਪਾਉਣ ਲਈ ਸੇਲਾਈਨ-ਵਾਟਰ, ਸਪ੍ਰੇ ਅਤੇ ਨੱਕ ਖੋਲਣ ਵਾਲੇ ਡ੍ਰਾਪਸ ਇਸਤੇਮਾਲ ਕਰ ਸਕਦੇ ਹੋ।
- ਘਰ ਅੰਦਰ ਹਿਊਮਿਡੀਫਾਇਰ ਜਾਂ ਠੰਡਾ ਮਿਸਟ ਵੈਪੋਰਾਜ਼ਿਰ ਇਸਤੇਮਾਲ ਕਰੋ।




- **ਹੈਲਦੀ ਫੈਟ** : ਆਮ ਤੌਰ 'ਤੇ ਪੌਦਿਆਂ ਤੋਂ ਤਿਆਰ ਮੋਨੋਅਨਸੈਚੁਰੇਟਿਡ ਅਤੇ ਪੌਲੀਅਨਸੇਚੁਰੇਟਿਡ ਫੈਟ ਸੋਜ਼ਿਸ਼ ਨੂੰ ਘੱਟ ਕਰਕੇ, ਅਸਾਨੀ ਨਾਲ ਸਾਹ ਲੈਣ ਵਿਚ ਮਦਦ ਕਰਦੇ ਹਨ। ਖੁਰਾਕ ਵਿਚ ਅੰਡੇ, ਆਲਿਵ-ਤੇਲ, ਗਿਰੀਦਾਰ ਫੱਲ ਅਤੇ ਆਵਾਕੇਡੋ ਸ਼ਾਮਿਲ ਕਰ ਸਕਦੇ ਹੋ।
- **ਪ੍ਰੋਟੀਨ** : ਪ੍ਰੋਟੀਨ ਸਰੀਰ ਦੇ ਇਮੀਊਨ ਸਿਸਟਮ ਨੂੰ ਮਜ਼ਬੂਤ ਕਰਕੇ ਸਾਹ ਦੇ ਸੈੱਲਾਂ ਨੂੰ ਹੈਲਦੀ ਰੱਖ ਕੇ ਫੇਫੜੇ ਮਜ਼ਬੂਤ ਕਰਦਾ ਹੈ। ਲੀਨ ਮੀਟ, ਫਲੀਆਂ, ਅੰਡੇ ਵਗੈਰਾ ਰੂਟੀਨ 'ਚ ਲਵੋ।
- **ਕੰਪਲੈਕਸ ਕਾਰਬੋਹਾਈਡਰੇਟ** : ਵਿਚ ਫਾਈਬਰ ਜ਼ਿਆਦਾ ਹੁੰਦਾ ਹੈ, ਜੋ ਪਾਚਨ ਪ੍ਰਣਾਲੀ ਨੂੰ ਠੀਕ ਰੱਖਦਾ ਹੈ। ਰੂਟੀਨ ਵਿਚ ਹੋਲ-ਵੀਟ ਖਾਣ-ਪੀਣ ਵਾਲੀਆਂ ਚੀਜ਼ਾਂ ਇਸਤੇਮਾਲ ਕਰਨ ਨਾਲ ਫੇਫੜਿਆਂ ਨੂੰ ਤਾਕਤ ਮਿਲਦੀ ਹੈ।
- **ਤਾਜ਼ੇ ਫਲ ਸਬਜ਼ੀਆਂ** : ਫਰੋਜ਼ਨ ਚੀਜ਼ਾਂ ਦੀ ਥਾਂ ਤਾਜ਼ੇ ਫੱਲ-ਸਬਜ਼ੀਆਂ ਹੀ ਖਾਓ।
- ਸਰੀਰ ਅੰਦਰ ਪੋਟਾਸ਼ੀਅਮ ਦੀ ਸਹੀ ਮਾਤਰਾ ਬਣਾ ਕੇ ਰੱਖਣ ਲਈ ਪੱਕਿਆ ਕੇਲਾ, ਹਰੀ ਪੱਤੇਦਾਰ ਸਬਜ਼ੀਆਂ, ਚੁਕੰਦਰ, ਆਦਿ ਖੁਰਾਕ ਵਿਚ ਸ਼ਾਮਲ ਕਰਕੇ ਫੇਫੜੇ ਤੰਦਰੁਸਤ ਰੱਖੋ।
- ਇੰਡਸਰੀਅਲ ਅਤੇ ਸਿਗਰੇਟ-ਬੀੜੀ ਦੇ ਧੂੰਏ ਕਾਰਨ ਫੇਫੜਿਆਂ ਨੂੰ ਨੁਕਸਾਨ ਪਹੁੰਚਦਾ ਹੈ। ਸੇਬ ਅੰਦਰ ਮੌਜੂਦ ਐਂਟੀਆਕਸੀਡੈਂਟ ਕਵੇਰਸੇਟਿਨ ਹੋਣ ਕਰਕੇ ਡੇਲੀ 1-2 ਐਪਲ ਖਾ ਸਕਦੇ ਹੋ।
- ਨਮਕ ਯਾਨਿ ਸੋਡੀਅਮ ਜ਼ਿਆਦਾ ਲੈਣ ਨਾਲ ਫੇਫੜਿਆਂ ਦੇ ਰੋਗੀ ਨੂੰ ਸਾਹ ਲੈਣ ਵਿਚ ਮੁਸ਼ਕਲ ਹੋ ਸਕਦੀ ਹੈ। ਗਰੋਸਰੀ ਕਰਨ ਵਾਲੇ ਫੂਡ ਲੇਵਲ ਨੂੰ ਧਿਆਨ ਨਾਲ ਦੇਖ ਕੇ ਹੀ ਲਵੋ।
- ਲੱਛਣਾਂ ਦੀ ਹਾਲਤ ਵਿਚ ਤਲੀਆਂ, ਮਿਰਚ-ਮਸਾਲੇਦਾਰ, ਠੰਢੇ ਖਾਣ-ਪੀਣ ਵਾਲੇ ਪਦਾਰਥ ਅਤੇ ਜੰਕ-ਫੂਡ ਅਤੇ ਨਸ਼ਿਆਂ ਦਾ ਇਸਤੇਮਾਲ ਫੇਫੜਿਆਂ ਨੂੰ ਕਮਜ਼ੋਰ ਕਰ ਸਕਦਾ ਹੈ। ਪ੍ਰਹੇਜ਼ ਕਰੋ।

ਨੋਟ : ਮਿੱਟੀ-ਘੱਟੇ ਦੇ ਮਾਹੌਲ ਤੋਂ ਹਮੇਸ਼ਾ ਬਚੋ। ਖੰਘਣ ਜਾਂ ਛਿੱਕਣ ਵੇਲੇ ਹਮੇਸ਼ਾ ਆਪਣਾ ਮੂੰਹ-ਨੱਕ ਢੱਕੋ ਕੇ ਰੱਖੋ। ਪਰਸਨਲ ਹਾਈਜ਼ੀਨ ਘਰ, ਬਾਹਰ ਅਤੇ ਵਰਕ-ਪਲੇਸ 'ਤੇ ਹੱਥਾਂ ਨੂੰ ਚੰਗੇ ਸੌਪ ਨਾਲ ਧੋਵੋ। ਮਾਸਕ ਨਾਲ ਆਪਣਾ ਮੂੰਹ ਢੱਕ ਕੇ ਰੱਖੋ। ਸਿਗਰਟ ਨਾ ਪੀਓ ਅਤੇ ਸੈਕਿੰਡ ਹੈਂਡ ਸਮੋਕ ਤੋਂ ਬਚੋ। ਸਮੇਂ 'ਤੇ ਫਲੂ ਦਾ ਵੈਕਸੀਨ ਜ਼ਰੂਰ ਲਗਵਾਓ। ਤੇਜ਼ ਲੱਛਣਾਂ ਦੀ ਹਾਲਤ 'ਚ ਤੁਰੰਤ ਡਾਕਟਰੀ ਹੈਲਪ ਲੈਣੀ ਚਾਹੀਦੀ ਹੈ।

# ਗਰਭਵਤੀ ਔਰਤਾਂ ਕਿਹੜੇ ਫਲ ਖਾਣ?

‘ਮਾਂ’ ਬਣਨ ਦਾ ਅਹਿਸਾਸ ਆਪਣੇ ਆਪ ਵਿਚ ਹੀ ਬਹੁਤ ਉੱਚਾ ਅਤੇ ਸੁੱਚਾ ਹੈ। ਆਪਣੇ ਢਿੱਡ ਅੰਦਰ ਪਲ ਰਹੇ ਜੀਵ ਬਾਰੇ ਹਰ ਮਾਂ ਚਿੰਤਿਤ ਹੁੰਦੀ ਹੈ। ਸਿਹਤਮੰਦ ਬੱਚਾ ਅਤੇ ਜੱਚਾ ਵਾਸਤੇ ਖ਼ੁਰਾਕ ਦਾ ਅਹਿਮ ਰੋਲ ਹੁੰਦਾ ਹੈ। ਉਸੇ ਬਾਰੇ ਇਸ ਲੇਖ ਵਿਚ ਜ਼ਿਕਰ ਕਰ ਰਹੀ ਹਾਂ।

ਖੋਜਾਂ ਉੱਤੇ ਆਧਾਰਿਤ ਜਿਹੜੀਆਂ ਚੀਜ਼ਾਂ, ਖ਼ਾਸ ਕਰ ਫਲ, ਵਧੀਆ ਅਸਰ ਵਿਖਾ ਚੁੱਕੇ ਹਨ, ਉਨ੍ਹਾਂ ਦੀ ਹੀ ਗੱਲ ਕਰਾਂਗੇ।



## 1. ਖਰਬੂਜਾ :-

ਸੁਆਦੀ ਤਾਂ ਹੁੰਦਾ ਹੀ ਹੈ, ਪਰ ਖਰਬੂਜਾ ਸਰੀਰ ਅੰਦਰੋਂ ਵਾਧੂ ਲੂਣ ਕੱਢ ਕੇ ਸੋਜਾ ਘਟਾ ਦਿੰਦਾ ਹੈ ਤੇ ਫਾਲਤੂ ਪਾਣੀ ਇਕੱਠਾ ਨਹੀਂ ਹੋਣ ਦਿੰਦਾ। ਇਹ ਸਰੀਰ ਅੰਦਰ ਲੋਹ ਕਣ ਵਧਾਉਂਦਾ ਹੈ ਅਤੇ ਬੱਚੇ ਦੀ ਰੀੜ੍ਹ ਦੀ ਹੱਡੀ ਤੰਦਰੁਸਤ ਰੱਖਣ ਵਿਚ ਵੀ ਸਹਾਈ ਹੁੰਦਾ ਹੈ।

## 2. ਹਦਵਾਣਾ :-

ਇਸ ਵਿਚ ਵਿਟਾਮਿਨ ਏ, ਸੀ, ਬੀ 6 ਅਤੇ ਕੇ ਭਰੇ ਪਏ ਹਨ। ਵਿਟਾਮਿਨ ਕੇ ਸਦਕਾ ਲੱਤਾਂ ਵਿਚ ਪਈਆਂ ਖੱਲੀਆਂ ਠੀਕ ਹੋ ਜਾਂਦੀਆਂ ਹਨ ਤੇ ਕੜਵੱਲ ਵੀ ਨਹੀਂ ਪੈਂਦੇ। ਹਦਵਾਣੇ ਵਿਚਲਾ ਮੈਗਨੀਸ਼ੀਅਮ ਪੱਠਿਆਂ ਨੂੰ ਨਰਮ ਪਾ ਦਿੰਦਾ ਹੈ ਅਤੇ ਵਕਤ ਤੋਂ ਪਹਿਲਾਂ ਬੱਚੇਦਾਨੀ ਨੂੰ ਸੁੰਗੜਨ ਤੋਂ ਰੋਕਦਾ ਹੈ, ਜਿਸ ਨਾਲ ਸਤਮਾਹੇ ਬੱਚੇ ਜੰਮਣ ਤੋਂ ਬਚਾਓ ਹੋ ਜਾਂਦਾ ਹੈ। ਇਸ ਦੇ ਖਾਣ ਨਾਲ ਸਵਖ਼ਤੇ ਵੇਲੇ ਦਿਲ ਕੱਚਾ ਵੀ ਨਹੀਂ ਹੁੰਦਾ, ਸਰੀਰ ਅੰਦਰ ਪਾਣੀ ਦੀ ਮਾਤਰਾ ਸਹੀ ਰਹਿੰਦੀ ਹੈ ਅਤੇ ਛਾਤੀ ਵਿਚ ਜਲਣ ਵੀ ਨਹੀਂ ਮਹਿਸੂਸ ਹੁੰਦੀ।

## 3. ਬਲੂਬੈਰੀ, ਰਸਭਰੀ ਅਤੇ ਸਟਰਾਅਬੈਰੀ :-

ਇਹ ਭਰੂਣ ਦੇ ਦਿਮਾਗ਼ ਦੇ ਵਿਕਾਸ ਲਈ ਲਾਹੇਵੰਦ ਹਨ। ਬਲੂਬੈਰੀਆਂ ਵਿਚਲੇ ਫਾਈਬਰ, ਵਿਟਾਮਿਨ ਸੀ ਅਤੇ ਫੋਲੇਟ ਸਦਕਾ ਇਹ ਅਸਰ ਦਿੱਸਦੇ ਹਨ। ਐਂਥੋਸਾਇਆਨਿਨ, ਜੋ ਬਲੂਬੈਰੀਆਂ ਵਿਚ ਭਰਿਆ ਪਿਆ ਹੈ, ਵੀ ਬਹੁਤ ਚੰਗਾ ਅਸਰ ਵਿਖਾਉਂਦਾ ਹੈ। ਇਹੋ ਜਿਹੇ ਹੀ ਅਸਰ ਬਰੌਕਲੀ, ਕੇਲਪੱਤਾ, ਪਾਲਕ, ਸਲਾਦ ਪੱਤਾ, ਗੋਭੀ ਅਤੇ ਐਸਪੈਰਾਗਸ ਖਾਣ ਨਾਲ ਵੀ ਦਿਸਦੇ ਹਨ।

## 4. ਅਨਾਰ, ਨਾਸ਼ਪਾਤੀ, ਸੇਬ, ਨਿੰਬੂ :-

ਵਿਟਾਮਿਨ ਸੀ ਅਤੇ ਫਲੇਵੋਨਾਇਡ ਸਦਕਾ ਇਨ੍ਹਾਂ ਨੂੰ ਖਾਣ ਨਾਲ ਬੱਚੇਦਾਨੀ ਅੰਦਰਲੀਆਂ ਰਸੌਲੀਆਂ ਬਣਨ ਦਾ ਖ਼ਤਰਾ ਘੱਟ ਹੋ ਜਾਂਦਾ ਹੈ। ਇਸ ਦੇ ਨਾਲੋਂ-ਨਾਲ ਅੰਦਰੂਨੀ ਅੰਗ ਵੀ ਤੰਦਰੁਸਤ ਰਹਿੰਦੇ ਹਨ ਅਤੇ ਅੰਡਕੋਸ਼ ਦੇ ਕੈਂਸਰ ਹੋਣ ਦਾ ਖ਼ਤਰਾ ਵੀ ਘੱਟ ਹੋ ਜਾਂਦਾ ਹੈ।

ਨਿੰਬੂ ਪਾਣੀ ਰੋਜ਼ ਸਵੇਰੇ ਪੀਂਦੇ ਰਹਿਣ ਨਾਲ ਵਿਟਾਮਿਨ ਸੀ ਵੀ ਪੂਰਾ ਹੋ ਜਾਂਦਾ ਹੈ, ਬੀਮਾਰੀਆਂ ਹੋਣ ਦਾ ਖ਼ਤਰਾ ਘਟਦਾ ਹੈ, ਦਿਲ ਕੱਚਾ ਨਹੀਂ ਹੁੰਦਾ, ਹਾਜ਼ਮਾ ਠੀਕ ਰਹਿੰਦਾ ਹੈ ਅਤੇ ਕਬਜ਼ ਵੀ ਨਹੀਂ ਹੁੰਦੀ।

## 5. ਤਿਲ :-

ਰੈਗੂਲਰ ਤੌਰ ਉੱਤੇ ਰੋਜ਼ ਅੱਧਾ ਚਮਚ ਤਿਲ ਖਾਂਦੇ ਰਹਿਣ ਨਾਲ ਭਰੂਣ ਦੇ ਦਿਮਾਗ਼ ਉੱਤੇ ਵਧੀਆ ਅਸਰ ਪੈਂਦਾ ਹੈ ਅਤੇ ਉਸ ਦੀ ਯਾਦਾਸ਼ਤ ਵੀ ਚੰਗੀ ਹੋਣ ਦੇ ਆਸਾਰ ਵੱਧ ਜਾਂਦੇ ਹਨ।

## 6. ਸੰਤਰਾ :-

ਸਰੀਰ ਅੰਦਰ ਪਾਣੀ ਪੂਰਾ ਕਰਨ ਦੇ ਨਾਲੋਂ-ਨਾਲ ਇਸ ਵਿਚਲੇ ਪੋਟਾਸ਼ੀਅਮ, ਫੋਲੇਟ ਅਤੇ ਵਿਟਾਮਿਨ ਸੀ ਵੀ ਲਾਹੇਵੰਦ ਸਾਬਤ ਹੋ ਚੁੱਕੇ ਹਨ। ਜੇ ਸਬਜ਼ੀ ਖਾਣ ਤੋਂ ਬਾਅਦ ਸੰਤਰਾ ਖਾਧਾ ਜਾਵੇ, ਤਾਂ ਸਬਜ਼ੀ ਵਿਚਲੇ ਲੋਹ ਕਣ, ਸੰਤਰੇ ਵਿਚਲੇ ਵਿਟਾਮਿਨ ਸੀ ਰਾਹੀਂ ਵਧੀਆ ਹਜ਼ਮ ਹੋ ਜਾਂਦੇ ਹਨ।

## 7. ਐਵੋਕੈਡੋ :-

ਇਸ ਵਿਚ ਬਾਕੀ ਫਲਾਂ ਨਾਲੋਂ ਸਭ ਤੋਂ ਵੱਧ ਫੋਲੇਟ ਹੁੰਦਾ ਹੈ। ਇਸ ਦੇ ਨਾਲ-ਨਾਲ ਮੈਗਨੀਸ਼ੀਅਮ, ਵਿਟਾਮਿਨ ਸੀ, ਬੀ, ਕੇ, ਫਾਈਬਰ ਅਤੇ ਕੋਲੀਨ ਵੀ ਹੈ। ਲੱਤਾਂ ਵਿਚਲੇ ਕੜਵੱਲ ਇਸ ਨੂੰ ਖਾਣ ਨਾਲ ਠੀਕ ਹੋ ਜਾਂਦੇ ਹਨ। ਕੋਲੀਨ ਭਰੂਣ ਦੇ ਦਿਮਾਗ਼ ਲਈ ਕਾਫ਼ੀ ਫ਼ਾਇਦੇਮੰਦ ਸਾਬਤ ਹੋ ਚੁੱਕਿਆ ਹੈ।

## 8. ਅੰਬ :-

ਇੱਕ ਅੰਬ ਵਿਚਲਾ ਵਿਟਾਮਿਨ ਸੀ ਸਰੀਰ ਦੀ ਰੋਜ਼ਾਨਾ ਦੀ ਲੋੜੀਂਦੀ ਮਾਤਰਾ ਪੂਰੀ ਕਰ ਦਿੰਦਾ ਹੈ। ਵਿਟਾਮਿਨ ਸੀ ਅੰਤੜੀਆਂ ਅਤੇ ਸਾਹ ਦੀਆਂ ਬੀਮਾਰੀਆਂ ਹੋਣ ਤੋਂ ਰੋਕਣ ਵਿਚ ਮਦਦ ਕਰਦਾ ਹੈ।

ਵਾਧੂ ਅੰਬ ਖਾਣ ਨਾਲ ਟੱਟੀਆਂ ਵੀ ਲੱਗ ਸਕਦੀਆਂ ਹਨ।

## 9. ਕੇਲਾ :-

ਪੋਟਾਸ਼ੀਅਮ, ਪੈਕਟਿਨ, ਵਿਟਾਮਿਨ ਬੀ6 ਅਤੇ ਫਾਈਬਰ ਭਰਪੂਰ ਹੋਣ ਦੇ ਨਾਲ-ਨਾਲ ਇੱਕ ਸੰਪੂਰਨ ਖ਼ੁਰਾਕ ਵਜੋਂ ਜਾਣਿਆ ਜਾਂਦਾ ਹੈ। ਵਿਟਾਮਿਨ ਬੀ6 ਜਿੱਥੇ ਵਾਲਾਂ ਲਈ ਵਧੀਆ ਹੈ, ਉੱਥੇ ਦਿਲ ਕੱਚਾ ਅਤੇ ਉਲਟੀ ਵੀ ਠੀਕ ਕਰਦਾ ਹੈ। ਜੇ ਇੱਕ ਕੇਲਾ ਰੋਜ਼ ਖਾਧਾ ਜਾਵੇ ਤਾਂ ਕਬਜ਼ ਨਹੀਂ ਹੁੰਦੀ, ਪਰ



ਡਾ. ਹਰਸ਼ਿੰਦਰ ਕੌਰ
ਬੱਚਿਆਂ ਦੀ ਮਾਹਿਰ
28, ਪ੍ਰੀਤ ਨਗਰ, ਲੋਅਰ ਮਾਲ, ਪਟਿਆਲਾ।
ਫੋਨ ਨੰ : 0175-2216783
(Punjab Mail USA)


ਜ਼ਿਆਦਾ ਖਾਣ ਨਾਲ ਅਫ਼ਾਰਾ ਹੋ ਸਕਦਾ ਹੈ।

ਕਬਜ਼ ਦੀ ਦਿੱਕਤ ਬਹੁਤੀਆਂ ਗਰਭਵਤੀ ਔਰਤਾਂ ਨੂੰ ਹੋ ਜਾਂਦੀ ਹੈ। ਇਸ ਦੇ ਕਾਰਨ ਹਨ :-

1. ਬੱਚੇਦਾਨੀ ਦੇ ਵਧੇ ਆਕਾਰ ਸਦਕਾ ਅੰਤੜੀਆਂ ਦਾ ਦੱਬਿਆ ਜਾਣਾ
2. ਬਹੁਤ ਤਣਾਓ ਰਹਿਣਾ
3. ਘਬਰਾਹਟ ਹੁੰਦੀ ਰਹਿਣੀ
4. ਘੱਟ ਫਾਈਬਰ ਵਾਲੀ ਖ਼ੁਰਾਕ ਖਾਣੀ
5. ਆਇਰਨ ਦੀਆਂ ਗੋਲੀਆਂ ਖਾਣ ਸਦਕਾ

## 10. ਸੇਬ :-

ਇਸ ਵਿਚ ਵੀ ਫਾਈਬਰ, ਵਿਟਾਮਿਨ ਸੀ, ਪੋਟਾਸ਼ੀਅਮ ਤੇ ਪੈਕਟਿਨ ਭਰਿਆ ਗਿਆ ਹੈ। ਪੈਕਟਿਨ ਚੰਗੇ ਕੀਟਾਣੂਆਂ ਦੀ ਗਿਣਤੀ ਅੰਤੜੀਆਂ ਵਿਚ ਵਧਾ ਦਿੰਦਾ ਹੈ।

## 11. ਫਲਾਂ ਦਾ ਰਸ :-

ਜੂਸ ਪੀਣ ਦੀ ਸਲਾਹ ਆਮ ਹੀ ਘਰ ਵਿਚੋਂ ਮਿਲਦੀ ਰਹਿੰਦੀ ਹੈ। ਜੂਸ ਵਿਚ ਬਹੁਤੇ ਵਧੀਆ ਅੰਸ਼ ਨਦਾਰਦ ਹੁੰਦੇ ਹਨ। ਇਸੇ ਲਈ ਨਿਰਾ ਮਿੱਠਾ ਪਾਣੀ ਪੀਣ ਨਾਲੋਂ ਫਲ ਖਾਣੇ ਹੀ ਬਿਹਤਰ ਹਨ। ਇੰਜ ਹੀ ਸੁੱਕੇ ਫਲ ਜਿਵੇਂ ਅੰਜੀਰ ਆਦਿ, ਵਿਚ ਲੋੜੋਂ ਵੱਧ ਮਿੱਠਾ ਹੁੰਦਾ ਹੈ, ਜੋ ਸਹੀ ਨਹੀਂ ਹੁੰਦਾ।

## 12. ਪਾਣੀ

ਰੋਜ਼ 8-12 ਗਿਲਾਸ ਪਾਣੀ ਜ਼ਰੂਰ ਪੀਣਾ ਚਾਹੀਦਾ ਹੈ। ਲੂਣ ਵੀ ਸਿਰਫ਼ ਆਇਓਡੀਨ ਵਾਲਾ ਹੀ ਖਾਣਾ ਚਾਹੀਦਾ ਹੈ, ਪਹਾੜੀ ਲੂਣ ਨਹੀਂ! ਆਇਓਡੀਨ ਦੀ ਕਮੀ ਨਾਲ ਮੰਦਬੁੱਧ ਬੱਚਾ ਪੈਦਾ ਹੋਣ ਦੇ ਆਸਾਰ ਵੱਧ ਜਾਂਦੇ ਹਨ।

ਕੁੱਝ ਸਬਜ਼ੀਆਂ ਜਿਵੇਂ ਆਲੂ, ਪੁੰਗਰੀਆਂ ਦਾਲਾਂ, ਸਰ੍ਹੋਂ, ਗਾਜਰ, ਹਰੀਆਂ ਫਲੀਆਂ, ਖੁੰਭ, ਮਟਰ, ਸ਼ਲਗਮ ਅਤੇ ਚੁਕੰਦਰ ਵੀ ਖਾਂਦੇ ਰਹਿਣਾ ਚਾਹੀਦਾ ਹੈ।

ਪ੍ਰੋਟੀਨ ਦੀ ਵੱਧ ਲੋੜ ਨੂੰ ਪੂਰਾ ਕਰਨ ਲਈ ਅੰਡਾ, ਸੈਲਮਨ ਮੱਛੀ, ਦਾਲਾਂ, ਦੁੱਧ, ਪਨੀਰ, ਮੂੰਗਫਲੀ, ਪਿਸਤਾ, ਕਾਜੂ, ਬਦਾਮ, ਅਖਰੋਟ ਆਦਿ ਵੀ ਖਾਂਦੇ ਰਹਿਣ ਦੀ ਲੋੜ ਹੈ।

## 13. ਪਪੀਤਾ

ਜ਼ਰੂਰ ਹਰ ਰੋਜ਼ ਇੱਕ ਫਾੜੀ ਖਾ ਲੈਣੀ ਚਾਹੀਦੀ ਹੈ।

ਰਾਗੀ ਦਾ ਆਟਾ, ਛਾਣਬੂਰੇ ਵਾਲੀ ਕਣਕ ਦਾ ਆਟਾ, ਬਾਜਰਾ, ਮੱਕੀ ਵੀ ਵਾਧੂ ਈਸਟਰੋਜਨ ਹਾਰਮੋਨ ਨੂੰ ਕਾਬੂ ਵਿਚ ਰੱਖਣ ਵਿਚ ਮਦਦ ਕਰਦੇ ਹਨ, ਸੋ ਰੋਜ਼ ਦੇ ਖਾਣੇ ਵਿਚ ਸ਼ਾਮਲ ਕਰ ਲੈਣੇ ਚਾਹੀਦੇ ਹਨ।

## 14. ਲਾਲ ਰਸਭਰੀ ਦੇ ਪੱਤਿਆਂ ਦੀ ਚਾਹ :-

ਇੱਕ ਖੋਜ ਵਿਚ ਇਸ ਚਾਹ ਦੇ ਬੱਚੇਦਾਨੀ ਉੱਤੇ ਵਧੀਆ ਅਸਰ ਵੇਖੇ ਗਏ ਹਨ। ਇਹ ਚਾਹ ਮਾਹਵਾਰੀ ਰੈਗੂਲਰ ਕਰਨ ਦੇ ਨਾਲ ਬੱਚਾ ਠਹਿਰਨ ਦੇ ਆਸਾਰ ਵੀ ਵਧਾ ਦਿੰਦੀ ਹੈ, ਬੱਚੇਦਾਨੀ ਤੰਦਰੁਸਤ ਰੱਖਦੀ ਹੈ ਤੇ ਜੰਮਣ ਪੀੜਾਂ ਵੀ ਘਟਾ ਦਿੰਦੀ ਹੈ। ਇਸ ਨੂੰ ਪੀਂਦੇ ਰਹਿਣ ਨਾਲ ਬੱਚਾ ਜੰਮਣ ਬਾਅਦ ਮਾਂ ਨੂੰ ਲਹੂ ਵੀ ਘੱਟ ਪੈਂਦਾ ਹੈ।

ਖ਼ਿਆਲ ਰਹੇ, ਇਹ ਚਾਹ ਡਾਕਟਰੀ ਸਲਾਹ ਤੋਂ ਬਗ਼ੈਰ ਨਹੀਂ ਪੀਣੀ ਚਾਹੀਦੀ।

## ਕਿੰਨੀ ਮਾਤਰਾ ਵਿਚ ਫਲ ਸਬਜ਼ੀਆਂ ਖਾਧੀਆਂ ਜਾਣ :-

**ਫਲ** :- ਇੱਕ ਸੰਤਰੇ ਜਿੰਨੇ ਆਕਾਰ ਦਾ ਇੱਕ ਫਲ ਰੋਜ਼ ਦੋ ਵੇਲੇ ਜਾਂ ਇੱਕ ਕੱਪ ਕੱਟਿਆ ਫਲ ਦਿਨ ਵਿਚ ਦੋ ਵਾਰ

**ਸਬਜ਼ੀਆਂ** :- ਇੱਕ ਵੇਲੇ ਇੱਕ ਕੌਲੀ ਕੱਚੀ ਜਾਂ ਪੱਕੀ ਹੋਈ ਸਬਜ਼ੀ, ਦਿਨ ਵਿਚ ਇੱਕ ਵਾਰ ਸਬਜ਼ੀਆਂ ਦਾ ਸੂਪ ਅਤੇ ਰੋਜ਼ ਪਲੇਟ ਭਰ ਕੇ ਖਾਧਾ ਕੱਚਾ ਸਲਾਦ!

**ਸਾਰ** :- ਅੱਜ ਦੇ ਦਿਨ ਗਰਭ ਦੌਰਾਨ ਅਤੇ ਬੱਚੇ ਦੇ ਜਨਮ ਸਮੇਂ 830 ਔਰਤਾਂ ਹਰ ਰੋਜ਼ ਮੌਤ ਦੇ ਮੂੰਹ ਵਿਚ ਜਾ ਰਹੀਆਂ ਹਨ। ਪੂਰੀ ਦੁਨੀਆਂ ਵਿਚੋਂ ਜਨਮ ਦੇਣ ਦੇ ਸਮੇਂ ਮਾਵਾਂ ਦੀਆਂ ਮੌਤਾਂ ਦੀ ਗਿਣਤੀ ਜੇ ਕਰੀਏ ਤਾਂ 99 ਫੀਸਦੀ ਵਿਕਾਸਸ਼ੀਲ ਦੇਸ਼ਾਂ ਵਿਚ ਹੈ। ਇਨ੍ਹਾਂ ਵਿਚੋਂ ਬਹੁਤੀਆਂ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਜੇ ਖ਼ੁਰਾਕ ਸਹੀ ਕਰ ਲਈਏ ਤਾਂ ਇਹ ਸੰਭਵ ਹੋ ਸਕਦਾ ਹੈ।

# ਪੀ.ਟੀ.ਸੀ. ਦੇ ਪ੍ਰੋਗਰਾਮ ‘ਵਿਚਾਰ ਤਕਰਾਰ’ ਨੂੰ ਫਿਰ ਮਿਲਿਆ ਪੁਰਸਕਾਰ

ਕਿਸੇ ਟੈਲੀਵਿਜ਼ਨ ਪ੍ਰੋਗਰਾਮ ਵਿਚ ਸਾਲਾਂ ਤੱਕ ਲਗਾਤਾਰਤਾ ਅਤੇ ਮਿਆਰ ਬਣਾਈ ਰੱਖਣਾ ਮੁਸ਼ਕਲ ਹੁੰਦਾ ਹੈ। ਜੇਕਰ ਅਜਿਹਾ ਸੰਭਵ ਹੁੰਦਾ ਹੈ, ਤਾਂ ਇਸਦੇ ਪਿੱਛੇ ਸੰਬੰਧਤ ਅਦਾਰੇ, ਚੈਨਲ, ਪ੍ਰੋਗਰਾਮ ਪ੍ਰੋਡਿਊਸਰ ਅਤੇ ਐਂਕਰ ਦੀ ਵੱਡੀ ਭੂਮਿਕਾ ਹੁੰਦੀ ਹੈ।

‘ਵਿਚਾਰ ਤਕਰਾਰ’ ਇਕ ਅਜਿਹਾ ਹੀ ਪ੍ਰੋਗਰਾਮ ਹੈ, ਜਿਹੜਾ ਸਾਲਾਂ ਤੋਂ ਚਰਚਾ ਵਿਚ ਹੈ। ਜਿਸ ਵਿਚ ਲੋਕ-ਮੁੱਦਿਆਂ ਨੂੰ ਉਭਾਰਿਆ ਜਾਂਦਾ ਹੈ ਅਤੇ ਮਿਆਰ ਵੀ ਬਣਾਈ ਰੱਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸੇ ਲਈ ਇਸ ਚਲੰਤ ਮਾਮਲਿਆਂ ’ਤੇ ਆਧਾਰਿਤ ਪ੍ਰੋਗਰਾਮ ਨੂੰ ਲਗਾਤਾਰ ਤੀਸਰੀ ਵਾਰ ਈ.ਐੱਨ.ਬੀ.ਏ. ਐਵਾਰਡ ਮਿਲਿਆ ਹੈ। ਅਜਿਹਾ ਪੀ.ਟੀ.ਸੀ. ਦੇ ਮੁੱਖ ਸੰਪਾਦਕ ਅਤੇ ਇਸ ਪ੍ਰੋਗਰਾਮ ਦੇ ਪੇਸ਼ਕਾਰ ਹਰਪ੍ਰੀਤ ਸਿੰਘ ਸਾਹਨੀ ਦੀ ਲਗਨ, ਮਿਹਨਤ, ਸਿਆਣਪ ਅਤੇ ਸ਼ਖ਼ਸੀਅਤ ਸਦਕਾ ਸੰਭਵ ਹੋਇਆ ਹੈ।

ਉਹ ਜਿਸ ਸਹਿਜ ਅਤੇ ਸਮਝ ਨਾਲ ਇਹ ਪ੍ਰੋਗਰਾਮ ਪੇਸ਼ ਕਰਦੇ ਹਨ, ਅੱਜਕੱਲ੍ਹ ਅਜਿਹੀਆਂ ਉਦਾਹਰਨਾਂ ਬਹੁਤ ਘੱਟ ਮਿਲਦੀਆਂ ਹਨ। ਇਸ ਮੁਕਾਮ ’ਤੇ ਪਹੁੰਚਣ ਲਈ ਹਰਪ੍ਰੀਤ ਸਿੰਘ ਸਾਹਨੀ ਨੂੰ ਸਖ਼ਤ ਮਿਹਨਤ ਕਰਨੀ ਪਈ।

ਜਿਸ ਸ਼ੌਕ ਤੇ ਸਬਰ, ਸਵੈ-ਵਿਸ਼ਵਾਸ ਤੇ ਸਮਝ ਨਾਲ ਉਹ ਟੈਲੀਵਿਜ਼ਨ ਪਰਦੇ ’ਤੇ ਪੇਸ਼ ਹੁੰਦਾ ਹੈ, ਅਜਿਹੀਆਂ ਉਦਾਹਰਨਾਂ ਵੀ ਬਹੁਤ




ਘੱਟ ਵੇਖਣ ਵਿਚ ਆਈਆਂ ਹਨ। ਪਹਿਰਾਵਾ ਤਾਂ ਹਰ ਕੋਈ ਪਹਿਨਦਾ ਹੈ ਪਰ ਸੁਹਜ-ਸੁਆਦ ਅਤੇ ਰੰਗਾਂ ਦੇ ਸੁਮੇਲ ਦੀ ਜੋ ਸਮਝ ਹਰਪ੍ਰੀਤ ਸਿੰਘ ਨੂੰ ਹੈ, ਉਹ ਕਿਸੇ ਵਿਰਲੇ ਟਾਵੇਂ ਨੂੰ ਹੀ ਹੁੰਦੀ ਹੈ। ਇਸੇ ਲਈ ਜੱਚਦੇ-ਫੱਬਦੇ ਸਰਦਾਰ ਵਜੋਂ ਉਸਨੂੰ ਬਹੁਤ ਸਾਰੇ ਇਸ਼ਤਿਹਾਰ ਮਿਲੇ ਹੋਏ ਹਨ ਅਤੇ ਬਹੁਤ ਸਾਰੇ ਅਦਾਰੇ ਉਸਦੀਆਂ ਸੇਵਾਵਾਂ ਲੈ ਰਹੇ ਹਨ।

ਹਰਪ੍ਰੀਤ ਸਿੰਘ ਸਾਹਨੀ ਦੀ ਇਹ ਵਿਸ਼ੇਸ਼ਤਾ ਰਹੀ ਹੈ ਕਿ ਬਤੌਰ ਨਿਊਜ਼ ਐਂਕਰ ਉਹ ਹਮੇਸ਼ਾ ਸਥਾਨਕ, ਕੌਮੀ ਅਤੇ ਕੌਮਾਂਤਰੀ ਖ਼ਬਰਾਂ ਪੇਸ਼ ਕਰਦੇ ਸਮੇਂ ਤੱਥਾਂ, ਅੰਕੜਿਆਂ ’ਤੇ ਆਧਾਰਿਤ ਗੱਲ ਕਰਦੇ ਹਨ। ਲੋੜ ਅਨੁਸਾਰ ਖੋਜ ਪੜਤਾਲ ਕਰਨੀ ਵੀ ਉਸਦੇ ਸੁਭਾਅ ਦਾ ਹਿੱਸਾ ਹੈ। ਆਪਣੇ ਸਹਿਯੋਗੀਆਂ ਅਤੇ ਸਮਕਾਲੀ ਮੀਡੀਆ ਸ਼ਖ਼ਸੀਅਤਾਂ ਨਾਲ ਤਾਲਮੇਲ ਬਣਾ ਕੇ ਰੱਖਣਾ ਵੀ ਉਸਨੂੰ ਆਉਂਦਾ ਹੈ। ਨਿਊਜ਼ ਐਂਕਰ ਲਈ ਲੋੜੀਂਦੀ ਸੰਜੀਦਾ ਦਿੱਖ ਨੂੰ ਬਣਾਈ ਰੱਖਣਾ ਵੀ ਉਸਨੂੰ ਖ਼ੂਬ ਆਉਂਦਾ ਹੈ ਅਤੇ ਜਿੱਥੇ ਮੁਸਕਰਾਹਟ ਦੀ ਜ਼ਰੂਰਤ ਹੋਵੇ, ਚਾਹੇ ਵਿਅੰਗ ਵਜੋਂ ਹੀ, ਉਹ ਵੀ ਬਖੇਰ ਜਾਂਦਾ ਹੈ।

ਉਸ ਦੁਆਰਾ ਵੱਖ-ਵੱਖ ਖੇਤਰਾਂ ਦੀਆਂ ਚੁਣੀਂਦਾ ਸ਼ਖ਼ਸੀਅਤਾਂ ਨਾਲ ਕੀਤੀਆਂ ਵਿਸ਼ੇਸ਼ ਮੁਲਾਕਾਤਾਂ ਦਰਸ਼ਕ ਉਚੇਚ ਨਾਲ ਵੇਖਦੇ ਸੁਣਦੇ ਹਨ। ਜਿੱਥੇ ਉਸਨੂੰ ਹਰੇਕ ਮੁੱਦੇ-ਮਸਲੇ ਦੀ ਗਹਿਰਾਈ ਵਿਚ ਸਮਝ ਹੁੰਦੀ ਹੈ, ਉਥੇ ਪੰਜਾਬੀ ਪਿਛੋਕੜ ਕਾਰਨ ਕਦੇ ਵੀ ਸੰਚਾਰ ਅਤੇ ਸ਼ਬਦ-ਚੋਣ ਦੀ ਸਮੱਸਿਆ



ਪ੍ਰੋ. ਕੁਲਬੀਰ ਸਿੰਘ
94171-53513
(Punjab Mail USA)


ਨਹੀਂ ਆਈ। ਹਰੇਕ ਮੌਕੇ ਅਤੇ ਗੱਲਬਾਤ ਅਨੁਸਾਰ ਉਸ ਕੋਲ ਢੁੱਕਵੀਂ ਸ਼ਬਦਾਵਲੀ ਮੌਜੂਦ ਹੁੰਦੀ ਹੈ। ਆਪਣੀਆਂ ਇਨ੍ਹਾਂ ਵਿਸ਼ੇਸ਼ਤਾਵਾਂ ਸਦਕਾ ਹਰਪ੍ਰੀਤ ਸਿੰਘ ਸਾਹਨੀ ਨੇ ਬਤੌਰ ਨਿਊਜ਼ ਐਂਕਰ ਵਿਸ਼ਵ ਪੰਜਾਬੀ ਭਾਈਚਾਰੇ ਵਿਚ ਆਪਣੀ ਨਿਵੇਕਲੀ ਪਹਿਚਾਣ ਸਥਾਪਿਤ ਕਰ ਲਈ ਹੈ।

ਜਦ ਦੂਰਦਰਸ਼ਨ ਦਾ ਬੋਲਬਾਲਾ ਸੀ, ਤਾਂ ਦੂਰਦਰਸ਼ਨ ਦੇ ਕੌਮੀ ਚੈਨਲ ਤੋਂ ਬੜੇ ਸੁਹਜ ਸਲੀਕੇ ਨਾਲ ਖ਼ਬਰ ਬੁਲਿਟਨ ਪੇਸ਼ ਕੀਤੇ ਜਾਂਦੇ ਸਨ। ਲੰਮਾ ਸਮਾਂ ਬੀਤ ਜਾਣ ਬਾਅਦ ਵੀ ਦਰਸ਼ਕ ਅੱਜ ਤੱਕ ਉਨ੍ਹਾਂ ਨੂੰ ਯਾਦ ਕਰਦੇ ਹਨ। ਉਨ੍ਹਾਂ ਕੋਲ ਉੱਚ-ਵਿਦਿਅਕ ਯੋਗਤਾ ਸੀ, ਪ੍ਰਭਾਵਸ਼ਾਲੀ ਸੰਚਾਰ-ਸਮਰੱਥਾ ਸੀ, ਆਕਰਸ਼ਕ ਤੇ ਸੰਜੀਦਾ ਦਿੱਖ ਸੀ, ਪਹਿਰਾਵੇ ਪ੍ਰਤੀ ਇਕ ਸਮਝ-ਸਲੀਕਾ ਸੀ, ਸਪੱਸ਼ਟ ਸਹੀ, ਸ਼ੁੱਧ ਉਚਾਰਨ ਸੀ। ਹਿੰਦੀ, ਅੰਗਰੇਜ਼ੀ ਦੇ ਬਹੁਤ ਸਾਰੇ ਨਿਊਜ਼ ਐਂਕਰਾਂ ਦੀ ਉਦੋਂ ਧਾਂਕ ਸੀ। ਵੱਡੀ ਗੱਲ ਦਰਸ਼ਕ ਦਿਲੋਂ ਪਿਆਰ ਸਤਿਕਾਰ ਕਰਦੇ ਸਨ।

ਤਸੱਲੀ ਵਾਲੀ ਗੱਲ ਹੈ ਕਿ ਹਰਪ੍ਰੀਤ ਸਿੰਘ ਸਾਹਨੀ ਵੀ ਉਸੇ ਸਹਿਜ, ਉਸੇ ਸਲੀਕੇ, ਉਸੇ ਸਵੈ-ਵਿਸ਼ਵਾਸ, ਉਸੇ ਸਮਝ, ਉਸੇ ਰੋਹਬ, ਉਸੇ ਮੜ੍ਹਕ, ਉਸੇ ਮਿਹਨਤ, ਉਸੇ ਲਗਨ ਨਾਲ ਅੱਗੇ ਵਧ ਰਿਹਾ ਹੈ। ਪੰਜਾਬੀ ਟੈਲੀਵਿਜ਼ਨ ਨੂੰ ਮਾਣ ਹੈ ਕਿ ਉਸ ਕੋਲ ਹਰਪ੍ਰੀਤ ਸਿੰਘ ਵਰਗੇ ਕਾਬਲ ਤੇ ਦਰਸ਼ਕਾਂ ਨੂੰ ਕਾਇਲ ਕਰ ਲੈਣ ਵਾਲੇ ਨਿਊਜ਼ ਐਂਕਰ ਹਨ। ਪੰਜਾਬੀ ਟੈਲੀਵਿਜ਼ਨ ਉਦਯੋਗ ਨੂੰ ਅੱਜ ਅਜਿਹੇ ਨਿਊਜ਼ ਐਂਕਰਾਂ ਦੀ ਡਾਢੀ ਲੋੜ ਹੈ।

ਅੱਜ ਬਹੁਤੇ ਨਿਊਜ਼ ਐਂਕਰ ਇਸ ਜ਼ਿੰਮੇਵਾਰੀ ਨੂੰ ਉਸ ਸੰਜੀਦਗੀ ਨਾਲ ਨਹੀਂ ਨਿਭਾਉਂਦੇ, ਜਿਸਦੀ ਲੋੜ ਹੁੰਦੀ ਹੈ। ਹਰੇਕ ਪਹਿਲੂ ’ਤੇ ਧਿਆਨ ਦੇਣ ਦੀ, ਹੋਮਵਰਕ ਕਰਨ ਦੀ ਜ਼ਰੂਰਤ ਹੁੰਦੀ ਹੈ। ਵਧੇਰੇ ਨਿਊਜ਼ ਐਂਕਰ, ਵਧੇਰੇ ਆਤਮ-ਵਿਸ਼ਵਾਸ ਦੇ ਸ਼ਿਕਾਰ ਹੋ ਗਏ ਹਨ ਪਰ ਮਿਹਨਤ ਤੋਂ ਕੰਨੀਂ ਕਤਰਾਉਂਦੇ ਹਨ।

ਜ਼ਿੰਦਗੀ ਵਿਚ ਸਫ਼ਲਤਾ ਲਈ ਹਰੇਕ ਖੇਤਰ ’ਚ ਲਗਾਤਾਰ ਮਿਹਨਤ ਦੀ ਲੋੜ ਹੁੰਦੀ ਹੈ ਪਰ ਮੀਡੀਆ ਦੇ ਖੇਤਰ ਵਿਚ ਇਹ ਮਿਹਨਤ ਕਈ ਗੁਣਾਂ ਵੱਧ ਕਰਨੀ ਪੈਂਦੀ ਹੈ।

## ਆਉ ਚੰਗੇ ਪਰਦੇਸੀ ਬਣੀਏ

ਐਵੇਂ ਪੰਗੇ ਨਾ ਤੂੰ ਪਾ ਪੁੱਤਰਾ
ਭੇਜਿਆ ਪੜ੍ਹਾਈਆਂ ਵਾਸਤੇ
ਸਾਨੂੰ ਪੜ੍ਹਨੇ ਨਾ ਪਾ ਪੁੱਤਰਾ

ਐਵੇਂ ਗੱਡੀ ਨਾ ਭਜਾ ਪੁੱਤਰਾ
ਸਾਡੀ ਪਈ ਆ ਚੀਕ ਨਿੱਕਲੀ
ਇਹਦੀ ਚੀਕ ਨਾ ਕਢਾ ਪੁੱਤਰਾ

ਹੋਵੇ ਸਿਰ ਉੱਤੇ ਪੱਗ ਸੋਹਣਿਆ
ਉਦੋਂ ਫਿਰ ਬੰਦਿਆਂ ਦੀ
ਹੁੰਦੀ ਜ਼ਿੰਮੇਵਾਰੀ ਵੱਧ ਸੋਹਣਿਆ

ਗੇੜਾ ਮਾਰਿਆ ਨੀ ਖੇਤਾਂ ਤੇ
ਜੱਟ ਤੂੰ ਲਿਖਾਈ ਫਿਰਦੈਂ
ਪਿੱਛੇ ਨੰਬਰ ਪਲੇਟਾਂ 'ਤੇ

ਨਹੀਓਂ BOOFER ਵਜਾਈਦੇ
ਧੌਣਾਂ ਕੱਢ SUNROOF 'ਚੋਂ
ਖੌਰੂ ਭੰਗੜੇ ਨੀ ਪਾਈਦੇ

ਥੋੜਾ ਬਹੁਤਾ ਸੋਚ ਮੁੰਡਿਆ
ਕੀ ਬਣੂੰ ਮਾਪਿਆਂ ਦਾ
ਜੇ ਕਰਤਾ ਡਿਪੋਰਟ ਮੁੰਡਿਆ

ਹੱਥ ਅਕਲਾਂ ਨੂੰ ਪਾ ਸੋਹਣਿਆ
ਪੈਸੇ ਭੇਜੇ ਕਿੱਲਾ ਵੇਚ ਕੇ
ਭੰਗ ਭਾੜੇ ਨਾ ਉਡਾ ਸੋਹਣਿਆ

ਤੇਜ ਗੱਡੀਆਂ ਭਜਾਵੋ ਨਾ
ਸੋਹਣਾ ਏ ਕਨੇਡਾ ਕੰਟਰੀ
ਤੁਸੀਂ ਗੰਦ ਇੱਥੇ ਪਾਵੋ ਨਾ

ਰੈਡ ਲਾਈਟਾਂ 'ਚ ਮੁੜੀਦਾ ਨਹੀਂ
ਹੱਥ ਵਿਚ ਹੱਥ ਫੜਕੇ
ਇੱਥੇ ਸੜਕਾਂ 'ਤੇ ਤੁਰੀਦਾ ਨਹੀਂ

ਟਾਇਮ ਲੱਗੇ ਨਾ ਮਿਟਾਉਣੇ ਨੂੰ
ਉਮਰਾਂ ਹੀ ਲੰਘ ਜਾਂਦੀਆਂ
ਚੰਗਾ image ਬਣਾਉਣੇ ਨੂੰ

ਹੰਝੂ ਅੱਖੀਆਂ 'ਚੋਂ ਡੋਹਲੇਂਗਾ
ਹੱਥਾਂ ਨਾਲ ਗੰਢਾਂ ਦਿੱਤੀਆਂ
ਫੇਰ ਮੂੰਹ ਨਾਲ ਖੋਹਲੇਂਗਾ

ਡੇਰਾ ਹੋਰ ਕਿੱਥੇ ਲਾਵਾਂਗੇ
ਸਾਹੋਤੇਆ ਕਨੇਡਾ ਛੱਡ ਕੇ
ਦੱਸ ਹੋਰ ਕਿੱਥੇ ਜਾਵਾਂਗੇ



-ਕੁਲਵੀਰ ਸਿੰਘ ਡਾਨਸੀਵਾਲ, ਸਰੀ
778-863-2472
sahotakulvir@gmail.com
(Punjab Mail USA)

## ਮਦਰ'ਜ਼ ਡੇਅ 'ਤੇ ਵਿਸ਼ੇਸ਼

ਮਾਂ ਦੇ ਅਹਿਸਾਨ ਨਹੀਂ ਮੁੱਕਦੇ,
ਜੇ ਗਿਣ-ਗਿਣ ਕਰੀਏ ਹਿਸਾਬ।
ਦਿਲ ਅੰਦਰ ਚੀਸ ਹੈ ਉੱਠਦੀ,
ਜਦੋਂ ਪੜ੍ਹਦੇ ਹਾਂ ਖੋਹਲ ਕਿਤਾਬ।

ਹਰ ਸਫ਼ੇ ਉੱਤੇ ਦਿਨ ਰਾਤ ਦਾ,
ਮਾਂ ਦੇ ਦੁੱਖਾਂ ਦਾ ਪਿਆ ਹੈ ਲੇਖਾ,
ਉਦਰ ਤੋਂ ਪਾਲਣ ਪੋਸ਼ਣ ਤੱਕ,
ਜੇ ਝਾਤ ਮਾਰ ਪਿਛਾਂਹ ਵੱਲ ਦੇਖਾਂ।

ਜਿਗਰ ਦਾ ਖ਼ੂਨ ਪਿਲਾਵੇ ਨਾਲੇ,
ਫਿਰ ਜਣਨ ਪੀੜਾਂ ਹੈ ਸਹਿੰਦੀ,
ਬੱਚਿਆਂ ਦੀ ਸੁੱਖ ਸਦਾ ਹੀ ਮੰਗੇ,
ਭੀੜ ਪਵੇ ਪਿੱਛੇ ਨਾ ਰਹਿੰਦੀ।

ਜੇ ਕਿਧਰੇ ਸੱਟ ਬੱਚੇ ਦੇ ਲੱਗਦੀ,
ਆਪਣੇ ਮਨ ਦੀ ਪੀੜ ਲੁਕਾਵੇ,
ਦੇ-ਦੇ ਦਿਲਾਸੇ ਅੰਮ੍ਰਿਤ ਬੋਲਾਂ ਦੇ,
ਝੱਟ ਮਲਹੰਮ ਜ਼ਖਮ 'ਤੇ ਲਾਵੇ।

ਸਬਰ ਸੰਤੋਖ ਦੀ ਹੈ ਉਹ ਮੂਰਤ,
ਪਹਿਲਾਂ ਸਾਰਾ ਟੱਬਰ ਰਜਾਂਦੀ,
ਜੋ ਬੱਚ ਜਾਏ ਪਿੱਛੇ ਰੁੱਖਾ ਮਿੱਸਾ,
ਲੈ ਕੇ ਰੱਬ ਦਾ ਨਾਂ ਫਿਰ ਖਾਂਦੀ।

ਪਰਿਵਾਰ ਦੇ ਵਿਚ ਮੁਹੱਬਤ ਲੋੜੇ,
ਬਰਕਤ ਲਈ ਕਰੇ ਅਰਦਾਸ,
ਜੁੱਗ-ਜੁੱਗ ਜਿਊਣ ਜਿਊਣ ਜੋਗੇ,
ਚਰਨਾਂ ਵਿਚ ਈਸ਼ਵਰ ਪਾਸ।

ਨਾ ਕੋਈ ਸੇਵਾ ਦਾ ਮੁੱਲ ਚਾਹੁੰਦੀ,
ਚਾਹਵੇ ਨ ਕੋ' ਮੁਲਖ਼ ਜਗੀਰ,
ਦੇਹ ਅਸੀਸਾਂ ਭਰ ਦਏ ਵਿਹੜਾ,
ਦੇਵੇ ਘਰ ਦੀ ਬਦਲ ਤਕਦੀਰ।



-ਸੇਵਾ ਸਿੰਘ "ਨੂਰਪੁਰੀ"
(Punjab Mail USA)

## ਸਤਿਗੁਰੂ ਅਰਜਨ ਦੇਵ ਸਾਹਿਬ ਜੀ

**(ਸ਼ਹੀਦਾਂ ਦੇ ਸਿਰਤਾਜ)**

ਸਤਿਗੁਰੂ ਅਰਜਨ ਦੇਵ ਸਾਹਿਬ ਜੀ
ਤੱਤੀ ਤਵੀ 'ਤੇ ਬੈਠੇ ਨੇ।
ਹੇਠਾਂ ਮੱਚਦੇ ਅੱਗ ਦੇ ਭਾਂਬੜ
ਸੀਸ 'ਤੇ ਪੈਂਦੇ ਰੇਤੇ ਨੇ।
ਸ਼ਾਂਤੀ ਦੇ ਨੇ ਪੁੰਜ ਸਤਿਗੁਰੂ
ਗੁਰਬਾਣੀ ਦੇ ਬੋਹਥੇ ਨੇ,
ਰਾਮਦਾਸ ਗੁਰੂ ਜੀ ਦੇ ਪੁੱਤਰ
ਗੁਰ ਅਮਰ ਦਾਸ ਦੇ ਦੋਹਤੇ ਨੇ
ਸੁਖਮਨੀ ਸਾਹਿਬ ਉਚਾਰਨ ਵਾਲੇ
ਅਕਾਲ ਨੂੰ ਕਰਦੇ ਚੇਤੇ ਨੇ।
ਸਤਿਗੁਰੂ ਅਰਜਨ ਦੇਵ ਸਾਹਿਬ ਜੀ....।

ਲਾਹੌਰ ਸ਼ਹਿਰ ਵਿਚ ਕਹਿਰ ਵਰਤਿਆ
ਚੰਦੂ ਜ਼ੁਲਮ ਕਮਾਇਆ ਏ,
ਪੁੱਠੀਆਂ ਸਿੱਧੀਆਂ ਲੂਤੀਆਂ ਲਾ ਕੇ
ਜਹਾਂਗੀਰ ਭੜਕਾਇਆ ਏ,
ਜੇਠ ਮਹੀਨੇ ਤਪਦਾ ਸੂਰਜ
ਪੈਂਦੇ ਲੋਅ ਦੇ ਸੇਕੇ ਨੇ।
ਸਤਿਗੁਰੂ ਅਰਜਨ ਦੇਵ ਸਾਹਿਬ ਜੀ....।

ਚੰਦੂ ਦੀ ਧੀ ਦਾ ਸ਼ਗਨ ਪ੍ਰੋਹਿਤ
ਹਰਗੋਬਿੰਦ ਜੀ ਨੂੰ ਪਾ ਆਇਆ,
ਚੰਦੂ ਕਿਹਾ ਚੁਬਾਰੇ ਦੀ ਇੱਟ
ਮੋਰੀ ਨੂੰ ਤੂੰ ਲਾ ਆਇਆ,
ਸ਼ਹੀਦਾਂ ਦੇ ਸਿਰਤਾਜ ਸਤਿਗੁਰੂ
ਕਰਦੇ ਦੂਰ ਭੁਲੇਖੇ ਨੇ।
ਸਤਿਗੁਰੂ ਅਰਜਨ ਦੇਵ ਸਾਹਿਬ ਜੀ....।

ਤੱਤੀ ਰੇਤ ਦੇ ਭਰ-ਭਰ ਕੜਸੇ
ਜਲਾਦ ਨੇ ਸਿਰ 'ਤੇ ਪਾਈਂ ਜਾਂਦੇ
ਤੇਰਾ ਕੀਆ ਮੀਠਾ ਲਾਗੈ
ਸਤਿਗੁਰ ਮੁੱਖ 'ਚੋਂ ਗਾਈਂ ਜਾਂਦੇ
ਆਪਣੇ ਤਨ 'ਤੇ ਦੁਖੜੇ ਜਰ ਕੇ
ਦੁਨੀਆ ਦੇ ਦੁੱਖ ਮੇਟੇ ਨੇ।
ਸਤਿਗੁਰੂ ਅਰਜਨ ਦੇਵ ਸਾਹਿਬ ਜੀ....।

ਸਮੇਂ-ਸਮੇਂ 'ਤੇ ਧਰਮ ਦੀ ਖਾਤਰ
ਪਾਈਆਂ ਗੁਰਾਂ ਸ਼ਹੀਦੀਆਂ ਨੇ,
ਖ਼ੂਨ ਦਾ ਕਤਰਾ-ਕਤਰਾ ਪਾ ਕੇ
ਧਰਮ ਕਿਆਰੀਆਂ ਬੀਜੀਆਂ ਨੇ,
"ਗਿੱਲ ਮਲਕੀਤ" ਲਗਾਏ ਜੀਵਨ
ਦੇਸ਼ ਕੌਮ ਦੇ ਲੇਖੇ ਨੇ।
ਸਤਿਗੁਰੂ ਅਰਜਨ ਦੇਵ ਸਾਹਿਬ ਜੀ
ਤੱਤੀ ਤਵੀ 'ਤੇ ਬੈਠੇ ਨੇ।



-ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 94174-90943
79865-28225
(Punjab Mail USA)

## ਗ਼ਜ਼ਲ

ਅੱਖਾਂ ਵਿਚ ਨਜ਼ਾਰੇ ਰੱਖ ਜਾ ਫੇਰ ਕਿਤੇ।
ਸੱਜਣਾ ਝੂਠੇ ਲਾਰੇ ਰੱਖ ਜਾ ਫੇਰ ਕਿਤੇ।

ਮੇਰੇ ਦਿਲ ਦਾ ਅੰਬਰ ਸੁੰਨਮ ਸੁੰਨਾ ਹੈ,
ਸੂਰਜ ਚੰਨ ਸਿਤਾਰੇ ਰੱਖ ਜਾ ਫੇਰ ਕਿਤੇ।

ਤੇਰੇ ਦਿੱਤੇ ਜ਼ਖ਼ਮ ਪੁਰਾਣੇ ਭਰ ਗਏ ਨੇ,
ਪੈਰਾਂ ਹੇਠ ਅੰਗਾਰੇ ਰੱਖ ਜਾ ਫੇਰ ਕਿਤੇ।

ਇਕ ਡੁਬਕੀ ਦੀ ਸੱਜਣਾ ਸਾਰੀ ਗੱਲ ਹੁੰਦੀ,
ਪਾਣੀ ਵਿਚ ਸ਼ਰਾਰੇ ਰੱਖ ਜਾ ਫੇਰ ਕਿਤੇ।

ਅਪਣੀ ਨਿੱਘੀ ਗਲਵਕੜੀ ਦੇ ਕੁਝ ਚਸ਼ਮੇ,
ਲੂਣੇਂ ਮਿੱਠੇ ਖਾਰੇ ਰੱਖ ਜਾ ਫਰ ਕਿਤੇ।

ਅੱਜ ਵੀ ਪਤਝੜ ਤੈਨੂੰ ਚੇਤੇ ਕਰਦੀ ਹੈ,
ਉਮੀਦਾਂ ਵਿਚ ਲਾਰੇ ਰੱਖ ਜਾ ਫੇਰ ਕਿਤੇ।

ਬੀਤੇ ਸਮਿਆਂ ਦੇ ਉਹ ਸੁਪਨੇ ਕਿੱਥੇ ਨੇ ?
ਅੱਖਾਂ ਵਿਚ ਉਧਾਰੇ ਰੱਖ ਜਾ ਫੇਰ ਕਿਤੇ।

ਬਚਪਨ ਵਾਲੇ ਸਿੱਕੇ ਨਜ਼ਰ ਨਹੀਂ ਆਉਂਦੇ,
ਬੁਗਨੀ ਦੇ ਵਿਚ ਸਾਰੇ ਰੱਖ ਜਾ ਫੇਰ ਕਿਤੇ।

ਉਲਫ਼ਤ ਦੇ ਵਿਉਪਾਰ ਕਰਨ ਦੀ ਇੱਛਾ ਹੈ,
ਉਹ ਝੂਠੇ ਵਣਜਾਰੇ ਰੱਖ ਜਾ ਫੇਰ ਕਿਤੇ।

ਫੁੱਲਾਂ ਉਤੇ ਉਡਣ ਕਾਲੀਆਂ ਤਿਤਲੀਆਂ,
ਨੈਣ ਕਿਤੇ ਕਜਰਾਰੇ ਰੱਖ ਜਾ ਫੇਰ ਕਿਤੇ।
ਬਾਲਮ ਫੇਰ ਕਿਨਾਰੇ ਉਤੇ ਫਿਰਦਾ ਏ,
ਭੰਵਰ ਦੇ ਵਿਚਕਾਰੇ ਰੱਖ ਜਾ ਫੇਰ ਕਿਤੇ।



ਬਲਵਿੰਦਰ ਬਾਲਮ ਗੁਰਦਾਸਪੁਰ
ਓਂਕਾਰ ਨਗਰ, ਗੁਰਦਾਸਪੁਰ (ਪੰਜਾਬ)
ਮੋ. : 98156-25409
(Punjab Mail USA)

## ਮਜ਼ਦੂਰ ਬੜਾ ਮਜਬੂਰ

ਕਿਧਰੇ ਜਦ ਵੀ ਨਜ਼ਰੀਂ ਪੈਂਦਾ, ਮੈਨੂੰ ਕੋਈ ਮਜ਼ਦੂਰ।
ਹਾਲਤ ਉਹਦੀ ਵੇਖ ਕੇ ਮੈਨੂੰ, ਜਾਪੇ ਉਹ ਮਜਬੂਰ।

ਦੇਸ਼ ਮੇਰੇ ਦੀ ਹਾਲਤ ਲੱਗਦੀ, ਕਿੰਨੀ ਹੋਈ ਕਰੂਰ।
ਕਿਰਤੀ ਬੰਦੇ ਦੀਆਂ ਅੱਖਾਂ 'ਚੋਂ, ਗੁੰਮ ਹੋ ਗਿਆ ਨੂਰ।

ਵੇਖ ਕੇ ਕਿਰਤੀ ਦੀ ਮਜਬੂਰੀ, ਸਕਦਾਂ ਕੇਵਲ ਝੂਰ।
ਦੂਜੇ ਪਾਸੇ ਦੇਸ਼ ਦਾ ਨੇਤਾ, ਡੁੱਬਿਆ ਵਿਚ ਸਰੂਰ।

ਕਿਹੜਾ ਏਥੇ ਲੋਕਰਾਜ ਹੈ, ਕਾਹਦਾ ਹੈ ਦਸਤੂਰ।
ਕਿਰਤੀ ਦੀ ਕੋਈ ਬਾਤ ਨਾ ਪੁੱਛੇ, ਲੋਟੂ ਹੈ ਮਸ਼ਹੂਰ।

ਭਾਈ ਲਾਲੋ ਦਾ ਯੁੱਗ ਰਿਹਾ ਨਾ, ਭਾਗੋ ਹੈ ਮਗਰੂਰ।
ਮਈ ਦਿਵਸ 'ਤੇ ਸਭ, ਕਾਮੇ ਦੀ ਕਰਦੇ ਗੱਲ ਜ਼ਰੂਰ।



-ਪ੍ਰੋ. ਨਵ ਸੰਗੀਤ ਸਿੰਘ
-ਅਕਾਲ ਯੂਨੀਵਰਸਿਟੀ,
ਤਲਵੰਡੀ ਸਾਬੋ-151302, (ਬਠਿੰਡਾ)
94176-92015
(Punjab Mail USA)

## ਬੰਦਾ ਮੈਨੂੰ ਪਸੰਦ ਨਹੀਂ

ਜੋ ਕਹਿਣਾ ਤੁਸਾਂ ਕਹਿ ਹੀ ਲੈਣਾ
ਇਸ ਨਾਲ ਕੋਈ ਫਰਕ ਨਾ ਪੈਣਾ
ਮੈਨੂੰ ਰਤਾ ਵੀ ਤੁਹਾਡੇ ਨਾਲ ਰੰਜ ਨਹੀਂ
ਫਿਰ ਵੀ ਆਖੇ ਕਿ ਬੰਦਾ ਮੈਨੂੰ ਪਸੰਦ ਨਹੀਂ

ਉਸ ਨੂੰ ਮੈਂ ਕੁਝ ਵੀ ਕਹਿ ਸਕਦਾ
ਕੋਲ ਵੀ ਉਸ ਦੇ ਮੈਂ ਬਹਿ ਸਕਦਾ
ਮੈਨੂੰ ਕਰਦਾ ਕਦੇ ਵੀ ਤੰਗ ਨਹੀਂ
ਫਿਰ ਵੀ ਆਖੇ ਕਿ ਬੰਦਾ ਮੈਨੂੰ ਪਸੰਦ ਨਹੀਂ

ਉਹ ਕਰੇ ਮੁਸ਼ੱਕਤ ਨਾ ਪਿਆ ਕੁਰਾਹੇ
ਅੰਬਰਾਂ ਨੂੰ ਟਾਕੀ ਲਾਉਣਾ ਚਾਹੇ
ਉਂਜ ਕਰਦਾ ਕਦੇ ਘਮੰਡ ਨਹੀਂ
ਫਿਰ ਵੀ ਆਖੇ ਕਿ ਬੰਦਾ ਮੈਨੂੰ ਪਸੰਦ ਨਹੀਂ

ਹਰ ਕੰਮ ਨੂੰ ਕਰੇ ਖੂਬ ਜਚਾ ਕੇ
ਜੁਗਾੜ ਦੇ ਨਾਲ ਤਕਨੀਕ ਜਿਹੀ ਲਾ ਕੇ
ਹੌਂਸਲਾ ਦਿੰਦਾ, ਕੋਈ ਔਖਾ ਕੰਮ ਨਹੀਂ
ਫਿਰ ਵੀ ਆਖੇ ਕਿ ਬੰਦਾ ਮੈਨੂੰ ਪਸੰਦ ਨਹੀਂ ?

'ਧਾਲੀਵਾਲ' ਇਹ ਦੁਨੀਆਂ ਰੰਗ-ਬਿਰੰਗੀ
ਭਾਵੇਂ ਕੁੱਝ ਮਾੜੀ, ਪਰ ਬਹੁਤੀ ਚੰਗੀ
ਸਬਰ ਤੇ ਭਾਣੇ ਵਰਗਾ ਕੋਈ ਰੰਗ ਨਹੀਂ
ਫਿਰ ਕਿਉਂ ਆਖੇ ਕਿ ਬੰਦਾ ਮੈਨੂੰ ਪਸੰਦ ਨਹੀਂ ?



-ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ
ਪੰਜਾਬ ਹਰਿਆਣਾ ਹਾਈ ਕੋਰਟ ਚੰਡੀਗੜ੍ਹ
ਮੋ 78374 90309
Adv.dhaliwal@gmail.com
(Punjab Mail USA)

## ਚੁੱਪ ਦੇ ਅਰਥ

ਚੁੱਪ ਦੇ ਪਿੱਛੇ ਡੂੰਘੇ ਅਰਥ ਸਮੋਏ ਹੁੰਦੇ ਨੇ।
ਹਾਸਿਆਂ ਪਿੱਛੇ ਕਈਆਂ ਦਰਦ ਲਕੋਏ ਹੁੰਦੇ ਨੇ।

ਵਿਚ ਬੁਢਾਪੇ ਐਵੇਂ ਨੀਂ ਕੁੱਬ ਪਿੱਠ ਨੂੰ ਪੈ ਜਾਂਦਾ,
ਵਿਚ ਜਵਾਨੀ ਭਾਰ ਉਨ੍ਹਾਂ ਨੇ ਢੋਏ ਹੁੰਦੇ ਨੇ।

ਸਫ਼ਲ ਵਿਅਕਤੀ ਸਫ਼ਲ ਸੁਖਾਲ਼ੇ ਰਹਿਕੇ ਨੀਂ ਹੁੰਦੇ,
ਉਨ੍ਹਾਂ ਦੀਆਂ ਰਾਹਵਾਂ ਦੇ ਵਿਚ ਵੀ ਟੋਏ ਹੁੰਦੇ ਨੇ।

ਪੁੱਛਕੇ ਵੇਖੋ ਦਰਦ ਉਨ੍ਹਾਂ ਨੂੰ ਕਿੰਨਾ ਹੁੰਦਾ ਏ,
ਪੁੱਤ ਜਵਾਨੀ ਵਿਚ ਜਿਨ੍ਹਾਂ ਦੇ ਮੋਏ ਹੁੰਦੇ ਨੇ।

ਉਹੀ ਜਾਨਣ ਹੁੰਦਾ ਕਿੰਨਾ ਦੁੱਖ ਵਿਛੋੜੇ ਦਾ,
ਜਿਨ੍ਹਾਂ-ਜਿਨ੍ਹਾਂ ਨੇ ਆਪਣੇ ਸੱਜਣ ਖੋਏ ਹੁੰਦੇ ਨੇ।

ਸੱਚੀ-ਸੁੱਚੀ ਸੋਚ 'ਨਾਗਰਾ' ਜਿਹੜੇ ਰੱਖਦੇ ਹਨ,
ਵਿਚ ਬੁਢਾਪੇ ਵੀ ਉਹ ਨਵੇਂ-ਨਰੋਏ ਹੁੰਦੇ ਨੇ।



-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀ',
ਯੂਬਾ ਸਿਟੀ (ਕੈਲੀਫੋਰਨੀਆ)
ਫੋਨ: +1-360-448-1989
(Punjab Mail USA)


REALTY ONE GROUP
Gurjatinder S. Randhawa
REALTOR CA DRE licence # 01490567
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।
Gurjatinder S. Randhawa
916-320-9444
Gurjatinder S. Randhawa
REALTOR CA DRE licence # 01490567
web: www.RealtorRandhawa.com
garysingh123@yahoo.com